ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 179| 11 to 17 June, 2025 | Ph.: (510) 240-5949 | Email: asrtimes@gmail.com

# ਡੋਨਾਲਡ ਟਰੰਪ ਅਤੇ ਐਲੋਨ ਮਸਕ ਵਿਚਾਲੇ ਟੁੱਟ ਗਈ ਤੜੁੱਕ ਕਰਕੇ...

## ਇੱਕ ਬਿੱਲ ਕਾਰਨ ਆਈ ਦੋ ਸ਼ਕਤੀਸ਼ਾਲੀ ਦੋਸਤਾਂ ਵਿਚਾਲੇ ਦਰਾਰ

## ਦਿਨੋਂ ਦਿਨ ਵੱਧ ਰਿਹੈ ਟਰੰਪ ਅਤੇ ਮਸਕ ਵਿਚਾਲੇ ਵਖਰੇਵਾਂ

**ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਸਿੱਧ ਕੰਪਨੀ ਟੇਸਲਾ, ਸਪੇਸਐਕਸ ਤੇ ਐਕਸ ਪਲੈਟਫਾਰਮ ਦੇ ਮਾਲਕ ਐਲੋਨ ਮਸਕ ਵਿਚਾਲੇ ਵਿਵਾਦ ਇੱਕ ਸਿਆਸੀ ਨੇਤਾ ਅਤੇ ਪੂੰਜੀਪਤੀ ਦਾ ਨਹੀਂ ਹੈ ਸਗੋਂ ਇਹ ਵਿਵਾਦ ਦੋ 'ਅਰਬਪਤੀਆਂ' ਵਿਚਾਲੇ ਹੈ। ਜਿੱਥੇ ਮਸਕ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਮੰਨੇ ਜਾਂਦੇ ਹਨ, ਉਥੇ ਟਰੰਪ ਵੀ ਅਰਬਪਤੀ ਹਨ। ਟਰੰਪ ਸਿਰਫ਼ ਇੱਕ ਸਿਆਸੀ ਨੇਤਾ ਨਾ ਹੋ ਕੇ 5 ਅਰਬ ਡਾਲਰ ਦੇ ਮਾਲਕ ਹਨ। ਟਰੰਪ ਵੱਲੋਂ ਇਹ ਕਮਾਈ ਸਰਗਰਮ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਭਵਨ ਨਿਰਮਾਣ ਦੇ ਵਪਾਰ ਵਿਚੋਂ ਕੀਤੀ ਹੋਈ ਹੈ। ਇਸ ਕਰਕੇ ਟਰੰਪ-ਮਸਕ ਵਿਵਾਦ ਅਸਲ ਮਾਇਨੇ 'ਚ ਦੋ ਵੱਡੇ 'ਪੂੰਜੀਪਤੀਆਂ' ਵਿਚਾਲੇ ਆਪਣੇ ਨਿੱਜੀ ਹਿੱਤਾਂ ਦਾ ਟਕਰਾਓ ਹੈ।**

ਵਿਸ਼ਵ ਦੀ ਮਹਾਂਸ਼ਕਤੀ ਅਮਰੀਕਾ ਦੇ ਦੋ ਸ਼ਕਤੀਸ਼ਾਲੀ ਵਿਅਕਤੀਆਂ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅਰਬਪਤੀ ਐਲੋਨ ਮਸਕ ਵਿਚਾਲੇ ਦੋਸਤੀ ਦੀਆਂ ਤੰਦਾਂ ਟੁੱਟ ਗਈਆਂ ਹੈ। ਦੋਵਾਂ ਆਗੂਆਂ ਵਿਚਾਲੇ ਜਦੋਂ ਦੋਸਤੀ ਹੋਈ ਸੀ ਤਾਂ ਉਦੋਂ ਏਨੀ ਚਰਚਾ ਨਹੀਂ ਸੀ ਹੋਈ, ਜਿੰਨੀ ਕਿ ਹੁਣ ਦੋਵਾਂ ਸ਼ਕਤੀਸ਼ਾਲੀ ਆਗੂਆਂ ਦੀ ਦੋਸਤੀ ਟੁੱਟਣ 'ਤੇ ਹੋ ਰਹੀ ਹੈ। ਕੱਲ੍ਹ ਦੇ ਦੋਸਤ ਹੁਣ ਇੱਕ ਦੂਜੇ ਦੇ ਸਾਹਮਣੇ ਦੁਸ਼ਮਣਾਂ ਵਾਂਗ ਖੜੇ ਹੋ ਗਏ ਹਨ। ਐਲੋਨ ਮਸਕ ਅਮਰੀਕਾ ਦੇ 'ਸਰਕਾਰੀ ਕੁਸ਼ਲਤਾ ਵਿਭਾਗ' ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਨੂੰ ਟਰੰਪ ਵੱਲੋਂ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ। ਇਸ ਦਾ ਉਦੇਸ਼ ਸਰਕਾਰੀ ਖ਼ਰਚਿਆਂ ਨੂੰ ਘਟਾ ਕੇ ਅਮਰੀਕਾ ਵਿੱਚ ਪ੍ਰਣਾਲੀ ਨੂੰ ਬਿਹਤਰ ਬਣਾਉਣਾ ਸੀ। ਹੁਣ ਮਸਕ ਵੱਲੋਂ ਇਹ ਅਹੁਦਾ ਛੱਡ ਦਿੱਤਾ ਗਿਆ ਹੈ। ਮਸਕ ਵੱਲੋਂ ਆਪਣਾ ਅਹੁਦਾ ਛੱਡਣ ਤੋਂ ਬਾਅਦ ਭਾਵੇਂ ਰਾਸ਼ਟਰਪਤੀ ਟਰੰਪ ਨੇ ਕੁਝ ਸਮਾਂ ਚੁੱਪੀ ਵੀ ਧਾਰੀ ਰੱਖੀ ਪਰ ਬਾਅਦ ਵਿੱਚ ਉਹਨਾਂ ਮਸਕ ਨੂੰ ਪਾਗਲ ਤੱਕ ਕਹਿ ਦਿੱਤਾ। ਦੂਜੇ ਪਾਸੇ ਮਸਕ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਦੀ ਸਹਾਇਤਾ ਤੋਂ ਬਿਨਾਂ ਟਰੰਪ ਦਾ ਰਾਸ਼ਟਰਪਤੀ ਚੋਣ ਜਿੱਤਣਾ ਮੁਸ਼ਕਿਲ ਸੀ। ਮਸਕ ਵੱਲੋਂ ਇਹ ਵੀ ਦਾਅਵਾ ਕੀਤਾ ਗਿਆ ਕਿ ਰਾਸ਼ਟਰਪਤੀ ਚੋਣਾਂ ਵੇਲੇ ਉਸ ਵੱਲੋਂ ਟਰੰਪ ਦੇ ਚੋਣ ਪ੍ਰਚਾਰ ਵਿੱਚ 2 ਹਜ਼ਾਰ 138 ਕਰੋੜ ਰੁਪਏ ਖਰਚ ਕੀਤੇ ਗਏ ਸਨ। ਦੋਵਾਂ ਆਗੂਆਂ ਵਿਚਾਲੇ ਤੋੜ ਵਿਛੋੜਾ ਹੋਣ ਦੇ ਭਾਵੇਂ ਕਈ ਕਾਰਨ ਦੱਸੇ ਜਾ ਰਹੇ ਹਨ ਪਰ ਅਜੇ ਵੀ ਆਮ ਲੋਕਾਂ ਵਿੱਚ ਇਸ ਦੋਸਤੀ ਦੇ ਟੁੱਟਣ ਦੇ ਅਸਲੀ ਕਾਰਨਾਂ ਨੂੰ ਜਾਨਣ ਦੀ ਜਗਿਆਸਾ ਪਾਈ ਜਾ ਰਹੀ ਹੈ।

ਟਰੰਪ ਅਤੇ ਮਸਕ ਦੀ ਦੋਸਤੀ ਦੀ ਤੰਦ 2024 ਵਿੱਚ ਜੁੜੀ ਸੀ, ਜਦੋਂ ਪੈਨਸਿਲਵੇਨੀਆ ਵਿੱਚ ਟਰੰਪ 'ਤੇ ਹਮਲੇ ਦੀ ਘਟਨਾ ਵਾਪਰੀ ਸੀ। ਉਸ ਸਮੇਂ ਮਸਕ ਨੇ ਤੁਰੰਤ ਐਕਸ 'ਤੇ ਟਰੰਪ ਦਾ ਸਮਰਥਨ ਕੀਤਾ ਸੀ। ਉਸਨੇ ਲਿਖਿਆ, "ਮੈਂ ਰਾਸ਼ਟਰਪਤੀ ਟਰੰਪ ਦਾ ਪੂਰਾ ਸਮਰਥਨ ਕਰਦਾ ਹਾਂ"। ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਦੌਰਾਨ ਅਰਬਪਤੀ ਮਸਕ ਨੇ ਟਰੰਪ ਲਈ ਪ੍ਰਚਾਰ ਕੀਤਾ ਅਤੇ 'ਮੇਕ ਅਮਰੀਕਾ ਗ੍ਰੇਟ ਅਗੇਨ' ਦਾ ਨਾਅਰਾ ਲਗਾਇਆ। ਜਿੱਤ ਤੋਂ ਬਾਅਦ, ਟਰੰਪ ਨੇ ਮਸਕ ਨੂੰ 'ਵਿਸ਼ੇਸ਼ ਸਰਕਾਰੀ ਕਰਮਚਾਰੀ' ਵੀ ਬਣਾਇਆ ਅਤੇ ਉਸ ਨੂੰ ਸਰਕਾਰੀ ਕੁਸ਼ਲਤਾ ਵਿਭਾਗ (ਡੀ.ਓ.ਜੀ.ਈ.) ਦੀ ਜ਼ਿੰਮੇਵਾਰੀ ਸੌਂਪੀ। ਕਿਹਾ ਜਾ ਰਿਹਾ ਹੈ ਕਿ ਟਰੰਪ ਅਤੇ ਮਸਕ ਵਿਚਾਲੇ ਦੋਸਤੀ ਟੁੱਟਣ ਦਾ ਮੁੱਖ ਕਾਰਨ 'ਟੈਕਸ ਨੀਤੀ ਬਿੱਲ' ਹੈ। ਇਹ ਬਿੱਲ ਇਲੈਕਟ੍ਰਿਕ ਵਾਹਨਾਂ (ਈ.ਵੀ.) 'ਤੇ ਟੈਕਸ ਛੋਟ ਨੂੰ ਖਤਮ ਕਰਨ ਦਾ ਪ੍ਰਸਤਾਵ ਰੱਖਦਾ ਹੈ।

(ਬਾਕੀ ਸਫ਼ਾ 30 'ਤੇ)




### ਟਰੰਪ ਅਤੇ ਮਸਕ ਵਿਚਾਲੇ ਹੋ ਸਕਦਾ ਹੈ ਰਾਜ਼ੀਨਾਮਾ

ਅਮਰੀਕੀ ਰਾਸ਼ਅਰਪਤੀ ਡੋਨਾਲਡ ਟਰੰਪ ਅਤੇ ਅਰਬਪਤੀ ਐਲੋਨ ਮਸਕ ਵਿੱਚ ਰਾਜ਼ੀਨਾਮਾ ਕਰਾਉਣ ਲਈ ਉੱਪ-ਪ੍ਰਧਾਨ ਤੇ ਸੈਕਟਰੀ ਆਫ ਸਟੇਟ ਨੇ ਐਲਨ ਮਸਕ ਨਾਲ ਗੱਲਬਾਤ ਕੀਤੀ ਹੈ। ਗੱਲਬਾਤ ਤੋਂ ਬਾਅਦ ਐਲੋਨ ਨੇ ਐਪਸਟੀਨ ਬਾਬਤ ਪਾਈ ਪੋਸਟ ਡਿਲੀਟ ਕਰ ਦਿੱਤੀ ਅਤੇ ਕਿਹਾ ਕਿ ਮੈਂ ਟਰੰਪ ਬਾਰੇ ਕੁੱਝ ਜ਼ਿਆਦਾ ਹੀ ਬੋਲ ਗਿਆ। ਟਰੰਪ ਨੇ ਵੀ ਅੱਜ ਸਵੇਰੇ ਕਿਹਾ ਕਿ ਉਸਦਾ ਐਲੋਨ ਨਾਲ ਰਾਜ਼ੀਨਾਮਾ ਹੋਣਾ ਸੰਭਵ ਹੈ, ਅਜਿਹਾ ਕਦੇ ਕਦੇ ਨੇੜਲੇ ਰਿਸ਼ਤਿਆਂ ਵਿੱਚ ਹੋ ਜਾਂਦਾ ਹੈ।

### ਅਮਰੀਕਾ ਦੀ ਸਿਆਸੀ ਧਰਤੀ 'ਤੇ ਆਇਆ ਭੂਚਾਲ

ਅਮਰੀਕੀ ਸਿਆਸਤ ਦੇ ਰੰਗਮੰਚ 'ਤੇ ਇਸ ਸਮੇਂ ਇੱਕ ਅਜਿਹਾ ਨਾਟਕ ਚੱਲ ਰਿਹਾ ਹੈ, ਜਿਸ ਨੇ ਨਾ ਸਿਰਫ਼ ਵਾਸ਼ਿੰਗਟਨ ਦੀਆਂ ਗਲੀਆਂ ਵਿੱਚ ਹਲਚਲ ਮਚਾਈ, ਸਗੋਂ ਸਾਰੀ ਦੁਨੀਆਂ ਦੀਆਂ ਨਜ਼ਰਾਂ ਆਪਣੇ ਵੱਲ ਖਿੱਚ ਲਈਆਂ। ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਜਿਨ੍ਹਾਂ ਦੀ ਸਿਆਸਤ ਨੇ ਹਮੇਸ਼ਾ ਸੁਰਖੀਆਂ ਬਟੋਰੀਆਂ ਹਨ, ਤੇ ਦੂਜੇ ਪਾਸੇ ਅਰਬਪਤੀ ਕਾਰੋਬਾਰੀ ਐਲਨ ਮਸਕ, ਜਿਸ ਦੀ ਟੇਸਲਾ, ਸਪੇਸਐਕਸ ਤੇ ਐਕਸ ਪਲੈਟਫਾਰਮ ਨੇ ਅਮਰੀਕੀ ਅਰਥਚਾਰੇ ਤੇ ਸਿਆਸਤ ਵਿੱਚ ਨਵੀਆਂ ਲੀਹਾਂ ਪਾਈਆਂ। ਕਦੇ ਇਹ ਦੋਵੇਂ ਇੱਕ-ਦੂਜੇ ਦੇ ਮੋਢੇ ਨਾਲ



ਮੋਢਾ ਜੋੜ ਕੇ ਚੱਲਦੇ ਸਨ, ਪਰ ਅੱਜ ਸੋਸ਼ਲ ਮੀਡੀਆ 'ਤੇ ਇਨ੍ਹਾਂ ਦੀ 'ਤੂੰ-ਤੂੰ, ਮੈਂ-ਮੈਂ' ਨੇ ਅਮਰੀਕਾ ਦੀ ਸਿਆਸੀ ਧਰਤੀ ਵਿੱਚ ਭੂਚਾਲ ਲਿਆ ਦਿੱਤਾ। ਇਹ ਜੰਗ ਸਿਰਫ਼ ਦੋ ਸ਼ਖਸੀਅਤਾਂ ਦੀ

(ਬਾਕੀ ਸਫ਼ਾ 30 'ਤੇ)

# ਸੈਨ ਫ਼ਰਾਂਸਿਸਕੋ ਨਗਰ ਕੀਰਤਨ ਵਿੱਚ ਸੰਗਤਾਂ ਦਾ ਆਇਆ ਸੈਲਾਬ

## ਵੱਖ-ਵੱਖ ਬੁਲਾਰਿਆਂ ਨੇ ਸਿੱਖਾਂ ਦੀ ਅਜ਼ਾਦੀ ਅਤੇ ਭਵਿੱਖ ਵਿੱਚ ਸਿੱਖ ਕੀ ਕਰਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ

## 7000 ਤੋਂ ਵੱਧ ਸੰਗਤਾਂ ਨੇ ਸ਼ਾਮਲ ਹੋ ਕੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

## ਪਿਛਲੇ 11 ਸਾਲਾਂ ਤੋਂ, ਹਜ਼ਾਰਾਂ ਸਿੱਖ ਇਸ ਵਿੱਚ ਹਿੱਸਾ ਲੈ ਕੇ ਸ਼ਹੀਦਾਂ ਨੂੰ ਕਰਦੇ ਹਨ ਯਾਦ

ਕੈਲੀਫ਼ੋਰਨੀਆ ਦੇ ਸਿੱਖਾਂ ਵੱਲੋਂ ਭਾਰਤ ਸਰਕਾਰ ਵੱਲੋਂ 1984 ਵਿੱਚ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਯਾਦ ਵਿੱਚ ਮਹਾਨ ਨਗਰ ਕੀਰਤਨ ਅਤੇ ਅਜ਼ਾਦੀ ਮਾਰਚ ਆਯੋਜਿਤ ਗਿਆ, ਜਿਸ ਵਿੱਚ 7000 ਤੋ ਉੱਪਰ ਸੰਗਤਾਂ ਨੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਪਿਛਲੇ 11 ਸਾਲਾਂ ਤੋਂ, ਹਜ਼ਾਰਾਂ ਸਿੱਖ ਇਸ ਮਾਰਚ ਵਿੱਚ ਹਿੱਸਾ ਲੈ ਕੇ ਆਪਣੇ ਸ਼ਹੀਦਾਂ ਨੂੰ ਯਾਦ ਕਰਦੇ ਹਨ। ਇਸ ਸਮਾਗਮ ਵਿੱਚ ਕੈਲੀਫ਼ੋਰਨੀਆ ਦੇ ਗੁਰਦੁਆਰਾ ਸਾਹਿਬ ਅਤੇ ਪੰਥਕ ਜਥੇਬੰਦੀਆਂ ਨੇ ਸਿਰ ਜੋੜ ਕੇ ਇਸ ਨੂੰ ਕਾਮਯਾਬ ਕੀਤਾ ਹੈ। ਪੰਜਾਬੀ ਰੇਡੀਓ ਯੂ. ਐਸ. ਏ. ਨੇ ਇਸ ਸਮਾਗਮ ਨੂੰ




ਕਾਮਯਾਬ ਕਰਨ ਲਈ ਅਹਿਮ ਭੂਮਿਕਾ ਨਿਭਾਈ। ਇਹਨਾਂ ਤੋਂ ਇਲਾਵਾ ਅਨੇਕਾਂ ਹੀ ਸੋਸ਼ਲ ਮੀਡੀਆ ਪ੍ਰਭਾਵਿਤ ਕਰਨ ਵਾਲੇ ਸੇਵਕਾਂ ਨੇ ਵੀ ਬਹੁਤ ਵਧੀਆ ਕੰਮ ਕਰ ਕੇ ਸੰਗਤ ਨਾਲ ਲਗਾਤਾਰ ਰਾਬਤਾ ਬਣਾ ਕੇ ਉਤਸ਼ਾਹਿਤ ਕੀਤਾ।

ਇਸ ਨਗਰ ਕੀਰਤਨ ਦੀ ਸ਼ੁਰੂਆਤ ਦੂਜੀ ਸਟਰੀਟ ਤੋਂ ਹੋਈ ਤੇ ਸਿਵਿਕ ਸੈਂਟਰ ਪਲਾਜ਼ਾ 'ਤੇ ਇਹ ਨਗਰ ਕੀਰਤਨ ਸੰਪੂਰਨ ਹੋਇਆ। ਸਿਵਿਕ ਸੈਂਟਰ ਪਲਾਜ਼ਾ ਵਿੱਚ ਪੰਥਕ ਬੁਲਾਰਿਆਂ ਨੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਡਾਕਟਰ ਇਕਤਦਾਰ ਚੀਮਾ ਨੇ ਆਪਣੀ ਪ੍ਰਭਾਵਸ਼ਾਲੀ ਤਕਰੀਰ ਵਿੱਚ ਮੀਰੀ-ਪੀਰੀ ਦੇ ਸਦਰੰਭ ਵਿੱਚ ਅੱਜ ਦੀ ਦੁਨੀਆ ਦੀ ਰਾਜਨੀਤੀ ਦਾ ਮੁਲਾਂਕਣ ਕਰਦੇ ਹੋਏ ਸਿੱਖਾਂ ਦੀ ਅਜ਼ਾਦੀ ਦੀ ਗੱਲ ਦੱਸੀ ਅਤੇ ਭਵਿੱਖ ਵਿੱਚ ਸਿੱਖ ਕੀ ਕਰਨ ? ਉਸ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਡਾਕਟਰ ਅਮਰਜੀਤ ਸਿੰਘ ਨੇ ਜੋਸ਼ ਭਰੀ ਤਕਰੀਰ ਰਾਹੀਂ ਸ਼ਹੀਦਾਂ ਦੀ ਦੇਣ ਦਾ ਜ਼ਿਕਰ ਕੀਤਾ ਅਤੇ ਖ਼ਾਲਿਸਤਾਨ ਦੀ ਲੋੜ ਤੇ ਤੱਥਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਨੌਜਵਾਨਾਂ ਵੱਲੋਂ ਬੀਬੀ ਹਰਮਨ ਕੌਰ ਨੇ ਵਿਦੇਸ਼ ਵਿੱਚ ਵੱਸਦੇ ਸਿੱਖਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਗੱਲ ਕੀਤੀ। ਇੰਗਲੈਂਡ ਤੋਂ ਆਏ ਭਾਈ ਹਰਵਿੰਦਰ ਸਿੰਘ ਨੇ ਦਰਬਾਰ ਸਾਹਿਬ ਦੇ ਹਮਲੇ ਨਾਲ ਸਬੰਧਿਤ ਕੁੱਝ ਉਦਾਹਰਣਾਂ ਦੇ ਕੇ ਇਸ ਖ਼ਤਰੇ ਨੂੰ ਸਮਝਣ ਬਾਰੇ ਵਿਚਾਰ ਪੇਸ਼ ਕੀਤੇ।

(ਬਾਕੀ ਸਫ਼ਾ 2 'ਤੇ)































































**ਪਹਿਲੇ ਸਫ਼ੇ ਦੀ ਬਾਕੀ**

# ਸੈਨ ਫ਼ਰਾਂਸਿਸਕੋ ਨਗਰ ਕੀਰਤਨ ਵਿੱਚ ਸੰਗਤਾਂ ਦਾ ਆਇਆ ਸੈਲਾਬ

ਭਾਈ ਸੁਰਿੰਦਰ ਸਿੰਘ ਪੱਤਰਕਾਰ ਨੇ ਖ਼ਾਲਿਸਤਾਨ ਦੀ ਕਾਇਮੀ ਦੀ ਸੰਭਾਵਨਾ ’ਤੇ ਪਹਿਰਾ ਦੇਣ ਨੂੰ ਕਿਹਾ। ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਸਮੂਹ ਗੁਰਦੁਆਰਾ ਸਾਹਿਬ ਅਤੇ ਸਿੱਖ ਸੰਸਥਾਵਾਂ ਦਾ ਧੰਨਵਾਦ ਕਰਦੇ ਹੋਏ ਗੁਰਦੁਆਰਾ ਸਾਹਿਬ ਫ਼ਰੀਮਾਂਟ ਵੱਲੋਂ ਕੀਤੇ ਯਤਨ ਦੀ ਸ਼ਲਾਘਾ ਕੀਤੀ। ਸਾਰਾ ਪ੍ਰੋਗਰਾਮ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਇਆ ਗਿਆ ਤੇ ਪ੍ਰਬੰਧ ਵਿੱਚ ਕੋਈ ਊਣਤਾਈ ਨਜ਼ਰ ਨਹੀਂ ਆਈ।

ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਸ਼ਹੀਦਾਂ ਦੀ ਯਾਦ ਨੂੰ ਮਨਾਉਣ ਵਾਲੇ ਇਸ ਪ੍ਰੋਗਰਾਮ ਵਿੱਚ ਹਿੱਸਾ ਪਾਉਣ ਵਾਲੇ ਉਹਨਾਂ ਸਾਰੇ ਭੈਣਾਂ-ਵੀਰਾਂ ਦਾ ਧੰਨਵਾਦ ਕੀਤਾ ਜਿਨ ਾਂ ਨੇ ਇਸ ਵਿੱਚ ਤਨਦੇਹੀ ਨਾਲ ਮਿਹਨਤ ਕਰਕੇ ਇਸ ਨੂੰ ਕਾਮਯਾਬ ਕੀਤਾ, ਖਾਸ ਕਰ ਲੰਗਰ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ। ਭਾਈ ਸੰਦੀਪ ਸਿੰਘ ਜੰਟੀ ਅਤੇ ਟੀਮ ਵੱਲੋਂ ਫ਼ਲੋਟ ਬਹੁਤ ਹੀ ਸੁੰਦਰ ਬਣਾਏ ਗਏ, ਫ਼ਰੀਮਾਂਟ ਖ਼ਾਲਸਾ ਸਕੂਲ ਦੇ ਬੱਚਿਆਂ ਵੱਲੋਂ ਬਹੁਤ ਨਿਵੇਕਲਾ ਫ਼ਲੋਟ ਤਿਆਰ ਕੀਤਾ ਗਿਆ। ਭਾਈ ਗੁਰਜੀਤ ਸਿੰਘ ਵੱਲੋਂ ਬਣਾਈ ਪ੍ਰਦਰਸ਼ਨੀ ਦੀ ਸ਼ਲਾਘਾ ਕੀਤੀ ਗਈ। ਉਹਨਾਂ ਨੇ ਕਿਹਾ ਕਿ ਪੰਜਾਬੀ ਰੇਡੀਓ ਯੂ. ਐਸ. ਏ. ਅਤੇ ਸੋਸ਼ਲ ਮੀਡੀਆ ’ਤੇ ਕੰਪੇਨ ਚਲਾਉਣ ਵਾਲੇ ਉਹਨਾਂ ਸਾਰਿਆਂ ਦਾ ਧੰਨਵਾਦ, ਜਿਹਨਾਂ ਨੇ ਰੋਜ਼ਾਨਾ ਇਸ ਨੂੰ ਸੰਗਤ ਵਿੱਚ ਪ੍ਰਚਾਰਿਆ ਅਤੇ ਸੰਗਤ ਨੂੰ ਸ਼ਾਮਿਲ ਹੋਣ ਲਈ ਬੇਨਤੀਆਂ ਕੀਤੀਆਂ। ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਨੇ ਸੰਗਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਨਗਰ ਕੀਰਤਨ ਅਤੇ ਅਜ਼ਾਦੀ ਮਾਰਚ ਹਰ ਸਾਲ ਕਰਨੇ ਬਹੁਤ ਜ਼ਰੂਰੀ ਹਨ ਕਿਉਂਕਿ ਸ੍ਰੀ ਦਰਬਾਰ ਸਾਹਿਬ ’ਤੇ ਹਮਲਾ ਨਾ-ਭੁਲਣਯੋਗ ਹੈ ਤੇ ਨਾ-ਬਖਸ਼ਣਯੋਗ।

# ਸ਼੍ਰੋਮਣੀ ਅਕਾਲੀ ਦਲ 'ਚ 'ਏਕਤਾ' ਦੀ ਕਵਾਇਦ

## ਕੀ ਅਕਾਲੀ ਦਲ ਮੁੜ ਬਣ ਸਕੇਗਾ ਸ਼ਕਤੀਸ਼ਾਲੀ ਸਿਆਸੀ ਪਾਰਟੀ ?

## ਪੰਜਾਬ ਦੀ ਸਭ ਤੋਂ ਚਰਚਿਤ ਪਾਰਟੀ ਬਣਿਆ ਅਕਾਲੀ ਦਲ

## ਸੁਖਦੇਵ ਸਿੰਘ ਢੀਂਡਸਾ ਦੇ ਸ਼ਰਧਾਂਜਲੀ ਸਮਾਗਮ ਮੌਕੇ ਵੀ ਤੁਰੀ 'ਅਕਾਲੀ ਏਕਤਾ' ਦੀ ਗੱਲ

**ਸ਼੍ਰੋਮਣੀ ਅਕਾਲੀ ਦਲ ਨੂੰ ਇਹ ਮਾਣ ਪ੍ਰਾਪਤ ਹੈ ਕਿ ਪੰਜਾਬ ਵਿੱਚ ਇਹ ਲੰਬਾ ਸਮਾਂ ਸਿੱਖਾਂ ਦੀ ਮੁੱਖ ਪੰਥਕ ਧਿਰ ਹੋਣ ਦੀ ਭੂਮਿਕਾ ਨਿਭਾਉਂਦਾ ਆਇਆ ਹੈ, ਪਰ ਜਦੋਂ ਤੋਂ ਇਸ ਪਾਰਟੀ ਨੇ ਆਪਣਾ ਮੁਹਾਂਦਰਾ 'ਪੰਥਕ' ਦੀ ਥਾਂ 'ਪੰਜਾਬੀ' ਕੀਤਾ, ਤਾਂ ਇਸ ਪਾਰਟੀ ਤੋਂ ਟਕਸਾਲੀ ਆਗੂ ਤੇ ਵਰਕਰ ਦੂਰ ਹੁੰਦੇ ਚਲੇ ਗਏ। ਟਕਸਾਲੀ ਆਗੂਆਂ, ਵਰਕਰਾਂ ਅਤੇ ਪੱਕੀਆਂ ਪੰਥਕ ਵੋਟਾਂ ਦੇ ਨਾਰਾਜ਼ ਹੋਣ ਕਾਰਨ ਅਕਾਲੀ ਦਲ ਨੂੰ ਇਸ ਸਮੇਂ ਸੱਤਾ ਤੋਂ ਦੂਰ ਹੋਣ ਦਾ ਦਰਦ ਹੰਡਾਉਣਾ ਪੈ ਰਿਹਾ ਹੈ। ਹੁਣ ਅਕਾਲੀ ਦਲ ਨੇ ਮੁੜ ਸਿੱਖਾਂ ਦੀ ਮੁੱਖ ਪੰਥਕ ਧਿਰ ਬਣਨ ਲਈ ਸਰਗਰਮੀਆਂ ਸ਼ੁਰੂ ਕੀਤੀਆਂ ਹਨ, ਪਰ ਇਹ ਯਤਨ ਕਿੰਨੇ ਕੁ ਸਫ਼ਲ ਹੁੰਦੇ ਹਨ ?, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।**



**ਜਗਮੋਹਨ ਸਿੰਘ ਲੱਕੀ**

ਪੰਜਾਬ ਦੀ ਸਿਆਸਤ ਦੀ ਜਦੋਂ ਵੀ ਗੱਲ ਤੁਰਦੀ ਹੈ ਤਾਂ ਇਹ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਕਰ ਤੋਂ ਬਿਨਾਂ ਅਧੂਰੀ ਸਮਝੀ ਜਾਂਦੀ ਹੈ। ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ 'ਫ਼ੁੱਟ ਅਤੇ ਏਕਤਾ' ਦਾ ਮੁੱਦਾ ਛਾਇਆ ਹੋਇਆ ਹੈ। ਪੰਜਾਬ ਵਿੱਚ ਅਕਾਲੀ ਦਲ ਸੱਤਾ ਤੋਂ ਦੂਰ ਹੋਣ ਦੇ ਬਾਵਜੂਦ ਸਭ ਤੋਂ ਵੱਧ ਚਰਚਿਤ ਪਾਰਟੀ ਬਣਿਆ ਹੋਇਆ ਹੈ। ਹਰ ਦਿਨ ਹੀ ਅਕਾਲੀ ਦਲ ਸਬੰਧੀ ਨਵੀਆਂ ਕਿਆਸ ਅਰਾਈਆਂ ਸਾਹਮਣੇ ਆ ਰਹੀਆਂ ਹਨ। ਅਕਾਲੀ ਦਲ ਦੇ ਸਮਰਥਕਾਂ ਨੂੰ ਅਜੇ ਵੀ ਆਸ ਹੈ ਕਿ ਜਲਦੀ ਹੀ ਅਕਾਲੀ ਦਲ ਮੰਝਧਾਰ ਵਿਚੋਂ ਨਿਕਲ ਜਾਵੇਗਾ ਅਤੇ ਅਕਾਲੀ ਦਲ ਪਹਿਲਾਂ ਵਾਂਗ ਪੰਜਾਬ ਵਿੱਚ ਮਜ਼ਬੂਤ ਸਿਆਸੀ ਪਾਰਟੀ ਬਣ ਜਾਵੇਗਾ, ਜਿਸ ਦੀ ਅਜੇ ਆਸ ਘੱਟ ਹੀ ਜਾਪਦੀ ਹੈ।

ਲੰਘੇ ਦਿਨੀਂ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਸ਼ਰਧਾਂਜਲੀ ਸਮਾਗਮ ਮੌਕੇ ਵੱਖ-ਵੱਖ ਧੜਿਆਂ ਦੇ ਅਕਾਲੀ ਆਗੂ ਇਕੱਠੇ ਤਾਂ ਹੋਏ ਪਰ ਉਹਨਾਂ ਦੀਆਂ ਆਪਸ ਵਿੱਚ ਨਾ ਤਾਂ ਨਜ਼ਰਾਂ ਮਿਲੀਆਂ ਤੇ ਨਾ ਹੀ ਵਿਚਾਰਾਂ ਦੀ ਸਾਂਝ ਪਈ। ਹਾਂ ! ਏਨਾ ਜ਼ਰੂਰ ਹੋਇਆ ਕਿ ਇਸ ਸਮਾਗਮ ਮੌਕੇ ਸੰਬੋਧਨ ਕਰਦਿਆਂ ਵੱਖ- ਵੱਖ ਆਗੂਆਂ ਨੇ ਪੰਥਕ ਏਕਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦਾ ਬਿਆਨ ਸਭ ਦਾ ਧਿਆਨ ਖਿੱਚ ਗਿਆ। ਉਹਨਾਂ ਨੇ ਅਕਾਲੀ ਲੀਡਰਸ਼ਿਪ ਨੂੰ ਨਸੀਹਤ ਦਿੰਦਿਆਂ ਕਿਹਾ ਕਿ "ਆਪਣੀ ਵਿਰਾਸਤ ਨੂੰ ਸੰਭਾਲ ਲਓ। ਕਿਤੇ ਇਹ ਨਾ ਹੋਵੇ ਕੋਈ ਹੋਰ ਹੀ ਵਿਰਾਸਤ ਦਾ ਇੰਤਕਾਲ ਆਪਣੇ ਨਾਮ ਦਰਜ ਕਰਵਾ ਲਏ।" ਉਹਨਾਂ ਇਹ ਵੀ ਕਿਹਾ ਕਿ ਮਜ਼ਬੂਤ ਪੰਥਕ ਪਾਰਟੀ ਦੀ ਲੋੜ ਸਿਰਫ਼ ਪੰਜਾਬ ਨੂੰ ਹੀ ਨਹੀਂ ਸਗੋਂ ਦੇਸ਼ ਨੂੰ ਵੀ ਹੈ।

ਸ਼੍ਰੋਮਣੀ ਅਕਾਲੀ ਦਲ ਅਸਲ ਵਿੱਚ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਹੈ ਅਤੇ ਇੱਕ ਰਾਜ ਲਈ ਖੇਤਰੀ ਪਾਰਟੀਆਂ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਹ ਖੇਤਰੀ ਪਾਰਟੀਆਂ ਹੀ ਹੁੰਦੀਆਂ ਹਨ, ਜੋ ਕਿ ਰਾਜ ਦੇ ਮੁੱਖ ਮੁੱਦਿਆਂ ਨੂੰ ਹਲ਼ ਕਰਨ ਲਈ ਯਤਨ ਕਰਦੀਆਂ ਹਨ ਅਤੇ ਸਿਰਫ਼ ਆਪਣੇ ਰਾਜ ਦੇ ਲੋਕਾਂ ਬਾਰੇ ਹੀ ਸੋਚਦੀਆਂ ਹਨ ਜਦੋਂ ਕਿ ਨੈਸ਼ਨਲ ਪਾਰਟੀਆਂ ਸਿਰਫ਼ ਇੱਕ ਰਾਜ ਤੱਕ ਸੀਮਿਤ ਨਹੀਂ ਹੁੰਦੀਆਂ ਬਲਕਿ ਉਹ ਸਾਰੇ ਰਾਜਾਂ ਨਾਲ ਸਬੰਧਿਤ ਹੁੰਦੀਆਂ ਹਨ, ਇਸ ਕਾਰਨ ਹੀ ਉਹ ਇੱਕ ਰਾਜ ਦੇ ਹੱਕ ਵਿੱਚ ਡੱਟ ਕੇ ਸਟੈਂਡ ਲੈਣ ਤੋਂ ਸੰਕੋਚ ਕਰਦੀਆਂ ਹਨ। ਇਤਿਹਾਸ ਗਵਾਹ ਹੈ ਕਿ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਮੁੱਖ ਮੁੱਦਿਆਂ ਲਈ ਡਟ ਕੇ ਸਟੈਂਡ ਲੈਂਦਾ ਆਇਆ ਹੈ ਭਾਵੇਂ ਕਿ ਇਸ ਸਮੇਂ ਇਹ ਪਾਰਟੀ ਹਾਸ਼ੀਏ 'ਤੇ ਪਹੁੰਚ ਗਈ ਹੈ ਪਰ ਇਸ ਦੇ ਸਮਰਥਕਾਂ ਨੂੰ ਇਸ ਪਾਰਟੀ ਤੋਂ ਅਜੇ ਵੀ ਬਹੁਤ ਉਮੀਦਾਂ ਹਨ।

ਅਕਾਲੀ ਦਲ ਬਾਦਲ ਨੇ ਲੰਬਾ ਸਮਾਂ ਸੱਤਾ ਦਾ ਸੁੱਖ ਮਾਣਿਆ ਹੈ। ਇਸ ਕਰਕੇ ਹੀ ਇਹ ਪਾਰਟੀ ਸੰਘਰਸ਼ਾਂ ਤੇ ਮੋਰਚਿਆਂ ਦਾ ਰਾਹ ਛੱਡ ਕੇ ਸੱਤਾ ਦੇ ਮਗਰ ਪੈ ਗਈ। ਉਂਝ ਵੀ ਸੱਤਾ ਦਾ ਸੁੱਖ ਹਰ ਪਾਰਟੀ ਨੂੰ ਚੰਗਾ ਲੱਗਦਾ ਹੈ। ਪੰਜਾਬ ਦੀ ਸੱਤਾ ਦੀ ਪ੍ਰਾਪਤੀ ਲਈ ਅਕਾਲੀ ਦਲ ਦੇ ਆਗੂਆਂ ਨੇ ਇਸ ਪਾਰਟੀ ਦਾ ਪੰਥਕ ਮੁਹਾਂਦਰਾ ਹੀ ਬਦਲ ਦਿੱਤਾ ਸੀ ਅਤੇ ਇਸ ਨੂੰ ਪੰਥਕ ਪਾਰਟੀ ਦੀ ਥਾਂ ਸਾਰੇ ਪੰਜਾਬੀਆਂ ਦੀ ਪਾਰਟੀ ਬਣਾ ਦਿੱਤਾ ਸੀ। ਉਸ ਤੋਂ ਬਾਅਦ ਕਈ ਸਾਲ ਅਕਾਲੀ ਦਲ ਨੇ ਸੱਤਾ ਦਾ ਸੁੱਖ ਮਾਣਿਆ ਪਰ ਹੌਲੀ ਹੌਲੀ ਅਕਾਲੀ ਦਲ ਤੋਂ ਉਸ ਦੇ ਮੁੱਖ ਸਮਰਥਕ ਹੀ ਦੂਰ ਹੁੰਦੇ ਚਲੇ ਗਏ। ਇਥੇ ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੀਆਂ ਘਟਨਾਵਾਂ ਅਤੇ ਡੇਰਾ ਮੁਖੀ ਨੂੰ ਮਾਫ਼ੀ ਦੇਣ ਤੋਂ ਬਾਅਦ ਅਕਾਲੀ ਦਲ ਦਾ ਨਿਘਾਰ ਹੋਣਾ ਸ਼ੁਰੂ ਹੋ ਗਿਆ। ਸਾਲ 2022 ਵਿੱਚ ਸੰਗਰੂਰ ਹਲ਼ਕੇ ਦੀ ਹੋਈ ਜ਼ਿਮਨੀ ਚੋਣ ਵਿੱਚ ਖ਼ਾਲਿਸਤਾਨ ਸਮਰਥਕ ਮੰਨੇ ਜਾਂਦੇ ਸਿਮਰਨਜੀਤ ਸਿੰਘ ਮਾਨ ਚੋਣ ਜਿੱਤ ਗਏ ਸਨ। ਇਸੇ ਤਰ੍ਹਾਂ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਤੇ ਫ਼ਰੀਦਕੋਟ ਹਲ਼ਕੇ ਤੋਂ ਗਰਮ ਖ਼ਿਆਲੀ ਆਗੂ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਸੰਸਦ ਮੈਂਬਰ ਚੁਣੇ ਗਏ। ਇਸ ਕਰਕੇ ਅਕਾਲੀ ਸਿਆਸਤ ਵਿੱਚ ਗਰਮ ਦਲ਼ੀ ਆਗੂਆਂ ਦਾ ਉਭਾਰ ਹੁੰਦਾ ਗਿਆ ਅਤੇ ਨਰਮ ਦਲ਼ੀ ਅਕਾਲੀ ਆਗੂ ਆਮ ਲੋਕਾਂ ਤੋਂ ਦੂਰ ਹੁੰਦੇ ਗਏ। ਭਾਵੇਂ ਕਿ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਪੰਥਕ ਸਿਆਸਤ ਦਾ ਧੁਰਾ ਰਿਹਾ ਅਤੇ ਅਕਾਲੀ ਸਿਆਸਤ ਪੰਥ ਦੀ ਰਹਿਨੁਮਾਈ ਹੇਠ ਚਲਦੀ ਰਹੀ ਪਰ ਕਈ ਸਾਲ ਪਹਿਲ਼ਾਂ ਮੋਗਾ ਰੈਲੀ ਵਿੱਚ ਉਸ ਸਮੇਂ ਦੇ ਅਕਾਲੀ ਦਲ ਦੇ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਕਾਲੀ ਦਲ ਨੂੰ ਪੰਥਕ ਪਾਰਟੀ ਦੀ ਥਾਂ ਸਾਰੇ ਪੰਜਾਬੀਆਂ ਦੀ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ। ਉਸ ਤੋਂ ਬਾਅਦ ਅਕਾਲੀ ਦਲ ਦਾ ਮੁਹਾਂਦਰਾ ਹੀ ਬਦਲ ਗਿਆ। ਅਨੇਕਾਂ ਟਕਸਾਲੀ ਅਕਾਲੀ ਆਗੂ ਬਾਦਲ ਦਲ ਤੋਂ ਦੂਰ ਹੁੰਦੇ ਗਏ ਅਤੇ ਹਿੰਦੂ ਆਗੂਆਂ ਨੂੰ ਬਾਦਲ ਦਲ ਵਿੱਚ ਅਹਿਮ ਅਹੁਦੇ ਦਿੱਤੇ ਜਾਣ ਲੱਗੇ। ਹੁਣ ਅਕਾਲੀ ਦਲ ਬਾਦਲ ਦੀ ਹਾਲਤ ਅਜਿਹੀ ਹੋ ਗਈ ਕਿ ਇਸ ਨੂੰ ਮੁੜ ਪੰਥ ਦੀ ਸ਼ਰਨ ਵਿੱਚ ਆਉਣ ਲਈ ਮਜਬੂਰ ਹੋਣਾ ਪੈ ਗਿਆ ਕਿਉਂਕਿ ਇਸ ਲਈ ਆਪਣੀ ਹੋਂਦ ਬਚਾਉਣ ਲਈ ਹੋਰ ਕੋਈ ਰਾਹ ਹੀ ਨਹੀਂ ਸੀ ਬਚਿਆ। (ਬਾਕੀ ਸਫ਼ਾ 30 'ਤੇ)

### ਕੀ ਸੁਖਬੀਰ ਬਾਦਲ ਦਾ ਸੁਪਨਾ ਪੂਰਾ ਹੋ ਸਕੇਗਾ?



ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਾਰ ਵਾਰ ਦਾਅਵਾ ਕਰ ਰਹੇ ਹਨ ਕਿ ਅਕਾਲੀ ਦਲ 2027 ਵਿੱਚ ਮੁੜ ਸੱਤਾ ਵਿੱਚ ਆਵੇਗਾ। ਸੁਖਬੀਰ ਬਾਦਲ ਵੱਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਬਾਦਲ ਸਰਕਾਰ ਵੱਲੋਂ ਸੱਤਾ ਵਿੱਚ ਆਉਂਦਿਆਂ ਹੀ ਮੌਜੂਦਾ 'ਆਪ ਸਰਕਾਰ' ਵੱਲੋਂ 'ਲੈਂਡ ਪੂਲਿੰਗ ਸਕੀਮ' ਸਮੇਤ ਲਏ ਗਏ ਸਾਰੇ ਫ਼ੈਸਲੇ ਰੱਦ ਕਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸੁਖਬੀਰ ਬਾਦਲ ਅਕਸਰ ਕਹਿੰਦੇ ਹਨ ਕਿ ਪੰਜਾਬ ਵਿੱਚ ਅਕਾਲੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਨੂੰ ਨੰਬਰ ਇੱਕ ਦਾ ਸੂਬਾ ਬਣਾਇਆ ਜਾਵੇਗਾ ਤੇ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਸਿਰਫ਼ ਪੰਜਾਬੀਆਂ ਨੂੰ ਹੀ ਦਿੱਤੀਆਂ ਜਾਣਗੀਆਂ ਅਤੇ ਪੰਜਾਬ ਵਿੱਚ ਸਿਰਫ਼ ਪੰਜਾਬੀ ਹੀ ਜ਼ਮੀਨ ਖਰੀਦ ਸਕਣਗੇ।

ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸੁਖਬੀਰ ਬਾਦਲ ਦਾ ਇਹ ਦਾਅਵਾ, ਜਿਸ ਨੂੰ ਸੁਪਨਾ ਵੀ ਕਿਹਾ ਜਾ ਰਿਹਾ ਹੈ, ਸਾਲ 2027 ਵਿੱਚ ਪੂਰਾ ਹੋ ਸਕੇਗਾ ?

ਜਿਥੋਂ ਤੱਕ ਰਾਜਨੀਤੀ ਦਾ ਸਵਾਲ ਹੈ ਤਾਂ ਇਸ ਵਿੱਚ ਕਿਸੇ ਵੀ ਸਮੇਂ ਕੁਝ ਵੀ ਹੋ ਸਕਦਾ ਹੈ ਅਤੇ ਸਾਲ 2027 ਵਿੱਚ ਕਿਸ ਪਾਰਟੀ ਨੂੰ ਬਹੁਮਤ ਮਿਲਦਾ ਹੈ, ਇਸ ਬਾਰੇ ਅਜੇ ਕਹਿਣਾ ਮੁਸ਼ਕਿਲ ਹੈ ਕਿਉਂਕਿ ਸਾਲ 2027 ਦੀਆਂ ਚੋਣਾਂ ਹੋਣ ਵਿੱਚ ਕਾਫ਼ੀ ਸਮਾਂ ਪਿਆ ਹੈ। ਪਰ ਸੁਖਬੀਰ ਬਾਦਲ ਦੇ ਇਸ ਬਿਆਨ ਨਾਲ ਪਤਾ ਚਲ ਜਾਂਦਾ ਹੈ ਕਿ ਅਕਾਲੀ ਦਲ ਬਾਦਲ ਨੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਤਿਆਰੀ ਸ਼ੁਰੂ ਕਰ ਦਿੱਤੀ ਹੈ।

ਸੁਖਬੀਰ ਬਾਦਲ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਉਹਨਾਂ ਦਾ ਸੁਪਨਾ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਹੈ ਜੋ ਕਿ ਅਜੇ ਤੱਕ ਪੂਰਾ ਨਹੀਂ ਹੋਇਆ।

(ਬਾਕੀ ਸਫ਼ਾ 30 'ਤੇ)

# '84 ਦੇ ਸਿੱਖ ਘੱਲੂਘਾਰੇ 'ਚ ਬ੍ਰਿਟਿਸ਼ ਸਰਕਾਰ ਸੁਤੰਤਰ ਜਾਂਚ ਦੀ ਅਣਦੇਖੀ ਕਿਉਂ ਕਰ ਰਹੀ ਹੈ ?

## ਸਿੱਖ ਸੰਸਦ ਮੈਂਬਰਾਂ ਵਰਿੰਦਰ ਜੂਸ ਤੇ ਜਸ ਅਠਵਾਲ ਨੇ 'ਹਾਊਸ ਆਫ਼ ਕਾਮਨਜ਼' ਵਿੱਚ ਇਸ ਮੁੱਦੇ ਨੂੰ ਮੁੜ ਉਠਾਇਆ

1984 ਦਾ ਜੂਨ ਮਹੀਨਾ ਸਿੱਖ ਇਤਿਹਾਸ ਦਾ ਇੱਕ ਅਜਿਹਾ ਕਾਲਾ ਅਧਿਆਇ ਹੈ, ਜਿਸ ਦੀਆਂ ਯਾਦਾਂ ਅੱਜ ਵੀ ਸਿੱਖ ਭਾਈਚਾਰੇ ਦੇ ਦਿਲਾਂ ਵਿੱਚ ਜ਼ਖ਼ਮਾਂ ਵਾਂਗ ਤਾਜ਼ਾ ਹਨ। ਸ੍ਰੀ ਦਰਬਾਰ ਸਾਹਿਬ, ਸਿੱਖਾਂ ਦੇ ਪਵਿੱਤਰ ਅਸਥਾਨ, 'ਤੇ ਭਾਰਤੀ ਸੈਨਾ ਦੀ ਕਾਰਵਾਈ, ਜਿਸ ਨੂੰ ਭਾਰਤ ਸਰਕਾਰ ਨੇ 'ਅਪਰੇਸ਼ਨ ਬਲਿਊ ਸਟਾਰ' ਦਾ ਨਾਂ ਦਿੱਤਾ ਗਿਆ, ਨੇ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਲਈਆਂ ਅਤੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਸਿੱਖਾਂ ਦੇ ਖ਼ੂਨ ਨਾਲ ਰੰਗਿਆ। ਪਰ ਇਸ ਦੁਖਦਾਈ ਘਟਨਾ ਦਾ ਇੱਕ ਹੋਰ ਪਹਿਲੂ, ਜੋ ਸਾਲਾਂ ਤੋਂ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰ ਰਿਹਾ ਹੈ, ਉਹ ਹੈ ਬ੍ਰਿਟਿਸ਼ ਸਰਕਾਰ ਦੀ ਕਥਿਤ ਸ਼ਮੂਲੀਅਤ। 2014 ਵਿੱਚ ਜਾਰੀ ਹੋਏ ਬ੍ਰਿਟਿਸ਼ ਸਰਕਾਰੀ ਦਸਤਾਵੇਜ਼ਾਂ ਨੇ ਇੱਕ ਸੱਚ ਨੂੰ ਸਾਹਮਣੇ ਲਿਆਂਦਾ 'ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਨੇ ਇਸ ਸੈਨਿਕ ਕਾਰਵਾਈ ਲਈ ਭਾਰਤ ਸਰਕਾਰ ਨੂੰ ਸਲਾਹ ਅਤੇ ਸਹਾਇਤਾ ਪ੍ਰਦਾਨ ਕੀਤੀ ਸੀ।'

ਇਹ ਖੁਲਾਸਾ ਸਿੱਖ ਭਾਈਚਾਰੇ ਲਈ ਇੱਕ



ਝਟਕੇ ਵਾਂਗ ਸੀ। ਜਿਸ ਸਰਕਾਰ ਨੂੰ ਨਿਰਪੱਖਤਾ ਅਤੇ ਨਿਆਂ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਉਸ ਦੀ ਅਜਿਹੀ ਭੂਮਿਕਾ ਨੇ ਸਵਾਲ ਖੜ੍ਹੇ ਕੀਤੇ। ਕੀ ਬ੍ਰਿਟੇਨ, ਜੋ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦਾ ਚੈਂਪੀਅਨ ਕਹਿੰਦਾ ਹੈ, ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ 'ਤੇ ਹਮਲੇ ਵਿੱਚ ਹਿੱਸਾ ਲਿਆ ਸੀ ? ਅਤੇ ਜੇ ਹਾਂ, ਤਾਂ ਇਸ ਸੱਚ ਨੂੰ ਸਾਹਮਣੇ ਲਿਆਉਣ ਲਈ ਬ੍ਰਿਟਿਸ਼ ਸਰਕਾਰ ਸੁਤੰਤਰ ਜਾਂਚ ਕਿਉਂ ਨਹੀਂ ਕਰਵਾਉਂਦੀ ?

ਸਿੱਖ ਪੰਥ ਦੀ ਇਸ ਦੁਖਦਾਈ ਘਟਨਾ ਨੂੰ ਸਾਹਮਣੇ ਲਿਆਉਣ ਦੀ ਮੰਗ ਨਵੀਂ ਨਹੀਂ ਹੈ। ਬ੍ਰਿਟਿਸ਼ ਸੰਸਦ ਵਿੱਚ ਸਿੱਖ ਸੰਸਦ ਮੈਂਬਰਾਂ ਨੇ ਵਾਰ-ਵਾਰ ਇਸ ਮੁੱਦੇ ਨੂੰ ਉਠਾਇਆ ਹੈ। ਹਾਲ ਹੀ ਵਿੱਚ, 6 ਜੂਨ 2025 ਨੂੰ, ਵਰਿੰਦਰ ਜੂਸ (ਵੁਲਵਰਹੈਂਪਟਨ ਵੈਸਟ) ਅਤੇ ਜਸ ਅਠਵਾਲ (ਇਲਫੋਰਡ ਸਾਊਥ) ਨੇ 'ਹਾਊਸ ਆਫ਼ ਕਾਮਨਜ਼' ਵਿੱਚ ਇਸ ਮੁੱਦੇ ਨੂੰ ਮੁੜ ਉਠਾਇਆ ਸੀ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਨੂੰ ਸਦਨ ਦੀ ਨੇਤਾ ਲੂਸੀ ਪਾਵੇਲ ਦੇ ਸਾਹਮਣੇ ਰੱਖਿਆ ਅਤੇ ਸੁਤੰਤਰ ਜਾਂਚ ਦੀ ਮੰਗ ਕੀਤੀ ਸੀ। ਇਸ ਤੋਂ ਪਹਿਲਾਂ, ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਵੀ ਜਨਵਰੀ 2025 ਵਿੱਚ ਇਸ ਮੁੱਦੇ ਨੂੰ ਉਠਾਇਆ ਸੀ, ਜਿਸ ਦਾ ਜਵਾਬ ਦਿੰਦਿਆਂ ਪਾਵੇਲ ਨੇ ਭਰੋਸਾ ਦਿੱਤਾ ਸੀ ਕਿ ਮਾਮਲੇ ਦੀ ਤਹਿ ਤੱਕ ਜਾਇਆ ਜਾਵੇਗਾ। ਇਹ ਪਹਿਲੀ ਵਾਰ ਨਹੀਂ ਜਦੋਂ ਸਿੱਖ ਸੰਸਦ ਮੈਂਬਰਾਂ ਨੇ ਇਸ ਮੁੱਦੇ 'ਤੇ ਅਵਾਜ਼ ਉਠਾਈ ਹੋਵੇ। 2014 ਵਿੱਚ ਜਦੋਂ ਦਸਤਾਵੇਜ਼ ਜਾਰੀ ਹੋਏ, ਤਾਂ ਸਿੱਖ ਫੈਡਰੇਸ਼ਨ (ਯੂ.ਕੇ.) ਅਤੇ ਹੋਰ ਸਿੱਖ ਸੰਗਠਨਾਂ ਨੇ ਵੀ ਇਸ ਮੁੱਦੇ ਨੂੰ ਜਨਤਕ ਕੀਤਾ ਸੀ। ਸਿੱਖ ਭਾਈਚਾਰੇ ਦੀਆਂ ਸੰਸਥਾਵਾਂ, ਜਿਵੇਂ ਕਿ ਸਿੱਖ ਕੌਂਸਲ ਯੂ.ਕੇ. ਅਤੇ ਸਿੱਖ ਫੈਡਰੇਸ਼ਨ, (ਬਾਕੀ ਸਫ਼ਾ 30 'ਤੇ)

### ਅੰਗਰੇਜ਼ੀ ਅਖ਼ਬਾਰਾਂ ਵਿੱਚ ਸਿੱਖ ਘਲੂਘਾਰੇ ਦੀ ਗੂੰਜ

ਇੰਗਲੈਂਡ ਦੀਆਂ ਅੰਗਰੇਜ਼ੀ ਅਖ਼ਬਾਰਾਂ, ਜਿਵੇਂ ਕਿ 'ਦਾ ਗਾਰਡੀਅਨ', 'ਦਾ ਇਕਨਾਮਿਕ ਟਾਈਮਜ਼', ਨੇ 2014 ਵਿੱਚ ਜਦੋਂ ਬ੍ਰਿਟਿਸ਼ ਸਰਕਾਰ ਦੇ 30 ਸਾਲਾ ਗੁਪਤ ਦਸਤਾਵੇਜ਼ ਜਨਤਕ ਹੋਏ, ਤਾਂ ਇਸ ਮੁੱਦੇ ਨੂੰ ਵਿਸਥਾਰ ਨਾਲ ਉਠਾਇਆ। 'ਦਾ ਗਾਰਡੀਅਨ' ਨੇ 29 ਅਕਤੂਬਰ 2017 ਨੂੰ ਇੱਕ ਰਿਪੋਰਟ ਵਿੱਚ ਦੱਸਿਆ ਕਿ ਬ੍ਰਿਟਿਸ਼ ਸਰਕਾਰ ਨੇ ਜੂਨ 84 ਦੇ ਘੱਲੂਘਾਰੇ ਦੀ ਯੋਜਨਾਬੰਦੀ ਵਿੱਚ ਸਹਾਇਤਾ ਕੀਤੀ ਸੀ ਅਤੇ ਸਿੱਖ ਭਾਈਚਾਰੇ ਵੱਲੋਂ ਸੁਤੰਤਰ ਜਾਂਚ ਦੀ ਮੰਗ ਨੂੰ ਉਜਾਗਰ ਕੀਤਾ। 'ਦਾ ਇਕਨਾਮਿਕ ਟਾਈਮਜ਼' (13 ਜੂਨ 2018) ਨੇ ਵੀ ਇੱਕ ਬ੍ਰਿਟਿਸ਼ ਅਦਾਲਤ ਦੇ ਫੈਸਲੇ ਦਾ ਜ਼ਿਕਰ ਕੀਤਾ, ਜਿਸ ਨੇ 1983-1985 ਦੇ ਸਮੇਂ ਦੇ ਦਸਤਾਵੇਜ਼ ਜਨਤਕ ਕਰਨ ਦਾ ਹੁਕਮ ਦਿੱਤਾ, ਜਿਨ੍ਹਾਂ ਵਿੱਚ ਇੰਦਰਾ ਗਾਂਧੀ ਅਤੇ ਥੈਚਰ ਦੀ ਸਰਕਾਰ ਦਰਮਿਆਨ ਸੰਪਰਕ ਦੀ ਜਾਣਕਾਰੀ ਸੀ। ਇਨ੍ਹਾਂ ਅਖ਼ਬਾਰਾਂ ਨੇ ਸਪੱਸ਼ਟ ਕੀਤਾ ਕਿ ਫਰਵਰੀ 1984 ਵਿੱਚ ਇੱਕ ਬ੍ਰਿਟਿਸ਼ ਐਸ.ਏ.ਐਸ. ਅਧਿਕਾਰੀ ਨੂੰ ਭਾਰਤ ਭੇਜਿਆ ਗਿਆ ਸੀ, ਜਿਸ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਸਿੱਖ ਖਾੜਕੂਆਂ ਨੂੰ ਹਟਾਉਣ ਦੀ ਯੋਜਨਾ ਤਿਆਰ ਕਰਨ ਵਿੱਚ ਮਦਦ ਕੀਤੀ। 'ਦਾ ਗਾਰਡੀਅਨ' ਨੇ ਇਹ ਵੀ ਦੱਸਿਆ ਕਿ ਇਸ ਸਹਾਇਤਾ ਨੂੰ ਗੁਪਤ ਰੱਖਣ ਦੀ ਸ਼ਰਤ ਸੀ, ਕਿਉਂਕਿ ਇਸ ਦੇ ਜਨਤਕ ਹੋਣ ਨਾਲ ਬ੍ਰਿਟੇਨ ਵਿੱਚ ਸਿੱਖ ਭਾਈਚਾਰੇ ਵਿੱਚ ਰੋਹ ਪੈਦਾ ਹੋ ਸਕਦਾ ਸੀ।

# ਅਮਰੀਕਾ 'ਚ ਸਿੱਖ ਧਰਮ ਦਾ ਪ੍ਰਚਾਰ ਕਰ ਰਿਹੈ 'ਕੈਪਟਨ ਸਿੱਖ ਅਮਰੀਕਾ'

## ਸਿੱਖ ਸੁਪਰਹੀਰੋ ਬਣ ਕੇ ਆਪਣੇ ਧਰਮ ਪ੍ਰਤੀ ਅਮਰੀਕੀਆਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ

ਵਾਸ਼ਿੰਗਟਨ/ਏ.ਟੀ.ਨਿਊਜ਼: ਮੈਨਹਟਨ ਵਿੱਚ ਵਿਸ਼ਵਜੀਤ ਸਿੰਘ ਨੇ ਸਿੱਖੀ ਦੇ ਪ੍ਰਚਾਰ ਲਈ ਨਿਵੇਕਲਾ ਢੰਗ ਅਪਣਾਇਆ ਹੈ। ਉਸ ਨੇ 'ਕੈਪਟਨ ਸਿੱਖ ਅਮਰੀਕਾ' ਦਾ ਰੂਪ ਧਾਰ ਕੇ ਸਿੱਖਾਂ ਪ੍ਰਤੀ ਨਫ਼ਰਤ ਵਾਲਾ ਨਜ਼ਰੀਆ ਬਦਲਣ ਦੀ ਜ਼ਿੰਮੇਵਾਰੀ ਚੁੱਕੀ ਹੈ।

11 ਸਤੰਬਰ 2001 ਨੂੰ ਵਿਸਕੌਨਸਿਨ ਦੇ ਓਕ ਕਰੀਕ ਸਥਿਤ ਗੁਰਦੁਆਰੇ ਵਿੱਚ ਗੋਰੇ ਵੱਲੋਂ ਗੋਲੀਆਂ ਚਲਾ ਕੇ ਸਿੱਖਾਂ ਨੂੰ ਕਤਲ ਕੀਤੇ ਜਾਣ ਮਗਰੋਂ ਵਿਸ਼ਵਜੀਤ ਸਿੰਘ ਨੇ ਸਾਲ 2013 ਦੀਆਂ ਗਰਮੀਆਂ ਵਿੱਚ ਸਿੱਖ ਸੁਪਰਹੀਰੋ ਬਣ ਕੇ ਆਪਣੇ ਧਰਮ ਪ੍ਰਤੀ ਅਮਰੀਕੀਆਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ। ਵਿਸ਼ਵਜੀਤ ਸਿੰਘ ਨੇ ਕਿਹਾ ਕਿ 'ਕੈਪਟਨ ਸਿੱਖ ਅਮਰੀਕਾ' ਦਾ ਰੂਪ ਧਾਰਨ ਮਗਰੋਂ ਲੋਕ ਆਪ ਮੁਹਾਰੇ ਉਸ ਕੋਲ ਆਉਣ ਲੱਗ ਪਏ ਅਤੇ ਗਲਵੱਕੜੀ ਵਿੱਚ ਲੈ ਕੇ ਸਿੱਖੀ ਬਾਰੇ ਜਾਣਕਾਰੀ ਹਾਸਲ ਕਰਨ ਲੱਗ ਪਏ। ਉਸ ਨੇ ਦੱਸਿਆ ਕਿ ਇੱਥੋਂ ਤੱਕ ਕਿ ਪੁਲਿਸ ਅਧਿਕਾਰੀ ਵੀ ਉਸ ਨਾਲ ਤਸਵੀਰਾਂ ਖਿਚਵਾਉਂਦੇ ਹਨ।

ਵਿਸ਼ਵਜੀਤ ਸਿੰਘ ਨੇ ਦੱਸਿਆ ਕਿ ਇੱਕ ਜੋੜੇ ਨੇ ਤਾਂ ਉਸ ਨੂੰ ਆਪਣੇ ਵਿਆਹ ਸਮਾਗਮ ਲਈ ਵੀ ਸੱਦਾ ਦਿੱਤਾ। ਸਾਲ 2016 ਵਿੱਚ



ਵਿਸ਼ਵਜੀਤ ਸਿੰਘ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਉਹ ਸਕੂਲਾਂ, ਸਰਕਾਰੀ ਏਜੰਸੀਆਂ ਅਤੇ ਨਿਗਮਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਸਿੱਖ ਧਰਮ ਅਤੇ ਸਭਿਆਚਾਰ ਬਾਰੇ ਜਾਗਰੂਕ ਕਰਨ ਲੱਗ ਪਿਆ। ਉਸ ਨੇ ਕਿਹਾ ਕਿ ਉਹ ਬਰਾਬਰੀ ਤੇ ਨਿਆਂ ਦੀ ਵਕਾਲਤ ਕਰਦਾ ਹੈ।

ਵਿਸ਼ਵਜੀਤ ਨੂੰ ਇਸ ਪੁਸ਼ਾਕ ਵਿੱਚ ਦੇਖ ਕੇ ਇੱਕ ਬੱਚੇ ਨੇ ਕਿਹਾ, "ਕੈਪਟਨ ਅਮਰੀਕਾ ਦੀ ਦਾੜ੍ਹੀ ਨਹੀਂ ਹੈ, ਉਹ ਪੱਗ ਨਹੀਂ ਬੰਨ੍ਹਦਾ ਹੈ ਅਤੇ ਉਹ ਗੋਰਾ ਹੈ।" ਵਿਸ਼ਵਜੀਤ ਸਿੰਘ ਨੇ ਉਸ ਮੁੰਡੇ ਵੱਲ ਦੇਖਿਆ ਜਿਸ ਨੇ ਇਹ ਸ਼ਬਦ ਕਹੇ ਸਨ, ਅਤੇ ਫਿਰ ਉਸ ਨੇ ਆਪਣੇ ਵੱਲ ਦੇਖਿਆ - ਇੱਕ ਪਤਲੇ, ਚਸ਼ਮਾ ਲੱਗੇ, ਪੱਗ ਬੰਨ੍ਹੇ ਅਤੇ ਦਾੜ੍ਹੀ ਵਾਲੇ ਸਿੱਖ ਵਿਅਕਤੀ ਨੇ ਕੈਪਟਨ ਅਮਰੀਕਾ ਦੀ ਪੁਸ਼ਾਕ ਪਹਿਨੀ ਹੋਈ ਸੀ। ਸਿੰਘ ਨੇ ਕਿਹਾ, "ਮੈਨੂੰ ਬੁਰਾ ਨਹੀਂ ਲੱਗਿਆ, ਕਿਉਂਕਿ ਮੈਂ ਜਾਣਦਾ ਸੀ ਕਿ ਇਸ ਬੱਚੇ ਦੇ ਦਿਮਾਗ ਵਿੱਚ ਹਮੇਸ਼ਾ ਲਈ ਮੇਰਾ, ਇੱਕ 'ਕੈਪਟਨ ਸਿੱਖ ਅਮਰੀਕਾ' ਦਾ ਅਕਸ ਬਣਿਆ ਰਹੇਗਾ। ਇਸ ਅਕਸ 'ਚ ਐਨੀ ਸ਼ਕਤੀ ਹੈ ਕਿ ਇਹ ਇਸ ਬਾਰੇ ਚਰਚਾ ਸ਼ੁਰੂ ਕਰ ਦਿੰਦਾ ਹੈ ਕਿ ਅਮਰੀਕੀ ਹੋਣ ਦਾ ਕੀ ਮਤਲਬ ਹੈ।"

## ਟਰੰਪ ਵੱਲੋਂ ਵ੍ਹਾਈਟ ਹਾਊਸ ਅੰਦਰ ਵਿਸ਼ਵ ਪੱਧਰੀ ਸੁੰਦਰ ਬਾਲਰੂਮ ਬਣਾਉਣ ਦਾ ਐਲਾਨ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਅੰਦਰ ਇੱਕ ਨਵਾਂ ਬਾਲਰੂਮ ਬਣਾਉਣ ਬਾਰੇ ਐਲਾਨ ਕੀਤਾ ਹੈ। ਨਾਲ ਹੀ ਕਿਹਾ ਹੈ ਕਿ ਉਹ ਬਾਲਰੂਮ ਬਣਾਉਣ ਲਈ ਫੰਡ ਵੀ ਦੇਣਗੇ। ਟਰੰਪ ਨੇ ਟਰੂਥ ਸੋਸ਼ਲ ਰਾਹੀਂ ਲਿਖਿਆ ਕਿ ਇਸ ਤਰ੍ਹਾਂ ਦੇ ਨਿਰਮਾਣ ਦੀ '150 ਸਾਲਾਂ ਤੋਂ' ਲੋੜ ਸੀ। ਉਨ੍ਹਾਂ ਦਾਅਵਾ ਕੀਤਾ ਕਿ ਦੂਜੇ ਰਾਸ਼ਟਰਪਤੀਆਂ ਕੋਲ ਅਜਿਹੇ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਢੁਕਵੇਂ ਤਜਰਬੇ ਦੀ ਘਾਟ ਸੀ। ਟਰੰਪ ਨੇ ਬਾਲਰੂਮ ਬਾਰੇ ਕਿਹਾ,'ਪਰ ਮੈਂ ਅਜਿਹਾ ਕਰਨ ਜਾ ਰਿਹਾ ਹਾਂ, ਸ਼ਾਇਦ ਕਿਸੇ ਹੋਰ ਵਾਂਗ ਨਹੀਂ ਅਤੇ ਇਹ ਤੇਜ਼ੀ ਨਾਲ ਬਣੇਗਾ ਅਤੇ ਸ਼ਾਨਦਾਰ ਨਿਰਮਾਣ ਹੋਵੇਗਾ ਜੋ ਕਿ ਵ੍ਹਾਈਟ ਹਾਊਸ ਦੇ ਅੰਦਰ ਇੱਕ ਸ਼ਾਨਦਾਰ ਮਾਹੌਲ ਬਣਾਏਗਾ'। ਟਰੰਪ ਮੁਤਾਬਕ,'ਇਹ ਉਹ 'ਮਜ਼ੇਦਾਰ' ਪ੍ਰੋਜੈਕਟ ਹਨ ਜੋ ਮੈਂ ਵਿਸ਼ਵ ਅਰਥਵਿਵਸਥਾ ਸੰਯੁਕਤ ਰਾਜ, ਚੀਨ, ਰੂਸ ਅਤੇ ਹੋਰ ਬਹੁਤ ਸਾਰੇ ਦੇਸ਼ਾਂ, ਥਾਵਾਂ ਅਤੇ ਸਮਾਗਮਾਂ ਬਾਰੇ ਸੋਚਦੇ ਹੋਏ ਕਰਦਾ ਹਾਂ।'

ਟਰੰਪ ਨੇ ਮਈ ਵਿੱਚ ਐਨ.ਬੀ.ਸੀ ਨਿਊਜ਼ ਨੂੰ ਦੱਸਿਆ ਸੀ ਕਿ ਉਸਨੇ ਆਪਣੀ ਮਾਰ-ਏ-ਲਾਗੋ ਅਸਟੇਟ ਦੇ ਸਮਾਨ ਇੱਕ ਬਾਲਰੂਮ ਬਣਾਉਣ ਦੀ ਯੋਜਨਾ ਬਣਾਈ ਹੈ। ਟਰੰਪ ਨੇ ਕਿਹਾ,'ਅਸੀਂ ਇੱਕ ਬਾਲਰੂਮ ਬਣਾਉਣ ਜਾ ਰਹੇ ਹਾਂ ਜੋ ਉਹ ਵ੍ਹਾਈਟ ਹਾਊਸ ਵਿੱਚ ਸ਼ਾਇਦ (ਬਾਕੀ ਸਫ਼ਾ 30 'ਤੇ)

## ਅਮਰੀਕਾ 'ਚ ਇੱਕ ਨਵੀਂ ਰਾਜਨੀਤਿਕ ਪਾਰਟੀ ਬਣਾਉਣ ਦੀ ਲੋੜ: ਮਸਕ

### ਟਰੰਪ ਨਾਲ ਵਿਵਾਦ ਦੌਰਾਨ ਚਰਚਾ ਵਿੱਚ ਹੈ ਅਰਬਪਤੀ ਕਾਰੋਬਾਰੀ ਐਲੋਨ ਮਸਕ ਦਾ ਐਕਸ ਪੋਲ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਜਾਰੀ ਵਿਵਾਦ ਵਿਚਾਲੇ ਅਰਬਪਤੀ ਕਾਰੋਬਾਰੀ ਐਲੋਨ ਮਸਕ ਦਾ ਐਕਸ ਪੋਲ ਚਰਚਾ ਵਿੱਚ ਹੈ। ਟੇਸਲਾ ਅਤੇ ਸਪੇਸਐਕਸ ਦੇ ਸੀ.ਈ.ਓ ਐਲੋਨ ਮਸਕ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਦੋਸਤੀ ਟੁੱਟ ਗਈ ਹੈ। ਦੋਵਾਂ ਵਿਚਕਾਰ ਸ਼ਬਦੀ ਜੰਗ ਜਾਰੀ ਹੈ। ਇਸ ਦੌਰਾਨ ਮਸਕ ਨੇ ਅਮਰੀਕਾ ਵਿੱਚ ਇੱਕ ਨਵੀਂ ਰਾਜਨੀਤਿਕ ਪਾਰਟੀ ਦੀ ਜ਼ਰੂਰਤ ਬਾਰੇ ਇੱਕ ਵੱਡਾ ਬਿਆਨ ਦਿੱਤਾ ਹੈ। ਦਰਅਸਲ ਐਲੋਨ ਮਸਕ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ



ਇੱਕ ਪੋਲ ਚਲਾਇਆ ਸੀ, ਜਿਸ ਵਿੱਚ ਉਸਨੇ ਪੁੱਛਿਆ ਸੀ ਕਿ ਕੀ ਅਮਰੀਕਾ ਵਿੱਚ ਇੱਕ ਨਵੀਂ ਰਾਜਨੀਤਿਕ ਪਾਰਟੀ ਬਣਾਈ ਜਾਣੀ ਚਾਹੀਦੀ ਹੈ। ਹੁਣ ਉਸਨੇ ਇਸ ਪੋਲ ਦੇ ਨਤੀਜੇ ਪ੍ਰਗਟ ਕੀਤੇ ਹਨ ਅਤੇ ਕਿਹਾ ਹੈ ਕਿ 80% ਲੋਕਾਂ ਨੇ ਸਮਰਥਨ ਵਿੱਚ ਵੋਟ ਦਿੱਤੀ ਹੈ। ਮਸਕ ਦੇ ਇਸ ਪੋਲ ਵਿੱਚ 56.30 ਲੱਖ ਲੋਕਾਂ ਨੇ ਹਿੱਸਾ ਲਿਆ। ਨਾਲ ਹੀ 19.6 ਪ੍ਰਤੀਸ਼ਤ ਲੋਕਾਂ ਨੇ ਮਸਕ ਦੇ ਬਿਆਨ ਨੂੰ ਰੱਦ ਕਰ ਦਿੱਤਾ।

**ਅਮਰੀਕਾ 'ਚ ਤੀਜੀ ਧਿਰ ਦੀ ਚਰਚਾ**

ਮਸਕ ਨੇ ਐਕਸ 'ਤੇ ਲਿਖਿਆ ਕਿ ਜਨਤਾ ਨੇ ਆਪਣਾ ਫੈਸਲਾ ਦੇ ਦਿੱਤਾ ਹੈ, ਅਮਰੀਕਾ ਨੂੰ ਇੱਕ ਨਵੀਂ ਰਾਜਨੀਤਿਕ ਪਾਰਟੀ ਦੀ ਲੋੜ ਹੈ ਜੋ ਮੱਧਮ ਵਰਗੀ 80% ਲੋਕਾਂ ਦੀ ਨੁਮਾਇੰਦਗੀ ਕਰੇ ਅਤੇ ਬਿਲਕੁਲ 80% ਲੋਕਾਂ ਨੇ ਇਸਦਾ ਸਮਰਥਨ ਕੀਤਾ ਹੈ। ਦੋਵਾਂ ਵਿਚਾਲੇ ਟਕਰਾਅ ਉਦੋਂ ਵਧਿਆ ਜਦੋਂ ਉਨ੍ਹਾਂ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਗਈ। ਮਸਕ ਨੇ ਟਰੰਪ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਮੇਰੇ ਬਿਨਾਂ ਟਰੰਪ ਚੋਣ ਹਾਰ ਜਾਂਦੇ। ਮਸਕ ਨੇ ਟਰੰਪ 'ਤੇ ਮਹਾਂਦੋਸ਼ ਲਗਾਉਣ ਅਤੇ ਉਨ੍ਹਾਂ ਨੂੰ ਹਟਾਉਣ ਦਾ ਵੀ ਸਮਰਥਨ ਕੀਤਾ।

ਮਸਕ ਦੁਆਰਾ ਸੁਝਾਈ ਗਈ ਅਮਰੀਕਾ ਪਾਰਟੀ ਅਜੇ ਵੀ ਸਿਰਫ਼ ਇੱਕ ਵਿਚਾਰ ਹੈ, ਪਰ ਇਸਨੂੰ ਅਮਰੀਕੀ ਰਾਜਨੀਤੀ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ, ਖਾਸ ਕਰਕੇ ਜਦੋਂ ਮਸਕ ਦੀ ਸੋਸ਼ਲ ਮੀਡੀਆ ਪਹੁੰਚ ਅਤੇ ਪ੍ਰਭਾਵ ਦਿਨੋ-ਦਿਨ ਵਧ ਰਿਹਾ ਹੈ। ਮਸਕ ਦੇ ਐਕਸ 'ਤੇ 20 ਕਰੋੜ ਤੋਂ ਵੱਧ ਫਾਲੋਅਰਜ਼ ਹਨ।

**ਟਰੰਪ ਨੇ ਕੀਤਾ ਜਵਾਬੀ ਹਮਲਾ**

ਟਰੰਪ ਨੇ ਜਵਾਬੀ ਹਮਲਾ ਕਰਦਿਆਂ, ਟਰੂਥ ਸੋਸ਼ਲ 'ਤੇ ਮਸਕ ਨੂੰ ਗੱਦਾਰ ਕਿਹਾ ਅਤੇ ਚਿਤਾਵਨੀ ਦਿੱਤੀ ਕਿ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ ਅਰਬਾਂ ਡਾਲਰ ਬਚਾਉਣ ਦਾ ਸਭ ਤੋਂ ਆਸਾਨ ਤਰੀਕਾ ਹੈ ਐਲੋਨ ਮਸਕ ਦੀਆਂ ਸਰਕਾਰੀ ਸਬਸਿਡੀਆਂ ਅਤੇ ਇਕਰਾਰਨਾਮਿਆਂ ਨੂੰ ਰੋਕਣਾ।

## ਸਿੱਖ ਕੋਲੀਸ਼ਨ ਵੱਲੋਂ ਕੈਲੀ.ਫੋਰਨੀਆ ਸੈਨੇਟ ਤੋਂ ਅੰਤਰਰਾਸ਼ਟਰੀ ਦਮਨ ਬਿੱਲ ਪਾਸ ਹੋਣ ਦੀ ਸ਼ਲਾਘਾ

ਸੈਕਰਾਮੈਂਟੋ/ਏ.ਟੀ.ਨਿਊਜ਼: ਸਿੱਖ ਕੋਲੀਸ਼ਨ ਨੂੰ ਐਸ.ਬੀ.509 (ਇੱਕ ਬਿੱਲ, ਜੋ ਕਿ ਅੰਤਰਰਾਸ਼ਟਰੀ ਦਮਨ ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਇਸ ਵਿਸ਼ੇ 'ਤੇ ਕਾਨੂੰਨ ਲਾਗੂ ਕਰਨ ਦੀ ਸਿਖਲਾਈ ਤਿਆਰ ਕਰਦਾ ਹੈ) ਨੂੰ ਕੈਲੀਫ਼ੋਰਨੀਆ ਸੈਨੇਟ ਵਿੱਚ 36-0 ਦੇ ਆਨ-ਕਾਲ ਵੋਟ ਨਾਲ ਅੱਗੇ ਵਧਦੇ ਦੇਖ ਕੇ ਖੁਸ਼ੀ ਹੋਈ।

ਸਿੱਖ ਕੋਲੀਸ਼ਨ ਲਈ ਸੀਨੀਅਰ ਸਟੇਟ ਪਾਲਿਸੀ ਮੈਨੇਜਰ ਪੁਨੀਤ ਕੌਰ ਨੇ ਕਿਹਾ, 'ਇਹ ਕੈਲੀਫ਼ੋਰਨੀਆ ਦੇ ਭਾਈਚਾਰਿਆਂ ਨੂੰ ਵਿਦੇਸ਼ਾਂ ਤੋਂ ਆਉਣ ਵਾਲੇ ਖਤਰਿਆਂ ਤੋਂ ਸੁਰੱਖਿਅਤ ਰੱਖਣ ਲਈ ਇੱਕ ਮਹੱਤਵਪੂਰਨ ਕਦਮ ਹੈ। ਅਸੀਂ ਆਪਣੇ ਭਾਈਵਾਲਾਂ ਦੀ ਵਿਆਪਕ ਸ਼੍ਰੇਣੀ ਨਾਲ ਵਕਾਲਤ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ ਤਾਂ ਜੋ 3 ਮਾਹਰ ਅੰਤਰਰਾਸ਼ਟਰੀ ਦਮਨ ਦੀਆਂ ਸੰਭਾਵੀ ਘਟਨਾਵਾਂ ਦਾ ਜਵਾਬ ਦੇਣ ਲਈ ਰਾਜ ਦੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਲੈਸ ਕਰਨ ਲਈ ਇੱਕ ਬਹੁਤ ਜ਼ਰੂਰੀ ਸੰਦ ਬਣਾ ਸਕਣ।' ਜ਼ਿਕਰਯੋਗ ਹੈ ਕਿ ਐਸ.ਬੀ. 509 ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਲਈ ਅੰਤਰ-ਰਾਸ਼ਟਰੀ ਦਮਨ 'ਤੇ ਇੱਕ ਵਿਸ਼ੇਸ਼ ਸਿਖਲਾਈ ਸਥਾਪਤ ਕਰੇਗਾ, ਜੋ ਕੈਲੀਫ਼ੋਰਨੀਆ ਦੇ ਗਵਰਨਰ ਆਫ਼ਿਸ ਆਫ਼ ਐਮਰਜੈਂਸੀ ਸਰਵਿਸਿਜ਼ ਅਤੇ ਇਸਦੇ ਕੈਲੀਫ਼ੋਰਨੀਆ ਸਪੈਸ਼ਲਾਈਜ਼ਡ ਟ੍ਰੇਨਿੰਗ ਇੰਸਟੀਚਿਊਟ ਦੁਆਰਾ ਵਿਕਸਤ ਅਤੇ ਪ੍ਰਦਾਨ ਕੀਤੀ ਗਈ ਹੈ। ਇਹ ਸਿਖਲਾਈ ਸ਼ਾਂਤੀ ਅਧਿਕਾਰੀਆਂ ਨੂੰ ਉਹਨਾਂ ਘਟਨਾਵਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਢੁਕਵਾਂ ਜਵਾਬ ਦੇਣ ਲਈ ਗਿਆਨ ਅਤੇ ਸਾਧਨਾਂ ਨਾਲ ਲੈਸ ਕਰੇਗੀ ਜਿਨ੍ਹਾਂ ਵਿੱਚ ਵਿਦੇਸ਼ੀ ਸਰਕਾਰਾਂ ਸੰਯੁਕਤ ਰਾਜ ਦੇ ਅੰਦਰ ਵਿਅਕਤੀਆਂ ਨੂੰ ਚੁੱਪ ਕਰਾਉਣ, ਨਿਗਰਾਨੀ ਕਰਨ ਜਾਂ ਡਰਾਉਣ ਦੀ ਕੋਸ਼ਿਸ਼ ਕਰਦੀਆਂ ਹਨ - ਖਾਸ ਕਰਕੇ ਕਮਜ਼ੋਰ ਪਰਵਾਸੀ ਭਾਈਚਾਰਿਆਂ ਦੇ ਮੈਂਬਰਾਂ ਨੂੰ। ਸਿੱਖ ਕੁਲੀਸ਼ਨ ਐਸ.ਬੀ. 509 ਦੇ ਲੇਖਕ ਅਤੇ ਸਪਾਂਸਰ, ਸਟੇਟ ਸੈਨੇਟਰ ਅੰਨਾ ਐਮ. ਕੈਬਲੇਰੋ, ਸਹਿ-ਲੇਖਕ ਅਸੈਂਬਲੀ ਮੈਂਬਰ ਡਾ. ਜਸਮੀਤ ਬੈਂਸ ਅਤੇ ਅਸੈਂਬਲੀ ਮੈਂਬਰ ਐਸਮੇਰਾਲਡਾ ਸੋਰੀਆ ਦਾ ਇਸ ਮੁੱਦੇ 'ਤੇ ਉਨ੍ਹਾਂ ਦੀ ਅਗਵਾਈ ਲਈ ਬਹੁਤ ਧੰਨਵਾਦੀ ਹੈ। ਬਿੱਲ ਨੂੰ ਕੈਲੀਫ਼ੋਰਨੀਆ ਪੁਲਿਸ ਚੀਫ਼ਸ ਐਸੋਸੀਏਸ਼ਨ ਦੁਆਰਾ ਸਮਰਥਨ ਦਿੱਤਾ ਗਿਆ ਹੈ ਅਤੇ ਇਸਨੂੰ ਭਾਈਚਾਰੇ ਅਤੇ ਨਾਗਰਿਕ ਅਧਿਕਾਰ ਸੰਗਠਨਾਂ ਦੇ ਵਿਭਿੰਨ ਗੱਠਜੋੜ ਤੋਂ ਵਿਆਪਕ ਸਮਰਥਨ ਪ੍ਰਾਪਤ ਹੋਇਆ ਹੈ। ਇਸ ਲਈ, ਅਸੀਂ ਆਪਣੇ ਸਿੱਖ ਸੰਗਠਨਾਤਮਕ ਭਾਈਵਾਲਾਂ (ਸਾਲਡੈਫ਼, ਜਕਾਰਾ ਮੂਵਮੈਂਟ ਅਤੇ ਅਮਰੀਕਨ ਸਿੱਖ ਕਾਕਸ ਕਮੇਟੀ), ਹਿੰਦੂਆਂ ਲਈ ਮਨੁੱਖੀ ਅਧਿਕਾਰਾਂ ਅਤੇ ਹੋਰ ਬਹੁਤ ਸਾਰੇ ਨਾਗਰਿਕ ਅਧਿਕਾਰ ਸੰਗਠਨਾਂ ਅਤੇ ਸਿੱਖ ਗੁਰਦੁਆਰਿਆਂ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਬਿੱਲ ਦੇ ਸਮਰਥਨ ਵਿੱਚ ਸਾਡੇ ਸਾਂਝੇ ਵਕਾਲਤ ਕਾਰਜ ਲਈ ਕੰਮ ਕੀਤਾ ਹੈ।

## ਕੈਲੀ.ਫੋਰਨੀਆ ਸਟੇਟ ਸੈਨੇਟ ਵੱਲੋਂ ਸੈਨ ਹੋਜ਼ੇ ਵਿਖੇ ਲਾਅ ਸਕੂਲ ਖੋਲ੍ਹਣ ਲਈ ਬਿੱਲ ਪਾਸ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਕੈਲੀਫ਼ੋਰਨੀਆ ਸਟੇਟ ਸੈਨੇਟ ਨੇ ਕੈਲੀਫ਼ੋਰਨੀਆ ਸਟੇਟ ਯੂਨੀਵਰਸਿਟੀ (ਸੀ. ਐਸ. ਯੂ.) ਵਿਵਸਥਾ ਵਿੱਚ ਪਹਿਲਾ ਜਨਤਿਕ ਲਾਅ ਸਕੂਲ ਖੋਲ੍ਹਣ ਲਈ ਸੈਨੇਟਰ ਡੇਵ ਕੋਰਟਸੀ ਵੱਲੋਂ ਪੇਸ਼ ਐਸ. ਬੀ. 550 ਬਿੱਲ ਪਾਸ ਕਰ ਦਿੱਤਾ ਹੈ। ਜੇਕਰ ਵਿਧਾਨ ਸਭਾ ਵੱਲੋਂ ਇਸ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ ਜਾਂਦੀ ਹੈ ਤਾਂ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਵਿਖੇ ਲਾਅ ਸਕੂਲ ਖੋਲ੍ਹਣ ਲਈ ਰਾਹ ਪੱਧਰਾ ਹੋ ਜਾਵੇਗਾ।

ਸਾਂਤਾ ਕਲਾਰਾ ਕਾਊਂਟੀ, ਜੋ ਤਕਰੀਬਨ 20 ਲੱਖ ਲੋਕਾਂ ਦਾ ਘਰ ਹੈ, ਵਿੱਚ ਲਾਅ ਸਕੂਲ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਕਾਊਂਟੀ ਵਿੱਚ 65% ਤੋਂ ਵਧ ਆਬਾਦੀ ਏਸ਼ੀਅਨਾਂ ਤੇ ਲਾਤੀਨੋ ਭਾਈਚਾਰੇ ਦੀ ਹੈ। ਇਨ੍ਹਾਂ ਦੋਵਾਂ ਭਾਈਚਾਰਿਆਂ ਵੱਲੋਂ ਲਾਅ ਸਕੂਲ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu

Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਹੁਣ ਆਸਾਨ ਨਹੀਂ ਹੋਵੇਗਾ ਕੈਨੇਡਾ 'ਚ ਸ਼ਰਨ ਲੈਣਾ

## ਅਧਿਕਾਰੀਆਂ ਨੂੰ 'ਜਨਤਕ ਹਿਤ' ਵਿੱਚ ਇਮੀਗ੍ਰੇਸ਼ਨ ਦਸਤਾਵੇਜ਼ਾਂ ਨੂੰ ਰੱਦ, ਮੁਅੱਤਲ ਜਾਂ ਬਦਲਣ ਦੀ ਆਗਿਆ ਦਿੰਦੈ ਬਿੱਲ ਸੀ-2

ਵਿਨੀਪੈਗ/ਏ.ਟੀ.ਨਿਊਜ਼: ਪਿਛਲੇ ਦਿਨੀਂ ਫੈਡਰਲ ਸਰਕਾਰ ਨੇ ਇਕ ਬਿੱਲ ਪੇਸ਼ ਕੀਤਾ ਹੈ ਜਿਹੜਾ ਕੈਨੇਡਾ ਵਿੱਚ ਸ਼ਰਨਾਰਥੀ ਦਾਅਵਿਆਂ ਨੂੰ ਕਾਫ਼ੀ ਹੱਦ ਤੱਕ ਸੀਮਤ ਕਰ ਦੇਵੇਗਾ ਅਤੇ ਅਧਿਕਾਰੀਆਂ ਨੂੰ ਸਮੂਹਿਕ ਤੌਰ 'ਤੇ ਪ੍ਰਵਾਸ ਅਰਜ਼ੀਆਂ ਰੱਦ ਕਰਨ ਦੀ ਤਾਕਤ ਦੇਵੇਗਾ। ਬਿੱਲ ਵਿੱਚ ਕੈਨੇਡਾ ਨੂੰ ਬਾਹਰ ਤੋਂ ਨਸ਼ਿਆਂ ਤੇ ਗ਼ੈਰਕਨੂੰਨੀ ਵਸਤਾਂ ਘਟਾਉਣ ਦੇ ਉਦੇਸ਼ ਨਾਲ ਵਿਆਪਕ ਸਰਹੱਦੀ ਸੁਰੱਖਿਆ ਉਪਾਅ ਵੀ ਸ਼ਾਮਲ ਹਨ ਜਦਕਿ ਸੁਰੱਖਿਆ ਏਜੰਸੀਆਂ ਨੂੰ ਇਲੈਕਟ੍ਰਾਨਿਕ ਸੰਚਾਰ ਬਾਰੇ ਸੂਚਨਾ ਇਕੱਤਰ ਕਰਨ ਲਈ ਨਵੇਂ ਅਧਿਕਾਰ ਦਿੱਤੇ ਜਾ ਰਹੇ ਹਨ।

ਬਿੱਲ ਸੀ-2 ਅਧਿਕਾਰੀਆਂ ਨੂੰ 'ਜਨਤਕ ਹਿਤ' ਵਿੱਚ ਇਮੀਗ੍ਰੇਸ਼ਨ ਦਸਤਾਵੇਜ਼ਾਂ ਨੂੰ ਰੱਦ, ਮੁਅੱਤਲ ਜਾਂ ਬਦਲਣ ਦੀ ਆਗਿਆ ਦਿੰਦਾ ਹੈ। ਇਸ ਬਿਲ ਵਿੱਚ ਕਈ ਕਾਨੂੰਨਾਂ ਵਿੱਚ ਬਦਲਾਅ ਦਾ ਪ੍ਰਸਤਾਵ ਹੈ ਜਿਨ੍ਹਾਂ ਵਿੱਚ ਇਮੀਗ੍ਰੇਸ਼ਨ ਐਂਡ ਰਿਫ਼ਿਊਜੀ ਪ੍ਰੋਟੈਕਸ਼ਨ ਐਕਟ, ਓਸ਼ੀਅਨਜ਼ ਐਕਟ, ਸੈਕਸ ਅਪਰਾਧੀ ਜਾਣਕਾਰੀ ਰਜਿਸਟ੍ਰੇਸ਼ਨ ਐਕਟ, ਕ੍ਰਿਮੀਨਲ ਕੋਡ ਅਤੇ ਕੈਨੇਡੀਅਨ ਸੁਰੱਖਿਆ ਖ਼ੁਫ਼ੀਆ ਸਰਵਿਸ ਐਕਟ ਸ਼ਾਮਲ ਹਨ।

ਇਨ੍ਹਾਂ ਤਬਦੀਲੀਆਂ ਨਾਲ ਇਮੀਗ੍ਰੇਸ਼ਨ, ਰਫ਼ਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੂੰ ਕੈਨੇਡਾ ਦੇ ਅੰਦਰ ਵੱਖ-ਵੱਖ ਏਜੰਸੀਆਂ ਨਾਲ ਜਾਣਕਾਰੀ ਨੂੰ ਵਧੇਰੇ ਵਿਆਪਕ ਰੂਪ ਵਿੱਚ ਸਾਂਝਾ ਕਰਨ ਦੀ ਆਗਿਆ ਮਿਲਦੀ ਹੈ। ਦੇਸ਼ ਵਿੱਚ ਦਾਖਲ ਹੋਣ ਦੇ ਇੱਕ ਸਾਲ ਦੇ ਅੰਦਰ-ਅੰਦਰ ਸ਼ਰਨ ਦੇ ਦਾਅਵੇ ਵੀ ਕਰਨੇ ਪੈਣਗੇ, ਜਿਸ ਵਿੱਚ ਵਿਦਿਆਰਥੀਆਂ ਅਤੇ ਅਸਥਾਈ ਨਿਵਾਸੀ ਵੀ ਸ਼ਾਮਲ ਹਨ। ਇਹ ਬਿੱਲ ਆਨੰਦ ਸੰਗਾਰੀ ਨੇ ਪੇਸ਼ ਕੀਤਾ ਜਿਹੜਾ ਜਥੇਬੰਦਕ ਅਪਰਾਧ ਦਾ ਮੁਕਾਬਲਾ ਕਰਨ, ਫੈਂਟਾਨਿਲ ਦਾ ਪ੍ਰਵਾਹ ਰੋਕਣ ਅਤੇ ਪ੍ਰਵਾਸ ਪ੍ਰਣਾਲੀ ਨੂੰ ਸਖ਼ਤ ਕਰਦਾ ਹੈ।



ਇਸ ਬਿੱਲ ਦੀ ਸ਼ਰਨਾਰਥੀ ਐਡਵੋਕੇਟਸ ਨੇ ਆਲੋਚਨਾ ਕੀਤੀ ਹੈ। ਉਨ੍ਹਾਂ ਸਰਕਾਰ 'ਤੇ ਪ੍ਰਵਾਸੀਆਂ ਅਤੇ ਅੱਤਿਆਚਾਰ ਤੋਂ ਭੱਜ ਰਹੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਇਆ ਹੈ।

ਇਸ ਬਿੱਲ ਤਹਿਤ ਜਿਹੜਾ ਵੀ ਵਿਅਕਤੀ ਕੈਨੇਡਾ ਵਿੱਚ ਇਕ ਸਾਲ ਤੋਂ ਜ਼ਿਆਦਾ ਸਮੇਂ ਪਿੱਛੋਂ ਸ਼ਰਨ ਦਾ ਕਲੇਮ ਕਰੇਗਾ ਤਾਂ ਉਨ੍ਹਾਂ ਦੇ ਮਾਮਲੇ 'ਤੇ ਇਮੀਗ੍ਰੇਸ਼ਨ ਐਂਡ ਰਿਫ਼ਿਊਜੀ ਬੋਰਡ ਵਿਚਾਰ ਨਹੀਂ ਕਰੇਗਾ ਅਤੇ ਇਸ ਦੀ ਬਜਾਏ ਵਿਅਕਤੀ ਡੀਪੋਰਟ ਕੀਤੇ ਜਾਣ ਦਾ ਸਾਹਮਣਾ ਕਰੇਗਾ ਪਰ ਉਨ੍ਹਾਂ ਨੂੰ ਪਹਿਲਾਂ ਜੋਖ਼ਮ ਮੁਲਾਂਕਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਸ ਲਈ ਦਾਅਵੇਦਾਰਾਂ ਨੂੰ ਗਾਜ਼ਾ ਜਾਂ ਯੂਕ੍ਰੇਨ ਵਰਗੇ ਜੰਗ ਵਾਲੇ ਖੇਤਰਾਂ ਸਮੇਤ ਅਣਸੁਰੱਖਿਅਤ ਸਮਝੀਆਂ ਜਾਂਦੀਆਂ ਥਾਵਾਂ 'ਤੇ ਨਹੀਂ ਭੇਜਿਆ ਜਾਵੇਗਾ।

ਇਹ ਬਿੱਲ ਅਮਰੀਕਾ ਨਾਲ ਸੇਫ਼ ਥਰਡ ਕੰਟਰੀ ਐਗਰੀਮੈਂਟ ਦੀਆਂ ਧਾਰਾਵਾਂ ਦੀ ਦੁਰਵਰਤੋਂ ਕਰਨ ਵਾਲਿਆਂ 'ਤੇ ਵੀ ਸ਼ਿਕੰਜਾ ਕੱਸੇਗਾ। ਇਸ ਸਮਝੌਤੇ ਤਹਿਤ ਲੋਕਾਂ ਨੂੰ ਉਸੇ ਦੇਸ਼ ਵਿੱਚ ਸ਼ਰਨ ਲਈ ਅਪਲਾਈ ਕਰਨਾ ਪੈਂਦਾ ਹੈ ਜਿਸ ਦੇਸ਼ ਵਿੱਚ ਉਹ ਪਹਿਲਾਂ ਪਹੁੰਚਦਾ ਹੈ ਜਿਸ ਦਾ ਮਤਲਬ ਕੈਨੇਡੀਅਨ ਸਰਹੱਦ 'ਤੇ ਪਹੁੰਚਣ ਵਾਲੇ ਲੋਕਾਂ ਨੂੰ ਵਾਪਸ ਅਮਰੀਕਾ ਭੇਜ ਦਿੱਤਾ ਜਾਂਦਾ ਹੈ ਪਰ ਇਹ ਨਿਯਮ ਉਸ ਕਿਸੇ ਵਿਅਕਤੀ 'ਤੇ ਲਾਗੂ ਨਹੀਂ ਹੁੰਦਾ ਜਿਹੜਾ 14 ਦਿਨਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੋਵੇ।ਬਿੱਲ ਇਸ ਨਿਯਮ ਵਿੱਚ ਵੀ ਤਬਦੀਲੀ ਕਰੇਗਾ ਕਿ ਲੋਕਾਂ ਨੂੰ 14 ਦਿਨਾਂ ਦੇ ਅੰਦਰ ਅੰਦਰ ਸ਼ਰਨ ਲਈ ਅਪਲਾਈ ਕਰਨਾ ਜ਼ਰੂਰੀ ਹੇ ਅਤੇ ਇਸ ਤੋਂ ਪਿੱਛੋਂ ਦਾਅਵੇਦਾਰਾਂ ਦੇ ਮਾਮਲੇ ਦੀ ਸੁਣਵਾਈ ਨਹੀਂ ਹੋਵੇਗੀ ਅਤੇ ਇਸ ਦੀ ਬਜਾਏ ਉਸ ਨੂੰ ਡੀਪੋਰਟ ਕੀਤਾ ਜਾਵੇਗਾ। ਇਸ ਤਰ੍ਹਾਂ ਦੇ ਦਾਅਵੇਦਾਰ ਵੀ ਹੁਣ ਡੀਪੋਰਟ ਕੀਤੇ ਜਾਣ ਤੋਂ ਪਹਿਲਾਂ ਜੋਖ਼ਮ ਮੁਲਾਂਕਣ ਦੇ ਹੱਕਦਾਰ ਹੋਣਗੇ।

ਪਬਲਿਕ ਸੇਫ਼ਟੀ ਮਿਨਿਸਟਰ ਗੇਰੀ ਅਨੰਦਾਸੰਗਾਰੀ ਨੇ ਕਿਹਾ ਕਿ ਬਿੱਲ ਸੀ-2 ਨੂੰ ਕੈਨੇਡਾ ਅਤੇ ਅਮਰੀਕਾ ਵਿਚਕਾਰ ਸਬੰਧਾਂ ਨੂੰ ਮਜ਼ਬੂਤ ?ਕ ?ਰਨ ਵਾਲੇ ਨੁਕਤੇ ਸ਼ਾਮਲ ਕਰਨ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਿੱਲ ਵਿੱਚ ਕਈ ਅਜਿਹੀਆਂ ਗੱਲਾਂ ਹਨ ਜੋ ਅਮਰੀਕਾ ਲਈ ਪਰੇਸ਼ਾਨ ਕਰਨ ਵਾਲੀਆਂ ਰਹੀਆਂ ਹਨ, ਇਸ ਲਈ ਅਸੀਂ ਉਨ੍ਹਾਂ ਵਿੱਚੋਂ ਕੁਝ ਮੁੱਦਿਆਂ ਨੂੰ ਠੀਕ ਕਰ ਰਹੇ ਹਾਂ, ਪਰ ਇਹ ਸਿਰਫ਼ ਅਮਰੀਕਾ ਬਾਰੇ ਨਹੀਂ ਹੈ।

# ਕੈਨੇਡਾ 'ਚ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਸਬੰਧੀ ਨਵਾਂ ਬਿੱਲ ਪੇਸ਼

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੀ ਸਰਕਾਰ ਨੇ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਸਬੰਧੀ ਮੌਜੂਦਾ ਸੀਮਾ ਨੂੰ ਹਟਾਉਣ ਲਈ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਭਾਰਤੀ ਪਰਵਾਸੀਆਂ ਅਤੇ ਹੋਰ ਪਰਵਾਸੀ ਭਾਈਚਾਰਿਆਂ ਨੂੰ ਲਾਭ ਪਹੁੰਚਾਉਣ ਦੀ ਉਮੀਦ ਹੈ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ ਡਾਇਬ ਨੇ ਹਾਲ ਹੀ ਵਿੱਚ ਸੀ-3 ਸਿਰਲੇਖ ਵਾਲਾ ਇੱਕ ਬਿੱਲ ਪੇਸ਼ ਕੀਤਾ, ਜੋ ਪਹਿਲੀ ਪੀੜ੍ਹੀ ਤੋਂ ਅੱਗੇ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਪ੍ਰਦਾਨ ਕਰੇਗਾ। ਇਸ ਫ਼ੈਸਲੇ ਦਾ ਭਾਰਤੀ ਡਾਇਸਪੋਰਾ ਸਮੇਤ ਕਈ ਪਰਵਾਸੀਆਂ ਨੇ ਸਵਾਗਤ ਕੀਤਾ ਹੈ।

2009 ਵਿੱਚ ਲਾਗੂ ਕੀਤਾ ਗਿਆ ਮੌਜੂਦਾ ਨਿਯਮ ਕੈਨੇਡਾ ਤੋਂ ਬਾਹਰ ਪੈਦਾ ਹੋਈ ਪਹਿਲੀ ਪੀੜ੍ਹੀ ਤੱਕ ਹੀ ਵੰਸ਼ ਦੇ ਆਧਾਰ 'ਤੇ ਕੈਨੇਡੀਅਨ ਨਾਗਰਿਕਤਾ ਨੂੰ ਸੀਮਤ ਕਰਦਾ ਹੈ। ਇਸਦਾ ਮਤਲਬ ਹੈ ਕਿ ਇੱਕ ਕੈਨੇਡੀਅਨ ਨਾਗਰਿਕ ਜੋ ਖੁਦ ਕੈਨੇਡਾ ਤੋਂ ਬਾਹਰ ਪੈਦਾ ਹੋਇਆ ਸੀ, ਵਿਦੇਸ਼ ਵਿੱਚ ਪੈਦਾ ਹੋਏ ਬੱਚੇ ਨੂੰ ਆਪਣੀ ਨਾਗਰਿਕਤਾ ਨਹੀਂ ਦੇ ਸਕਦਾ ਸੀ। ਇਸੇ ਤਰ੍ਹਾਂ ਉਹ ਵਿਦੇਸ਼ਾਂ ਵਿੱਚ ਗੋਦ ਲਏ ਬੱਚੇ



ਲਈ ਸਿੱਧੀ ਨਾਗਰਿਕਤਾ ਲਈ ਅਰਜ਼ੀ ਨਹੀਂ ਦੇ ਸਕਦੇ ਸਨ।

ਪ੍ਰਸਤਾਵਿਤ ਬਿੱਲ ਦਾ ਉਦੇਸ਼ ਇਸ ਨੂੰ ਬਦਲਣਾ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਅਨੁਸਾਰ, 'ਵਿਦੇਸ਼ਾਂ ਵਿੱਚ ਪੈਦਾ ਹੋਏ ਵਿਅਕਤੀਆਂ ਲਈ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਦੀ ਪਹਿਲੀ ਪੀੜ੍ਹੀ ਦੀ ਸੀਮਾ ਦੇ ਨਤੀਜੇ ਵਜੋਂ ਜ਼ਿਆਦਾਤਰ ਕੈਨੇਡੀਅਨ ਨਾਗਰਿਕ ਜੋ ਵੰਸ਼ ਦੁਆਰਾ ਨਾਗਰਿਕ ਹਨ, ਕੈਨੇਡਾ ਤੋਂ ਬਾਹਰ ਪੈਦਾ ਹੋਏ ਜਾਂ ਗੋਦ ਲਏ ਗਏ ਆਪਣੇ ਬੱਚੇ ਨੂੰ ਨਾਗਰਿਕਤਾ ਨਹੀਂ ਦੇ ਸਕਦੇ।

ਇਹ ਪ੍ਰਸਤਾਵਿਤ ਸੋਧ ਪਿਛਲੇ ਸਾਲ ਦੇ ਇੱਕ ਅਦਾਲਤੀ ਫੈਸਲੇ ਦੇ ਮੱਦੇਨਜ਼ਰ ਆਈ ਹੈ, ਜਿਸ ਵਿੱਚ ਪਹਿਲੀ ਪੀੜ੍ਹੀ ਦੀ ਸੀਮਾ ਨੂੰ ਗੈਰ-ਸੰਵਿਧਾਨਕ ਦੱਸਿਆ ਗਿਆ ਸੀ। ਇਹ ਕਾਨੂੰਨ ਪਿਛਲੇ ਮਾਰਚ ਵਿੱਚ ਸਾਬਕਾ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦੁਆਰਾ ਵੀ ਪੇਸ਼ ਕੀਤਾ ਗਿਆ ਸੀ, ਪਰ ਇਸਨੂੰ ਪਾਸ ਨਹੀਂ ਕੀਤਾ ਜਾ ਸਕਿਆ, ਜਿਸਦੇ ਨਤੀਜੇ ਵਜੋਂ ਇਸਨੂੰ ਦੁਬਾਰਾ ਪੇਸ਼ ਕੀਤਾ ਗਿਆ। ਜੇਕਰ ਬਿੱਲ ਸੀ-3 ਪਾਸ ਹੋ ਜਾਂਦਾ ਹੈ, ਤਾਂ ਇਹ ਆਪਣੇ ਆਪ ਹੀ ਉਨ੍ਹਾਂ ਵਿਅਕਤੀਆਂ ਨੂੰ ਨਾਗਰਿਕਤਾ ਪ੍ਰਦਾਨ ਕਰ ਦੇਵੇਗਾ ਜੋ ਪਹਿਲਾਂ ਦੀਆਂ ਪਾਬੰਦੀਆਂ ਨਾ ਹੋਣ 'ਤੇ ਯੋਗ ਹੁੰਦੇ। ਇਹ ਇੱਕ ਨਵੀਂ ਪ੍ਰਣਾਲੀ ਦਾ ਵੀ ਪ੍ਰਸਤਾਵ ਰੱਖਦਾ ਹੈ ਜਿਸ ਦੇ ਤਹਿਤ ਵਿਦੇਸ਼ਾਂ ਵਿੱਚ ਜਨਮੇ ਕੈਨੇਡੀਅਨ ਮਾਪੇ ਆਪਣੇ ਵਿਦੇਸ਼ੀ ਜੰਮੇ ਬੱਚਿਆਂ ਨੂੰ ਨਾਗਰਿਕਤਾ ਦੇ ਸਕਦੇ ਹਨ - ਬਸ਼ਰਤੇ ਮਾਪੇ ਬੱਚੇ ਦੇ ਜਨਮ ਜਾਂ ਗੋਦ ਲੈਣ ਤੋਂ ਪਹਿਲਾਂ ਘੱਟੋ-ਘੱਟ 1,095 ਦਿਨ (ਜਾਂ ਤਿੰਨ ਸਾਲ) ਕੈਨੇਡਾ ਵਿੱਚ ਰਹੇ ਹੋਣ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਮੁਤਾਬਕ, 'ਜੇਕਰ ਬਿੱਲ ਸੰਸਦ ਦੇ ਦੋਵੇਂ ਸਦਨਾਂ ਵਿੱਚ ਪਾਸ ਹੋ ਜਾਂਦਾ ਹੈ ਅਤੇ ਵੱਡੀ ਮਨਜ਼ੂਰੀ ਪ੍ਰਾਪਤ ਕਰਦਾ ਹੈ, ਤਾਂ ਅਸੀਂ ਇਹਨਾਂ ਤਬਦੀਲੀਆਂ ਨੂੰ ਲਾਗੂ ਕਰਨ ਲਈ ਜਿੰਨੀ ਜਲਦੀ ਹੋ ਸਕੇ ਕੰਮ ਕਰਾਂਗੇ।'

# ਅਮਰੀਕਾ ਜਾਣ ਤੋਂ ਗੁਰੇਜ਼ ਕਰਨ ਕੈਨੇਡਾ ਦੇ ਨਾਗਰਿਕ : ਕੈਨੇਡੀਅਨ ਵਿਦੇਸ਼ ਮੰਤਰਾਲਾ




ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕਾ ਜਾਣ ਦੇ ਇੱਛੁਕ ਆਪਣੇ ਨਾਗਰਿਕਾਂ ਨੂੰ ਗੁਆਂਢੀ ਦੇਸ਼ ਦੀਆਂ ਸਰਹੱਦੀ ਸਖ਼ਤੀਆਂ ਕਾਰਨ ਅਮਰੀਕਾ ਜਾਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ।

ਬੇਸ਼ੱਕ ਮਾਰਚ ਤੋਂ ਬਾਅਦ ਅਮਰੀਕੀ ਸਰਹੱਦ ਤੋਂ ਆਰ-ਪਾਰ ਦੀ ਆਵਾਜਾਈ ਅੱਧੀ ਤੋਂ ਵੀ ਘੱਟ ਚੁੱਕੀ ਹੈ, ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬੀਤੇ ਦਿਨੀਂ ਲਾਈਆਂ ਕੁਝ ਹੋਰ ਪਬੰਦੀਆਂ ਦੇ ਮੱਦੇਨਜ਼ਰ ਸਰਕਾਰ ਨੇ ਸੁਚੇਤ ਕੀਤਾ ਹੈ ਕਿ ਸੜਕੀ, ਹਵਾਈ ਜਾਂ ਸਮੁੰਦਰੀ ਰਸਤਿਆਂ 'ਚੋਂ ਕਿਸੇ ਰਸਤੇ ਵੀ ਅਮਰੀਕਾ ਜਾਣ ਵਾਲੇ ਕੈਨੇਡਿਆਈ ਨਾਗਰਿਕ ਜੇ ਸਰਹੱਦੀ ਲਾਂਘੇ ਰਾਹੀਂ ਜਾਣ ਜਾਂ ਵਾਪਸ ਆਉਣ ਵੇਲੇ ਰੋਕੇ ਜਾਂਦੇ ਹਨ ਤਾਂ ਉਹ ਕੈਨੇਡਾ ਸਰਕਾਰ ਤੋਂ ਕਿਸੇ ਮਦਦ ਦੀ ਝਾਕ ਨਾ ਰੱਖਣ। ਸਰਕਾਰ ਨੇ ਕਿਹਾ ਕਿ ਉਹ ਆਪਣੇ ਨਾਗਰਿਕਾਂ ਦੀ ਸਰਹੱਦ ਪਾਰ ਜਾਣ ਦੀ ਮਜਬੂਰੀ ਸਮਝਦੇ ਹਨ, ਪਰ ਕੁਝ ਸਖ਼ਤੀਆਂ ਕਰਕੇ ਲੋਕ ਆਪਣੀ ਯਾਤਰਾ ਹਾਲਾਤ ਸਾਜ਼ਗਾਰ ਹੋਣ ਤੱਕ ਅੱਗੇ ਪਾ ਦੇਣ ਤਾਂ ਇਹ ਉਨ੍ਹਾਂ ਦੇ ਹਿੱਤ ਵਿੱਚ ਹੋਵੇਗਾ।

# ਟਰੰਪ ਅਤੇ ਸ਼ੀ ਨੇ ਟੈਰਿਫ਼ ਨੂੰ ਘਟਾਉਣ ਸਬੰਧੀ ਕੀਤੀ ਗੱਲਬਾਤ

## ਦੋਵਾਂ ਆਲਮੀ ਤਾਕਤਾਂ ਦਰਮਿਆਨ ਗੱਲਬਾਤ ਰੁਕਣ ਕਾਰਨ ਪੈਦਾ ਹੋਏ ਜਮੂਦ ਨੇ ਆਲਮੀ ਵਪਾਰ ਨੂੰ ਕੀਤਾ ਸੀ ਪ੍ਰਭਾਵਿਤ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨੇ ਦੋਵਾਂ ਦੇਸ਼ਾਂ ਵਿਚਕਾਰ ਰੁਕੀ ਹੋਈ ਵਾਰਤਾ ਦੌਰਾਨ ਆਪਸੀ ਗੱਲਬਾਤ ਕੀਤੀ। ਗ਼ੌਰਤਲਬ ਹੈ ਕਿ ਦੋਵਾਂ ਆਲਮੀ ਤਾਕਤਾਂ ਦਰਮਿਆਨ ਗੱਲਬਾਤ ਰੁਕਣ ਕਾਰਨ ਪੈਦਾ ਹੋਏ ਜਮੂਦ ਨੇ ਆਲਮੀ ਵਪਾਰ ਨੂੰ ਪ੍ਰਭਾਵਿਤ ਕੀਤਾ ਹੈ।




ਇਸ ਦੌਰਾਨ ਟਰੰਪ ਵੱਲੋਂ ਇਹ ਆਖੇ ਜਾਣ ਕਿ ਸ਼ੀ ਨਾਲ ਕਿਸੇ ਸਮਝੌਤੇ ਉਤੇ ਅੱਪੜਨਾ ਮੁਸ਼ਕਿਲ ਹੋਵੇਗਾ, ਪਿਛਲੇ ਦਿਨੀਂ ਦੋਵਾਂ ਆਗੂਆਂ ਦਰਮਿਆਨ ਇਹ ਚਰਚਾ ਹੋਈ। ਟਰੰਪ ਨੇ ਆਪਣੀ ਸੋਸ਼ਲ ਮੀਡੀਆ ਸਾਈਟ ਟਰੁੱਥ 'ਤੇ ਕੀਤੀ ਪੋਸਟ ਵਿਚ ਕਿਹਾ ਸੀ, "ਮੈਨੂੰ ਚੀਨ ਦੇ ਰਾਸ਼ਟਰਪਤੀ ਸ਼ੀ ਪਸੰਦ ਹਨ, ਹਮੇਸ਼ਾ ਰਹੇ ਹਨ ਅਤੇ ਹਮੇਸ਼ਾ ਰਹਿਣਗੇ, ਪਰ ਉਹ ਬਹੁਤ ਅੜੀਅਲ ਹਨ, ਅਤੇ ਉਨ੍ਹਾਂ ਨਾਲ ਸਮਝੌਤਾ ਕਰਨਾ ਬਹੁਤ ਔਖਾ ਹੈ!!!

ਗ਼ੌਰਤਲਬ ਹੈ ਕਿ 12 ਮਈ ਨੂੰ ਦੋਵਾਂ ਮੁਲਕਾਂ ਵਿਚਕਾਰ ਆਪਣੀਆਂ ਟੈਰਿਫ਼ ਦਰਾਂ ਨੂੰ ਘਟਾਉਣ ਦੇ ਸਮਝੌਤੇ ਤੋਂ ਥੋੜ੍ਹੀ ਦੇਰ ਬਾਅਦ ਹੀ ਅਮਰੀਕਾ ਅਤੇ ਚੀਨ ਵਿਚਕਾਰ ਵਪਾਰਕ ਗੱਲਬਾਤ ਰੁਕ ਗਈ। ਇਸ ਤੋਂ ਪਹਿਲਾਂ ਦੋਵਾਂ ਨੇ ਗੱਲਬਾਤ ਯਕੀਨੀ ਬਣਾਉਣ ਲਈ ਹੀ ਟੈਰਿਫ਼ ਦਰਾਂ ਘਟਾਈਆਂ ਸਨ। ਇਸ ਜਮੂਦ ਦਾ ਕਾਰਨ ਦੋਵਾਂ ਮੁਲਕਾਂ ਦਰਮਿਆਨ ਆਪੋ-ਆਪਣਾ ਮਾਲੀ ਦਬਦਬਾ ਕਾਇਮ ਕਰਨ ਲਈ ਜਾਰੀ ਜ਼ੋਰਦਾਰ ਮੁਕਾਬਲਾ ਹੀ ਹੈ।

# ਆਪਣੇ ਸੈਰ-ਸਪਾਟਾ ਉਦਯੋਗ ਨੂੰ ਉਤਸ਼ਾਹਿਤ ਕਰ ਰਿਹੈ ਟਿਊਨੀਸ਼ੀਆ

## 5 ਮਹੀਨਿਆਂ 'ਚ ਟਿਊਨੀਸ਼ੀਆ ਪਹੁੰਚੇ 34 ਲੱਖ ਸੈਲਾਨੀ

ਟਿਊਨੀਸ਼ੀਆ/ਏ.ਟੀ.ਨਿਊਜ਼: ਟਿਊਨੀਸ਼ੀਆ ਦੇ ਰਾਸ਼ਟਰੀ ਸੈਰ-ਸਪਾਟਾ ਦਫ਼ਤਰ ਦੇ ਮੁਖੀ ਮੁਹੰਮਦ ਮੇਹਦੀ ਹਲੋਈ ਨੇ ਕਿਹਾ ਹੈ ਕਿ ਇਸ ਸਾਲ ਦੇ ਪਹਿਲੇ ਪੰਜ ਮਹੀਨਿਆਂ ਵਿੱਚ 34 ਲੱਖ ਲੋਕਾਂ ਨੇ ਦੇਸ਼ ਦਾ ਦੌਰਾ ਕੀਤਾ। ਦੇਸ਼ ਦੇ ਨਿੱਜੀ ਰੇਡੀਓ ਸਟੇਸ਼ਨ 'ਮੋਜ਼ੈਕ. ਐਫ.ਐਮ.' ਨੇ ਹਲੋਈ ਦੇ ਹਵਾਲੇ ਨਾਲ ਕਿਹਾ, 'ਅਸੀਂ 2025 ਵਿੱਚ 1 ਕਰੋੜ 10 ਲੱਖ (11 ਮਿਲੀਅਨ) ਸੈਲਾਨੀਆਂ ਦਾ ਸਵਾਗਤ ਕਰਨ ਦੇ ਆਪਣੇ ਟੀਚੇ ਨੂੰ ਪ੍ਰਾਪਤ ਕਰ ਸਕਦੇ ਹਾਂ।'



ਉਨ੍ਹਾਂ ਕਿਹਾ ਕਿ ਟਿਊਨੀਸ਼ੀਆ ਆਪਣੇ ਸੈਰ-ਸਪਾਟਾ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਸਹੀ ਰਸਤੇ 'ਤੇ ਹੈ। ਦੇਸ਼ ਆਪਣੇ ਹੋਟਲ ਸੈਕਟਰ ਦੀ ਸੇਵਾ ਗੁਣਵੱਤਾ ਵਿੱਚ ਸੁਧਾਰ ਕਰ ਰਿਹਾ ਹੈ। ਅਧਿਕਾਰੀ ਅਨੁਸਾਰ ਟਿਊਨੀਸ਼ੀਆ ਨੇ 2024 ਵਿੱਚ 7.5 ਬਿਲੀਅਨ ਟਿਊਨੀਸ਼ੀਅਨ ਦਿਨਾਰ (ਲਗਭਗ 2.54 ਬਿਲੀਅਨ ਅਮਰੀਕੀ ਡਾਲਰ) ਦਾ ਸੈਰ-ਸਪਾਟਾ ਮਾਲੀਆ ਕਮਾਇਆ। ਇਸ ਸਾਲ ਇਹ ਅੱਠ ਬਿਲੀਅਨ ਟਿਊਨੀਸ਼ੀਅਨ ਦਿਨਾਰ (ਲਗਭਗ 2.7 ਬਿਲੀਅਨ ਅਮਰੀਕੀ ਡਾਲਰ) ਤੋਂ ਵੱਧ ਹੋਣ ਦੀ ਉਮੀਦ ਹੈ।

# ਆਸ ਮੁਤਾਬਿਕ ਨਹੀਂ ਨਿਕਲੇ ਪੰਜਾਬ ਨਸ਼ਾ ਮੁਕਤੀ ਮੁਹਿੰਮ ਦੇ ਨਤੀਜੇ

## ➢ ਨਸ਼ਾ ਛੁਡਾਉਣ 'ਤੇ ਖਰਚ ਹੋ ਰਹੇ ਨੇ ਸਾਲਾਨਾ 100 ਕਰੋੜ ਰੁਪਏ ➢ ਜਾਖੜ ਦੀ ਮੁੱਖ ਮੰਤਰੀ ਨੂੰ ਚੁਣੌਤੀ ਕਿ ਸਿਆਸੀ ਆਗੂਆਂ ਦੀ ਜਾਇਦਾਦ ਤੇ ਪੈਸੇ ਦੇ ਸਰੋਤ ਦੀ ਜਾਂਚ ਈ.ਡੀ. ਤੋਂ ਕਰਵਾਉਣ

ਪੰਜਾਬ ਸਰਕਾਰ ਦੀ ਨਸ਼ਾ-ਮੁਕਤੀ ਮੁਹਿੰਮ, ਜਿਸ ਨੂੰ 'ਯੁੱਧ ਨਸ਼ਿਆਂ ਵਿਰੁੱਧ' ਦਾ ਨਾਮ ਦਿੱਤਾ ਗਿਆ, ਅੱਜ ਅੰਕੜਿਆਂ ਦੀ ਜੰਗ ਵਿੱਚ ਉਲਝੀ ਨਜ਼ਰ ਆਉਂਦੀ ਹੈ। ਸਰਕਾਰੀ ਗੋਲੀਆਂ, ਜੋ ਨਸ਼ੇੜੀਆਂ ਦਾ ਨਸ਼ਾ ਛੁਡਵਾਉਣ ਲਈ ਵਰਤੀਆਂ ਜਾਂਦੀਆਂ ਸਨ, ਹੁਣ ਖੁਦ ਨਸ਼ੇ ਦੀ ਨਵੀਂ ਚਾਟ ਬਣ ਗਈਆਂ। ਪੁਲਿਸ ਦੀਆਂ ਛਾਪੇਮਾਰੀਆਂ ਡਰੇਨਾਂ ਤੇ ਝਾੜੀਆਂ ਵਿੱਚ ਫਸੀਆਂ ਹੋਈਆਂ ਹਨ, ਪਰ ਵੱਡੇ ਸਮਗਲਰ ਅਜੇ ਤਕ ਨਹੀਂ ਫੜੇ ਗਏ । ਨਸ਼ਾ ਛੁਡਾਊ ਕੇਂਦਰਾਂ ਵਿਚੋਂ ਨਸ਼ੇੜੀਆਂ ਦੀਆਂ ਫਰਾਰੀਆਂ ਨੇ ਸਰਕਾਰੀ ਮੁਹਿੰਮ ਦੀ ਪੋਲ ਖੋਲ੍ਹ ਦਿੱਤੀ। ਤਾਂ ਫਿਰ ਸਵਾਲ ਇਹ ਹੈ ਕਿ ਕੀ ਸਰਕਾਰ ਦੀ ਇਹ ਮੁਹਿੰਮ ਸੱਚਮੁੱਚ ਪੰਜਾਬ ਨੂੰ ਨਸ਼ਾ-ਮੁਕਤ ਕਰ ਸਕੇਗੀ, ਜਾਂ ਇਹ ਸਿਰਫ ਕਾਗਜ਼ੀ ਅੰਕੜਿਆਂ ਦੀ ਖੇਡ ਹੈ?




### ਸਰਕਾਰੀ ਗੋਲੀ: ਕੀ ਨਵਾਂ ਨਸ਼ਾ ਬਣੀ ਹੈ?

ਪੰਜਾਬ ਵਿੱਚ 554 ਓਟ ਕਲੀਨਿਕਾਂ ਵਿੱਚ ਸਰਕਾਰ ਮੁਫਤ ਵਿੱਚ 'ਬੁਪਰੋਨੌਰਫਿਨ' ਨਾਮ ਦੀ ਗੋਲੀ ਵੰਡਦੀ ਹੈ। ਇਹ ਗੋਲੀ, ਜੋ ਨਸ਼ੇੜੀਆਂ ਨੂੰ ਹੈਰੋਇਨ ਜਾਂ ਅਫੀਮ ਦੀ ਲਤ ਤੋਂ ਬਚਾਉਣ ਦਾ ਦਾਅਵਾ ਕਰਦੀ ਹੈ, ਹੁਣ ਖੁਦ ਨਸ਼ੇੜੀਆਂ ਲਈ ਨਸ਼ਾ ਬਣ ਗਈ ਹੈ। ਜਨਵਰੀ ਵਿੱਚ 88 ਲੱਖ ਗੋਲੀਆਂ ਦੀ ਖਪਤ ਮਈ ਵਿੱਚ 91 ਲੱਖ 'ਤੇ ਜਾ ਪੁੱਜੀ ਹੈ। ਇਹ ਅੰਕੜੇ ਦੱਸਦੇ ਨੇ ਕਿ ਨਸ਼ੇੜੀ ਇਸ ਗੋਲੀ ਨੂੰ ਨਸ਼ੇ ਦੇ ਬਦਲੇ ਨਸ਼ੇ ਵਜੋਂ ਵਰਤ ਰਹੇ ਨੇ। 3 ਲੱਖ ਮਰੀਜ਼ ਇਨ੍ਹਾਂ ਕਲੀਨਿਕਾਂ ਵਿੱਚ ਰਜਿਸਟਰਡ ਨੇ, ਪਰ ਸਵਾਲ ਇਹ ਹੈ 'ਕੀ ਇਹ ਮਰੀਜ਼ ਸੱਚਮੁੱਚ ਨਸ਼ਾ ਛੱਡ ਰਹੇ ਨੇ, ਜਾਂ ਸਰਕਾਰੀ ਗੋਲੀ ਦੀ ਚਾਟ 'ਚ ਫਸ ਰਹੇ ਨੇ ?

ਸਿਹਤ ਵਿਭਾਗ ਦਾ ਦਾਅਵਾ ਹੈ ਕਿ 6 ਮਹੀਨਿਆਂ ਦੀ ਦਵਾਈ ਦਾ ਸਟਾਕ ਹੈ, ਪਰ ਸਾਲਾਨਾ 100 ਕਰੋੜ ਰੁਪਏ ਦਾ ਖਰਚਾ ਕੀ ਸੱਚਮੁੱਚ ਨਸ਼ੇੜੀਆਂ ਨੂੰ ਬਚਾਉਣ ਵਿੱਚ ਕੰਮ ਆ ਰਿਹਾ ? 2023 ਵਿੱਚ 85.95 ਕਰੋੜ, 2021 ਵਿੱਚ 34.80 ਕਰੋੜ, ਤੇ 2019 ਵਿੱਚ 20.97 ਕਰੋੜ ਖਰਚ ਹੋਇਆ, ਪਰ ਨਤੀਜਾ ਮਨਫੀ ਨਿਕਲਿਆ ?

### ਨਸ਼ਿਆਂ ਵਿਰੁੱਧ ਪੰਜਾਬ ਪੁਲਿਸ ਦੀ ਮੁਹਿੰਮ

ਪੰਜਾਬ ਪੁਲੀਸ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਸਰਕਾਰ ਜਿੱਤ ਦਾ ਤਗਮਾ ਪਹਿਨਾਉਂਦੀ ਹੈ, ਪਰ ਅਸਲੀਅਤ ਵਿੱਚ ਇਹ ਮੁਹਿੰਮ ਡਰੇਨਾਂ, ਝਾੜੀਆਂ ਤੇ ਖਾਲੀ ਪਲਾਟਾਂ ਵਿੱਚ ਨਸ਼ੇੜੀਆਂ ਨੂੰ ਫੜਨ ਤੱਕ ਸੀਮਤ ਹੈ। 1 ਮਾਰਚ ਤੋਂ ਹੁਣ ਤੱਕ 16,492 ਤਸਕਰ ਫੜੇ ਗਏ, ਯਾਨੀ ਰੋਜ਼ਾਨਾ 163 ਗ੍ਰਿਫਤਾਰੀਆਂ। ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਨਸ਼ੇੜੀ ਨੇ, ਜਿਨ੍ਹਾਂ ਕੋਲੋਂ 10-10 ਰੁਪਏ ਦੇ ਨੋਟ, ਲਾਈਟਰ ਤੇ ਸਿਲਵਰ ਪੇਪਰ ਹੀ ਮਿਲਦੇ ਨੇ। ਵੱਡੇ ਸਮਗਲਰ, ਜੋ ਨਸ਼ੇ ਦੀ ਜੜ੍ਹ 'ਚ ਬੈਠੇ ਨੇ, ਅਜੇ ਵੀ ਪੁਲਿਸ ਦੀ ਪਕੜ ਤੋਂ ਬਾਹਰ ਨੇ। ਪੁਲਿਸ ਦੀਆਂ ਰਿਪੋਰਟਾਂ 'ਚ ਇਕੋ ਜਿਹੀ ਇਬਾਰਤ ਨਜ਼ਰ ਆਉਂਦੀ ਹੈ—'ਮੁਖਬਰ ਦੀ ਸੂਚਨਾ 'ਤੇ ਛਾਪਾ, ਨਸ਼ੇੜੀ ਝਾੜੀਆਂ ਵਿਚੋਂ ਫੜਿਆ, ਕੋਈ ਨਸ਼ਾ ਨਹੀਂ ਮਿਲਿਆ।' ਅਜਿਹੇ ਕੇਸ ਐੱਨ.ਡੀ.ਪੀ.ਐੱਸ. ਐਕਟ ਦੀਆਂ ਜ਼ਮਾਨਤਯੋਗ ਧਾਰਾਵਾਂ ਅਧੀਨ ਦਰਜ ਹੁੰਦੇ ਨੇ। ਕੈਬਨਿਟ ਕਮੇਟੀ ਦੇ ਮੁਖੀ ਹਰਪਾਲ ਸਿੰਘ ਚੀਮਾ ਦਾ ਦਾਅਵਾ ਹੈ ਕਿ ਨਸ਼ੇੜੀਆਂ ਨੂੰ ਫੜਨ ਨਾਲ ਸਪਲਾਈ ਲਾਈਨ ਟੁੱਟ ਰਹੀ ਹੈ। ਪਰ ਸੱਚਾਈ ਇਹ ਹੈ ਕਿ 10 ਰੁਪਏ ਦੇ ਨੋਟ ਨਾਲ ਧੂੰਆਂ ਖਿੱਚਣ ਵਾਲਾ ਨਸ਼ੇੜੀ ਸਪਲਾਈ ਲਾਈਨ ਦਾ ਹਿੱਸਾ ਨਹੀਂ, ਸਗੋਂ ਪੁਲਿਸ ਦੀ ਅੰਕੜਿਆਂ ਦੀ ਖਾਨਾਪੂਰਤੀ ਦਾ ਸਬੂਤ ਹੈ।

### ਨਸ਼ਾ ਛੁਡਾਊ ਕੇਂਦਰ: ਜੇਲ੍ਹ ਜਾਂ ਖੁੱਲ੍ਹੀਆਂ ਇਮਾਰਤਾਂ ?

ਸਰਕਾਰ ਨਸ਼ੇੜੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕਰਨ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ, ਪਰ ਇਹ ਕੇਂਦਰ ਜੇਲ੍ਹ ਨਹੀਂ, ਖੁੱਲ੍ਹੀਆਂ ਛੱਡੀਆਂ ਇਮਾਰਤਾਂ ਬਣ ਗਏ ਨੇ। ਗੁਰਦਾਸਪੁਰ ਦੇ ਕੇਂਦਰ ਵਿਚੋਂ 10 ਦਿਨਾਂ ਵਿੱਚ 5 ਨਸ਼ੇੜੀ ਭੱਜ ਗਏ। ਘਾਬਦਾਂ ਵਿਚੋਂ 13 ਤੇ ਮਾਲੇਰਕੋਟਲਾ ਵਿਚੋਂ 7 ਨੌਜਵਾਨ ਫਰਾਰ ਹੋਏ। ਪੁਲਿਸ ਵੱਲੋਂ ਜਬਰੀ ਭਰਤੀ ਕੀਤੇ ਨਸ਼ੇੜੀਆਂ ਨੂੰ ਇਹ ਕੇਂਦਰ ਸੰਭਾਲ ਨਹੀਂ ਸਕਦੇ। ਪੰਜਾਬ ਵਿੱਚ 36 ਸਰਕਾਰੀ ਤੇ 177 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਨੇ, ਪਰ ਇਨ੍ਹਾਂ ਦੀ ਸਮਰੱਥਾ ਨਸ਼ੇੜੀਆਂ ਦੀ ਵਧਦੀ ਗਿਣਤੀ ਅੱਗੇ ਘੱਟ ਪੈ ਰਹੀ ਹੈ। ਜਿਹੜੇ ਨਸ਼ੇੜੀ ਮਾਪਿਆਂ ਦੀ ਮਰਜ਼ੀ ਨਾਲ ਆਉਂਦੇ ਨੇ, ਉਹ ਇਲਾਜ ਕਰਵਾ ਲੈਂਦੇ ਨੇ, ਪਰ ਪੁਲਿਸ ਦੀ ਜਬਰੀ ਭਰਤੀ ਵਾਲੇ ਭੱਜਣ ਵਿੱਚ ਮਾਹਿਰ ਨੇ। ਇਹ ਫਰਾਰੀਆਂ ਸਰਕਾਰੀ ਮੁਹਿੰਮ ਦੀ ਅਸਫਲਤਾ ਦੀ ਜਿੰਦਾ ਮਿਸਾਲ ਨੇ।



### ਜਾਖੜ ਨੇ ਸਰਕਾਰੀ ਨਸ਼ਾ ਵਿਰੋਧੀ ਮੁਹਿੰਮ ਦੇ ਭੇਦ ਖੋਲੇ

ਭਾਜਪਾ ਆਗੂ ਸੁਨੀਲ ਜਾਖੜ ਨੇ ਨਸ਼ਿਆਂ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਦਿਆਂ ਸਾਰੇ ਸਿਆਸੀ ਆਗੂਆਂ, ਵਿਧਾਇਕਾਂ ਤੇ ਪ੍ਰਧਾਨਾਂ ਦੇ ਡੋਪ ਟੈਸਟ ਦੀ ਮੰਗ ਕਰ ਦਿੱਤੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਵਿੱਤ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਰਾਜਨੀਤਕ ਆਗੂਆਂ ਦੀ ਜਾਇਦਾਦ ਤੇ ਪੈਸੇ ਦੇ ਸਰੋਤ ਦੀ ਜਾਂਚ ਈ.ਡੀ. ਨਾਲ ਕਰਵਾਉਣ। ਜਾਖੜ ਦਾ ਸਵਾਲ ਸੀ, ਪਾਰਟੀ ਪ੍ਰਧਾਨਾਂ ਕੋਲ ਇੰਨਾ ਪੈਸਾ ਕਿੱਥੋਂ ? ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਨੇ ਚੋਣਾਂ ਵਿੱਚ ਨਸ਼ਾ ਵੇਚਣ ਵਾਲਿਆਂ ਤੋਂ ਦਾਨ ਨਹੀਂ ਲਿਆ। ਜਾਖੜ ਨੇ ਸਰਕਾਰ 'ਤੇ ਸ਼ਰਾਬ ਨੂੰ ਨਸ਼ੇ ਦੀ ਸ੍ਰੇਣੀ ਵਿਚੋਂ ਹਟਾਉਣ ਦਾ ਦੋਸ਼ ਵੀ ਲਾਇਆ, ਕਿਉਂਕਿ 2022 ਵਿੱਚ 35 ਲੱਖ ਵਿਦੇਸ਼ੀ ਸ਼ਰਾਬ ਦੇ ਡੱਬੇ ਵਿਕਦੇ ਸਨ, ਜੋ ਹੁਣ 1 ਕਰੋੜ 'ਤੇ ਪੁੱਜ ਗਏ। ਇਸੇ ਤਰ੍ਹਾਂ, ਹਰ ਮਹੀਨੇ 91 ਲੱਖ ਰੁਪਏ ਦੀਆਂ ਟ੍ਰਾਮਾਡੋਲ ਗੋਲੀਆਂ ਵੀ ਵਿਕ ਰਹੀਆਂ ਨੇ। ਜਾਖੜ ਨੇ ਸਿਆਸੀ ਆਗੂਆਂ ਦੀ ਜਾਇਦਾਦ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ 5-10 ਸਾਲ ਪਹਿਲਾਂ ਸੀਮਤ ਸੰਪਤੀ ਵਾਲੇ ਆਗੂ ਅੱਜ ਗੋਆ ਵਿਚ ਜਾਇਦਾਦਾਂ ਤੇ 8-10 ਏਕੜ ਦੇ ਫਾਰਮ ਹਾਊਸ ਖਰੀਦ ਰਹੇ ਨੇ।

### ਕੀ ਕਹਿੰਦੇ ਹਨ ਨਸ਼ਾ ਮੁਹਿੰਮ ਬਾਰੇ ਖਜ਼ਾਨਾ ਮੰਤਰੀ ?

ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਜੋ 'ਯੁੱਧ ਨਸ਼ਿਆਂ ਵਿਰੁੱਧ' ਦੀ ਕੈਬਨਿਟ ਸਬ-ਕਮੇਟੀ ਦੇ ਮੁਖੀ ਵੀ ਨੇ, ਦਾਅਵਾ ਕਰਦੇ ਨੇ ਕਿ 100 ਦਿਨਾਂ 'ਚ 9580 ਕੇਸ ਦਰਜ ਕੀਤੇ ਗਏ ਤੇ 16348 ਨਸ਼ਾ ਤਸਕਰ ਫੜੇ ਗਏ। 622 ਕਿਲੋ ਹੈਰੋਇਨ ਤੇ 1100 ਕਰੋੜ ਦੀ ਡਰੱਗ ਮਨੀ ਬਰਾਮਦ ਹੋਈ।

(ਬਾਕੀ ਸਫ਼ਾ 30 'ਤੇ)

# ਪੂਰੀ ਤੇਜ਼ ਹੋ ਗਈ ਹੈ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੀ ਜੰਗ

## ਸਿਆਸੀ ਪਾਰਟੀਆਂ ਲਈ ਵਕਾਰ ਦਾ ਸਵਾਲ ਬਣੀ ਇਹ ਚੋਣ | ਪੰਜਾਬ ਦੀ ਸਿਆਸਤ ਦੀ ਦਸ਼ਾ ਤੇ ਦਿਸ਼ਾ ਤੈਅ ਕਰੇਗੀ ਜ਼ਿਮਨੀ ਚੋਣ

**ਇਸ ਸਮੇਂ ਸਭ ਦੀਆਂ ਨਜ਼ਰਾਂ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵੱਲ ਲੱਗੀਆਂ ਹੋਈਆਂ ਹਨ। ਇਹ ਚੋਣ ਜਿੱਤਣ ਲਈ ਜਿਥੇ ਆਮ ਆਦਮੀ ਪਾਰਟੀ ਨੇ ਪੰਜਾਬ 'ਚ ਆਪਣੀ ਸਰਕਾਰ ਹੋਣ ਦਾ ਲਾਹਾ ਲੈਂਦਿਆਂ ਪੂਰੀ ਸ਼ਕਤੀ ਝੋਕ ਦਿੱਤੀ ਹੈ, ਉਥੇ ਚੋਣ ਲੜ ਰਹੀਆਂ ਹੋਰ ਮੁੱਖ ਸਿਆਸੀ ਪਾਰਟੀਆਂ ਵੱਲੋਂ ਵੀ ਆਪਣੀ ਸਮਰੱਥਾ ਅਨੁਸਾਰ ਇਸ ਹਲਕੇ ਵਿੱਚ ਚੋਣ ਸਰਗਰਮੀਆਂ ਚਲਾਈਆਂ ਜਾ ਰਹੀਆਂ ਹਨ। ਗਰਮੀ ਦੇ ਇਸ ਮੌਸਮ ਵਿੱਚ ਉਮੀਦਵਾਰਾਂ, ਸਿਆਸੀ ਆਗੂਆਂ ਅਤੇ ਉਹਨਾਂ ਦੇ ਸਮਰਥਕਾਂ ਦਾ ਪਸੀਨਾ ਵਹਿ ਰਿਹਾ ਹੈ। ਭਾਵੇਂ ਇਸ ਹਲਕੇ ਤੋਂ 14 ਉਮੀਦਵਾਰ ਚੋਣ ਮੈਦਾਨ ਵਿੱਚ ਹਨ ਪਰ ਮੁੱਖ ਮੁਕਾਬਲਾ 'ਆਪ', ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਉਮੀਦਵਾਰਾਂ ਵਿਚਾਲੇ ਹੀ ਮੰਨਿਆ ਜਾ ਰਿਹਾ ਹੈ। ਇਸ ਤਰ੍ਹਾਂ ਇਸ ਸੀਟ 'ਤੇ ਚਾਰ ਕੋਨਾ ਮੁਕਾਬਲਾ ਹੋ ਰਿਹਾ ਹੈ। ਇਸ ਹਲਕੇ ਨੂੰ ਇਸ ਸਮੇਂ 'ਹੌਟ ਸੀਟ' ਮੰਨਿਆ ਜਾ ਰਿਹਾ ਹੈ।**



### ਹਲ਼ਕੇ ਦੇ ਕੁੱਲ ਵੋਟਰਾਂ ਤੇ ਪੋਲਿੰਗ ਬੂਥਾਂ ਦੀ ਗਿਣਤੀ

ਲੁਧਿਆਣਾ ਪੱਛਮੀ ਵਿਧਾਨ ਸਭਾ ਹਲ਼ਕੇ ਵਿੱਚ ਕੁੱਲ ਵੋਟਰਾਂ ਦੀ ਗਿਣਤੀ 1 ਲੱਖ 74 ਹਜ਼ਾਰ 437 ਹੈ, ਜਿਨ੍ਹਾਂ ਵਿੱਚੋਂ ਮਰਦ ਵੋਟਰਾਂ ਦੀ ਗਿਣਤੀ 89 ਹਜ਼ਾਰ 602, ਔਰਤ ਵੋਟਰਾਂ ਦੀ ਗਿਣਤੀ 84 ਹਜ਼ਾਰ 825 ਅਤੇ ਤੀਜੇ ਲਿੰਗ ਵਜੋਂ ਪਛਾਣੇ ਜਾਣ ਵਾਲੇ 10 ਵੋਟਰ ਸ਼ਾਮਲ ਹਨ। ਇਸ ਜ਼ਿਮਨੀ ਚੋਣ ਲਈ ਕੁੱਲ 192 ਪੋਲਿੰਗ ਬੂਥ ਬਣਾਏ ਗਏ ਹਨ, ਜਿਨ੍ਹਾਂ ਵਿੱਚ 10 ਮਾਡਲ ਪੋਲਿੰਗ ਬੂਥ, ਔਰਤਾਂ ਵੱਲੋਂ ਸੰਚਾਲਿਤ ਕੀਤਾ ਜਾਣ ਵਾਲਾ ਇੱਕ ਪੋਲਿੰਗ ਬੂਥ, ਵਾਤਾਵਰਣ ਅਨੁਕੂਲ 'ਹਰਾ' ਇੱਕ ਪੋਲਿੰਗ ਬੂਥ ਅਤੇ ਪੀ.ਡਬਲਯੂ.ਡੀ. ਸਟਾਫ਼ ਵੱਲੋਂ ਸੰਚਾਲਿਤ ਕੀਤਾ ਜਾਣ ਵਾਲਾ ਇੱਕ ਪੋਲਿੰਗ ਬੂਥ ਸ਼ਾਮਲ ਹੈ। ਇਸ ਤੋਂ ਇਲਾਵਾ 13 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਪੋਲਿੰਗ ਬੂਥ ਐਲਾਨਿਆ ਗਿਆ ਹੈ।

ਆਉਣ ਵਾਲੀ 19 ਜੂਨ ਨੂੰ ਪੰਜਾਬ ਦੇ ਪ੍ਰਸਿੱਧ ਸ਼ਹਿਰ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਲਈ ਸਿਆਸੀ ਪਾਰਟੀਆਂ ਵਿਚਾਲੇ ਸਿਰ- ਧੜ ਦੀ ਬਾਜ਼ੀ ਲੱਗ ਗਈ ਹੈ। ਇਸ ਉਪ ਚੋਣ ਨੂੰ ਸਿਆਸੀ ਪਾਰਟੀਆਂ ਨੇ ਆਪਣੇ ਵਕਾਰ ਦਾ ਸਵਾਲ ਬਣਾ ਲਿਆ ਹੈ। ਇਹ ਚੋਣ ਲੜ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਜਿੱਤ ਪ੍ਰਾਪਤ ਕਰਨ ਲਈ ਤਰਲੋਮੱਛੀ ਹੋ ਰਹੀਆਂ ਹਨ। ਪੰਜਾਬ ਦੀ 'ਆਪ' ਸਰਕਾਰ ਲਈ ਵੀ ਇਹ ਚੋਣ 'ਮੁੱਛ' ਦਾ ਸਵਾਲ ਬਣੀ ਹੋਈ ਹੈ ਅਤੇ ਵੱਡੀ ਗਿਣਤੀ ਮੰਤਰੀਆਂ ਤੇ ਵਿਧਾਇਕਾਂ ਨੇ ਲੁਧਿਆਣਾ ਵਿੱਚ ਡੇਰੇ ਲਗਾਏ ਹੋਏ ਹਨ, ਜਿਥੇ ਉਹਨਾਂ ਦੇ ਦਿਨ ਦੀ ਸ਼ੁਰੂਆਤ ਪਾਰਕਾਂ ਵਿੱਚ ਸੈਰ ਕਰਨ ਬਹਾਨੇ ਪਾਰਕਾਂ ਵਿੱਚ ਆਉਂਦੇ ਆਮ ਲੋਕਾਂ ਕੋਲ ਚੋਣ ਪ੍ਰਚਾਰ ਤੋਂ ਹੁੰਦੀ ਹੈ ਅਤੇ ਦੇਰ ਰਾਤ ਤੱਕ ਉਹ ਚੋਣ ਪ੍ਰਚਾਰ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਉਮੀਦਵਾਰਾਂ ਅਤੇ ਉਹਨਾਂ ਦੇ ਸਮਰਥਕਾਂ ਵੱਲੋਂ ਵੀ ਆਪੋ ਆਪਣਾ ਚੋਣ ਪ੍ਰਚਾਰ ਪੂਰੀ ਤਰ੍ਹਾਂ ਤੇਜ਼ ਕਰ ਦਿੱਤਾ ਗਿਆ ਹੈ। ਕਾਂਗਰਸ ਨੂੰ ਅੰਦਰੂਨੀ ਫ਼ੁੱਟ ਇਸ ਚੋਣ ਦੌਰਾਨ ਮਹਿੰਗੀ ਪੈ ਸਕਦੀ ਹੈ, ਕਾਂਗਰਸ ਦੀ ਅੰਦਰੂਨੀ ਫ਼ੁੱਟ ਦਾ ਅਸਰ ਇਸ ਸੀਟ 'ਤੇ ਹੋ ਰਹੇ ਕਾਂਗਰਸ ਦੇ ਚੋਣ ਪ੍ਰਚਾਰ 'ਤੇ ਵੀ ਦਿਖਾਈ ਦੇ ਰਿਹਾ ਹੈ। ਵਿਦੇਸ਼ ਤੋਂ ਪਰਤ ਕੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਕਾਂਗਰਸ ਦੀ ਅੰਦਰੂਨੀ ਫ਼ੁੱਟ ਦੂਰ ਕਰਨ ਦੇ ਯਤਨ ਕਰ ਰਹੇ ਹਨ। ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਸਮਝਦੀ ਹੈ ਕਿ ਜੇ ਕਾਂਗਰਸ ਨੇ ਇਹ ਸੀਟ ਜਿੱਤਣੀ ਹੈ ਤਾਂ ਉਸ ਨੂੰ ਏਕਤਾ ਦੇ ਸੂਤਰ ਵਿੱਚ ਬੱਝਣਾ ਪਵੇਗਾ।

ਲੁਧਿਆਣਾ ਪੱਛਮੀ ਹਲਕੇ 'ਚ ਕੁੱਲ 14 ਉਮੀਦਵਾਰ ਚੋਣ ਮੈਦਾਨ 'ਚ ਹਨ। 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ ਤੇ 23 ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ। ਇਹ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ। ਇਸ ਹਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਸੰਜੀਵ ਅਰੋੜਾ ਚੋਣ ਲੜ ਰਹੇ ਹਨ। ਜਦੋਂ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਜੀਵਨ ਗੁਪਤਾ, ਕਾਂਗਰਸ ਵੱਲੋਂ ਭਾਰਤ ਭੂਸ਼ਣ ਆਸ਼ੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਰਉਪਕਾਰ ਸਿੰਘ ਘੁੰਮਣ ਚੋਣ ਲੜ ਰਹੇ ਹਨ। ਲੁਧਿਆਣਾ ਪੱਛਮੀ ਹਲਕੇ 'ਚ ਕੁੱਲ 17 ਵਾਰਡ ਹਨ। ਸਾਰੇ ਵਾਰਡਾਂ ਵਿੱਚ ਚੋਣ ਲੜ ਰਹੀਆਂ ਸਿਆਸੀ ਪਾਰਟੀਆਂ ਵੱਲੋਂ ਆਪਣੀ ਪੂਰੀ ਸ਼ਕਤੀ ਝੋਕ ਦਿੱਤੀ ਗਈ ਹੈ ਅਤੇ ਉਮੀਦਵਾਰਾਂ ਦੇ ਸਮਰਥਕਾਂ ਵੱਲੋਂ ਘਰ ਘਰ ਜਾ ਕੇ ਵੀ ਵੋਟਾਂ ਮੰਗੀਆਂ ਜਾ ਰਹੀਆਂ ਹਨ। ਸਨਅਤੀ ਸ਼ਹਿਰ ਹੋਣ ਕਾਰਨ ਲੁਧਿਆਣਾ ਵਿੱਚ ਸਨਅਤਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਉਹਨਾਂ ਦੀਆਂ ਵੋਟਾਂ ਵੀ ਕਾਫ਼ੀ ਮਹੱਤਤਾ ਰੱਖਦੀਆਂ ਹਨ। ਇਸੇ ਕਾਰਨ ਸਾਰੀਆਂ ਸਿਆਸੀ ਪਾਰਟੀਆਂ ਸਨਅਤਕਾਰਾਂ ਨੂੰ ਖੁਸ਼ ਕਰਕੇ ਉਹਨਾਂ ਦੀਆਂ ਵੋਟਾਂ ਲੈਣ ਦੇ ਯਤਨ ਕਰ ਰਹੀਆਂ ਹਨ। ਦੂਜੇ ਪਾਸੇ ਗਰਮੀਆਂ ਦੀਆਂ ਛੁੱਟੀਆਂ ਦੇ ਦਿਨ ਹੋਣ ਕਾਰਨ ਇਸ ਹਲਕੇ ਦੇ ਅਨੇਕਾਂ ਲੋਕ ਘੁੰਮਣ ਵੀ ਗਏ ਹੋਏ ਹਨ, ਜਿਸ ਕਾਰਨ ਵੋਟਾਂ ਵਾਲੇ ਦਿਨ ਵੋਟ ਪ੍ਰਤੀਸ਼ਤ ਪ੍ਰਭਾਵਿਤ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਇਸ ਤੋਂ ਇਲਾਵਾ ਤੇਜ਼ ਗਰਮੀ ਪੈਣ ਕਾਰਨ ਵੀ ਵੋਟਿੰਗ ਪ੍ਰਭਾਵਿਤ ਹੋ ਸਕਦੀ ਹੈ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੌਰਾਨ ਇਹ ਗੱਲ ਵੀ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਇਸ ਚੋਣ ਦੌਰਾਨ ਵੀ ਪੰਜਾਬ ਦੇ ਮੁੱਖ ਮੁੱਦੇ ਅਤੇ ਵੱਡੇ ਮਸਲੇ ਅਣਗੌਲੇ ਰਹਿ ਗਏ ਹਨ।

(ਬਾਕੀ ਸਫ਼ਾ 30 'ਤੇ)

## ਮਾਮਲਾ ਪੀਲੀਭੀਤ ਵਿੱਚ ਹਰਮਿੰਦਰ ਸਿੰਘ ਦੇ ਝੂਠੇ ਪੁਲਿਸ ਮੁਕਾਬਲੇ ਦਾ

# ਪਤਨੀ ਸਵਰਨਜੀਤ ਕੌਰ ਨਿਆਂ ਲਈ 34 ਸਾਲਾਂ ਤੋਂ ਕਰ ਰਹੀ ਹੈ ਸੰਘਰਸ਼

### ਸੀ.ਬੀ.ਆਈ. ਨੇ ਕੀਤਾ ਸੀ ਝੂਠ ਦਾ ਪਰਦਾਫਾਸ਼, 57 ਪੁਲਿਸ ਮੁਲਾਜ਼ਮ ਦੋਸ਼ੀ



ਪੰਜਾਬ ਦੀ ਧਰਤੀ ਉੱਤੇ 1980 ਅਤੇ 1990 ਦੇ ਦਹਾਕਿਆਂ ਵਿੱਚ ਇੱਕ ਅਜਿਹਾ ਕਾਲਾ ਅਧਿਆਇ ਲਿਖਿਆ ਗਿਆ, ਜਿਸ ਦੀ ਧਰਤੀ ਝੂਠੇ ਪੁਲਿਸ ਮੁਕਾਬਲਿਆਂ ਨਾਲ ਖ਼ੂਨ ਨਾਲ ਰੰਗੀ ਗਈ। ਇਸੇ ਦੌਰ ਨਾਲ ਸਬੰਧਿਤ ਹਰਮਿੰਦਰ ਸਿੰਘ ਦੀ ਕਹਾਣੀ, ਜਿਸ ਦੀ ਜ਼ਿੰਦਗੀ ਨੂੰ ਉੱਤਰ ਪ੍ਰਦੇਸ਼ ਦੀ ਪੁਲਿਸ ਨੇ 1991 ਵਿੱਚ ਝੂਠੇ ਮੁਕਾਬਲੇ ਦੀ ਭੇਟ ਚੜ੍ਹਾ ਦਿੱਤਾ। ਪਰ ਇਹ ਕਹਾਣੀ ਸਿਰਫ਼ ਹਰਮਿੰਦਰ ਸਿੰਘ ਦੀ ਮੌਤ ਦੀ ਨਹੀਂ, ਸਗੋਂ ਸਵਰਨਜੀਤ ਕੌਰ ਅਤੇ ਅਜੀਤ ਸਿੰਘ ਦੀ ਉਸ ਅਟੱਲ ਲੜਾਈ ਦੀ ਹੈ, ਜੋ ਨਿਆਂ ਦੀ ਲੋਅ ਨੂੰ ਅੱਜ ਵੀ ਜਗਾਈ ਰੱਖਣ ਵਿੱਚ ਜੁਟੇ ਹੋਏ ਹਨ।

ਹਰਮਿੰਦਰ ਸਿੰਘ, ਇੱਕ ਸਾਧਾਰਨ ਸਿੱਖ ਨੌਜਵਾਨ ਸੀ , ਜੋ ਕਿ 1991 ਵਿੱਚ, ਜਦੋਂ ਉਹ ਨਾਂਦੇੜ ਸਾਹਿਬ ਦੇ ਦਰਸ਼ਨਾਂ ਤੋਂ ਸੰਗਤ ਨਾਲ ਵਾਪਸ ਪਰਤ ਰਿਹਾ ਸੀ, ਉਸ ਦੀ ਜ਼ਿੰਦਗੀ ਨੂੰ ਪੀਲੀਭੀਤ (ਉੱਤਰ ਪ੍ਰਦੇਸ਼) ਦੇ ਜੰਗਲਾਂ ਵਿੱਚ ਪੁਲਿਸ ਨੇ ਖਤਮ ਕਰ ਦਿੱਤਾ। ਬੱਸ ਵਿੱਚ ਸਫ਼ਰ ਕਰਦੇ ਸਮੇਂ ਪੁਲਿਸ ਨੇ ਸੰਗਤ ਨੂੰ ਘੇਰ ਲਿਆ ਅਤੇ ਹਰਮਿੰਦਰ ਸਿੰਘ ਨੂੰ ਅਗਵਾ ਕਰ ਲਿਆ ਗਿਆ। ਅਗਲੇ ਦਿਨ ਅਖ਼ਬਾਰਾਂ ਦੀਆਂ ਸੁਰਖ਼ੀਆਂ ਨੇ ਉਸ ਨੂੰ "ਖਾੜਕੂ" ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਉਸ ਨੂੰ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ। ਪਰ ਸੱਚਾਈ ਇਸ ਤੋਂ ਕਿਤੇ ਵੱਖਰੀ ਸੀ। ਸਵਰਨਜੀਤ ਕੌਰ, ਜਿਸ ਦਾ ਹਰਮਿੰਦਰ ਨਾਲ ਵਿਆਹ ਨੂੰ ਅਜੇ ਛੇ ਮਹੀਨੇ ਹੀ ਹੋਏ ਸਨ।

ਅਜੀਤ ਸਿੰਘ, ਹਰਮਿੰਦਰ ਦੇ ਪਿਤਾ ਸਨ, ਜਿਨ੍ਹਾਂ ਲਈ ਇਹ ਘਟਨਾ ਸਿਰਫ਼ ਇੱਕ ਗੰਭੀਰ ਦੁਖਾਂਤ ਸੀ, ਜਿਸ ਲਈ ਨਿਆਂ ਦੀ ਜੰਗ ਲੜਨੀ ਪਈ, ਬੁੱਚੜ ਪੁਲਸੀਆਂ ਨੂੰ ਸਜ਼ਾ ਦਿਵਾਉਣ ਲਈ। ਇਹ ਨਿਆਂ ਦੀ ਜੰਗ ਅੱਜ ਵੀ ਜਾਰੀ ਹੈ। ਹਰਮਿੰਦਰ ਦੀ ਪਤਨੀ ਸਵਰਨਜੀਤ ਕੌਰ ਦੀਆਂ ਅੱਖਾਂ ਵਿੱਚ ਉਹ ਪਲ ਅਜੇ ਵੀ ਜਿਉਂ ਦੇ ਤਿਉਂ ਉੱਕਰੇ ਹੋਏ ਹਨ, ਜਦੋਂ ਪੁਲਿਸ ਉਸ ਦੇ ਪਤੀ ਨੂੰ ਖਿੱਚ ਕੇ ਲੈ ਗਈ। "ਸਾਨੂੰ ਨਾ ਲਾਸ਼ ਮਿਲੀ, ਨਾ ਸਸਕਾਰ ਕਰ ਸਕੇ," ਉਸ ਦੇ ਇਹ ਸ਼ਬਦ ਪੰਜਾਬ ਦੇ ਹਜ਼ਾਰਾਂ ਸਿੱਖ ਪਰਿਵਾਰਾਂ ਦੀ ਦਰਦ-ਭਰੀ ਗਾਥਾ ਦਾ ਪ੍ਰਤੀਕ ਹਨ ,ਜਿਨ੍ਹਾਂ ਦੇ ਪੁੱਤਰ, ਪਤੀ,,ਬਾਪ,ਭਰਾ ਝੂਠੇ ਮੁਕਾਬਲੇ ਬਣਾ ਕੇ ਲਾਵਾਰਿਸ ਲਾਸ਼ਾਂ ਬਣਾ ਦਿੱਤੇ ਗਏ।

ਹਰਮਿੰਦਰ ਸਿੰਘ ਦੇ ਕੇਸ ਨੇ ਉਸ ਸਮੇਂ ਮੋੜ ਲਿਆ, ਜਦੋਂ ਸਵਰਨਜੀਤ ਕੌਰ ਅਤੇ ਅਜੀਤ ਸਿੰਘ ਨੇ ਹਾਰ ਨਾ ਮੰਨਦਿਆਂ ਨਿਆਂ ਦੀ ਲੜਾਈ ਸ਼ੁਰੂ ਕੀਤੀ। ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਸੀ.ਬੀ.ਆਈ. ਨੇ ਆਪਣੀ ਜਾਂਚ ਵਿੱਚ ਪਾਇਆ ਕਿ ਹਰਮਿੰਦਰ ਸਿੰਘ ਦਾ ਮੁਕਾਬਲਾ ਪੂਰੀ ਤਰ੍ਹਾਂ ਝੂਠਾ ਸੀ। ਨਾ ਸਿਰਫ਼ ਹਰਮਿੰਦਰ, ਸਗੋਂ ਉਸ ਦੇ ਨਾਲ 10 ਹੋਰ ਸਿੱਖ ਨੌਜਵਾਨਾਂ ਨੂੰ ਵੀ ਪੀਲੀਭੀਤ ਦੇ ਜੰਗਲਾਂ ਵਿੱਚ ਇਸ ਤਰ੍ਹਾਂ ਮਾਰਿਆ ਗਿਆ ਸੀ। ਸੀ.ਬੀ.ਆਈ. ਨੇ 57 ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾਇਆ ਅਤੇ 2011 ਵਿੱਚ ਮੋਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਪਰ ਨਿਆਂ ਦਾ ਇਹ ਸਫ਼ਰ ਇੱਥੇ ਹੀ ਨਹੀਂ ਰੁਕਿਆ।

2016 ਵਿੱਚ, ਉੱਤਰ ਪ੍ਰਦੇਸ਼ ਦੀ ਅਦਾਲਤ ਨੇ ਇਸ ਸਜ਼ਾ ਨੂੰ ਘਟਾ ਕੇ 7 ਸਾਲ ਕਰ ਦਿੱਤਾ, ਜਿਸ ਨੂੰ ਅਜੀਤ ਸਿੰਘ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ। ਇਸ ਦੌਰਾਨ, ਸਵਰਨਜੀਤ ਕੌਰ ਨੇ ਨਾ ਸਿਰਫ਼ ਆਪਣੀ ਨਵਜੰਮੀ ਬੇਟੀ ਦੀ ਪਰਵਰਿਸ਼ ਦਾ ਬੋਝ ਸੰਭਾਲਿਆ, ਸਗੋਂ ਕਾਨੂੰਨੀ ਲੜਾਈ ਵਿੱਚ ਵੀ ਪੂਰੀ ਤਰ੍ਹਾਂ ਅਜੀਤ ਸਿੰਘ ਦੇ ਨਾਲ ਖੜ੍ਹੀ ਰਹੀ। ਅਜੀਤ ਸਿੰਘ ਨੇ ਆਪਣੀ ਜ਼ਮੀਨ ਵੇਚ ਕੇ, ਘਰ ਦੀਆਂ ਬੱਚਤਾਂ ਖਰਚ ਕੇ ਅਤੇ ਹਰ ਸੰਭਵ ਸਾਧਨ ਜੋੜ ਕੇ ਇਸ ਲੜਾਈ ਨੂੰ ਜਾਰੀ ਰੱਖਿਆ।


**ਕੇਸ ਦੀ ਮੌਜੂਦਾ ਸਥਿਤੀ**

2025 ਤੱਕ, ਹਰਮਿੰਦਰ ਸਿੰਘ ਦਾ ਕੇਸ ਸੁਪਰੀਮ ਕੋਰਟ ਵਿੱਚ ਪੈਂਡਿੰਗ ਹੈ। ਸਵਰਨਜੀਤ ਕੌਰ ਅਤੇ ਅਜੀਤ ਸਿੰਘ ਦੀ ਲੜਾਈ ਨੂੰ ਹੁਣ ਤਕਰੀਬਨ 34 ਸਾਲ ਹੋ ਚੁੱਕੇ ਹਨ। ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਜਾਰੀ ਹੈ, ਜਿੱਥੇ ਪੀੜਤ ਪਰਿਵਾਰ ਪੁਲਿਸ ਮੁਲਾਜ਼ਮਾਂ ਲਈ ਸਖ਼ਤ ਸਜ਼ਾ ਦੀ ਮੰਗ ਕਰ ਰਿਹਾ ਹੈ। 57 ਪੁਲਿਸ ਮੁਲਾਜ਼ਮਾਂ ਵਿੱਚੋਂ ਕਈ ਅਜੇ ਵੀ ਜੇਲ੍ਹ ਵਿੱਚ ਹਨ, ਜਦਕਿ ਕੁਝ ਨੂੰ ਜ਼ਮਾਨਤ ਮਿਲ ਚੁੱਕੀ ਹੈ। ਸੁਪਰੀਮ ਕੋਰਟ ਦਾ ਫੈਸਲਾ ਅਜੇ ਆਉਣਾ ਬਾਕੀ ਹੈ। ਇਸ ਕੇਸ ਵਿੱਚ ਪੀੜਤ ਪਰਿਵਾਰ ਦੀ ਪੈਰਵੀ ਪ੍ਰਸਿੱਧ ਮਨੁੱਖੀ ਅਧਿਕਾਰ ਵਕੀਲ ਜਗਜੀਤ ਸਿੰਘ ਬਾਜਵਾ ਅਤੇ ਆਰ.ਐਸ. ਬੈਂਸ ਵਰਗੇ ਵਕੀਲ ਕਰ ਰਹੇ ਹਨ। ਜਗਜੀਤ ਸਿੰਘ ਬਾਜਵਾ, ਜੋ ਪੰਜਾਬ ਵਿੱਚ ਝੂਠੇ ਮੁਕਾਬਲਿਆਂ ਦੇ ਕਈ ਮਾਮਲਿਆਂ ਵਿੱਚ ਪੀੜਤਾਂ ਦੀ ਆਵਾਜ਼ ਬਣੇ ਹਨ, ਨੇ ਇਸ ਕੇਸ ਵਿੱਚ ਸੀ.ਬੀ.ਆਈ. ਜਾਂਚ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਪਰਿਵਾਰ ਦਾ ਸਾਥ ਦਿੱਤਾ ਹੈ। ਆਰ.ਐਸ. ਬੈਂਸ, ਜੋ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ 'ਤੇ ਅਕਸਰ ਸਰਕਾਰ ਨਾਲ ਟੱਕਰ ਲੈਂਦੇ ਰਹੇ ਹਨ, ਨੇ ਵੀ ਇਸ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸਵਰਨਜੀਤ ਕੌਰ ਅਤੇ ਅਜੀਤ ਸਿੰਘ ਨੇ ਇਨ੍ਹਾਂ ਸੰਗਠਨਾਂ ਦੇ ਸਹਿਯੋਗ ਨਾਲ ਨਾ ਸਿਰਫ਼ ਆਪਣੀ ਲੜਾਈ ਜਾਰੀ ਰੱਖੀ, ਸਗੋਂ ਪੰਜਾਬ ਦੇ ਹਜ਼ਾਰਾਂ ਹੋਰ ਪੀੜਤ ਪਰਿਵਾਰਾਂ ਲਈ ਵੀ ਉਮੀਦ ਦੀ ਲੋਅ ਜਗਾਈ।

**ਖਾੜਕੂਵਾਦ ਦਾ ਦੌਰ: ਸਰਕਾਰੀ ਝੂਠ ਦੀ ਧੁੰਦ**

ਪੰਜਾਬ ਦਾ ਖਾੜਕੂਵਾਦ ਦਾ ਦੌਰ (1982-1995) ਇੱਕ ਅਜਿਹਾ ਸਮਾਂ ਸੀ, ਜਦੋਂ ਸਰਕਾਰੀ ਮਸ਼ੀਨਰੀ ਨੇ ਸਿੱਖ ਨੌਜਵਾਨਾਂ ਨੂੰ "ਖਾੜਕੂ" ਦਾ ਲੇਬਲ ਲਗਾ ਕੇ ਝੂਠੇ ਮੁਕਾਬਲਿਆਂ ਵਿੱਚ ਮਾਰਨਾ ਸ਼ੁਰੂ ਕਰ ਦਿੱਤਾ। ਮਨੁੱਖੀ ਅਧਿਕਾਰ ਸੰਗਠਨਾਂ ਦੇ ਅੰਦਾਜ਼ੇ ਮੁਤਾਬਕ, ਇਸ ਦੌਰ ਵਿੱਚ 35,000 ਤੋਂ 40,000 ਲੋਕ ਮਾਰੇ ਗਏ। ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ 2097 ਅਜਿਹੀਆਂ ਲਾਸ਼ਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਨੂੰ ਪੁਲਿਸ ਨੇ "ਲਾਪਤਾ" ਕਹਿ ਕੇ ਸਸਕਾਰ ਕਰ ਦਿੱਤਾ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 21,700 ਮੌਤਾਂ ਦਾ ਅੰਕੜਾ ਪੇਸ਼ ਕੀਤਾ, ਪਰ ਸੱਚਾਈ ਇਹ ਹੈ ਕਿ ਮੌਤਾਂ ਦਾ ਸਹੀ ਅੰਕੜਾ ਅਜੇ ਵੀ ਸਰਕਾਰੀ ਫਾਈਲਾਂ ਦੀ ਧੁੰਦ ਵਿੱਚ ਗੁੰਮ ਹੈ। ਇਸ ਦੌਰ ਵਿੱਚ ਝੂਠੇ ਮੁਕਾਬਲੇ ਪੁਲਿਸ ਦੀ ਰਣਨੀਤੀ ਦਾ ਹਿੱਸਾ ਬਣ ਗਏ। ਨੌਜਵਾਨਾਂ ਨੂੰ ਘਰਾਂ ਤੋਂ ਚੁੱਕਿਆ ਜਾਂਦਾ, ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਜਾਂਦਾ, ਅਤੇ ਫਿਰ "ਮੁਕਾਬਲੇ" ਦੀ ਕਹਾਣੀ ਘੜ ਕੇ ਮਾਰ ਦਿੱਤਾ ਜਾਂਦਾ। ਹਰਮਿੰਦਰ ਸਿੰਘ ਦਾ ਕੇਸ ਇਸੇ ਰਣਨੀਤੀ ਦੀ ਇੱਕ ਮਿਸਾਲ ਹੈ। ਪਰ ਸਵਰਨਜੀਤ ਕੌਰ ਅਤੇ ਅਜੀਤ ਸਿੰਘ ਦੀ ਜੱਦੋਜਹਿਦ ਨੇ ਸਾਬਤ ਕਰ ਦਿੱਤਾ ਕਿ ਸੱਚ ਨੂੰ ਗੋਲੀਆਂ ਨਾਲ ਵਿੰਨ੍ਹਣਾ ਸੌਖਾ ਨਹੀਂ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਮਹਾਬੋਧੀ ਮੰਦਰ ਦੇ ਬ੍ਰਾਹਮਣੀਕਰਨ ਪ੍ਰਬੰਧ ਕਾਰਨ ਛਿੜਿਆ ਵਿਵਾਦ

- ਬੋਧੀ ਭਿਖਸ਼ੂਆਂ ਦੀ ਮੰਗ, ਪ੍ਰਬੰਧ ਸਿਰਫ਼ ਬੋਧੀ ਭਾਈਚਾਰੇ ਕੋਲ ਹੋਵੇ
- ਬੋਧਗਯਾ ਵਿੱਚ ਫਰਵਰੀ 2025 ਤੋਂ ਜਾਰੀ ਹੈ ਬੋਧੀ ਅੰਦੋਲਨ
- ਅੰਬੇਡਕਰੀ ਚੁੱਪੀ 'ਤੇ ਸਵਾਲ ਖੜੇ ਹੋਏ
- ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਅੰਤਿਮ ਸੁਣਵਾਈ 29 ਜੁਲਾਈ 2025 ਲਈ ਨਿਸ਼ਚਤ ਕੀਤੀ




ਬੋਧਗਯਾ ਉਹ ਪਵਿੱਤਰ ਧਰਤੀ ਹੈ, ਜਿੱਥੇ ਸਿਧਾਰਥ ਗੌਤਮ ਬੁੱਧ ਬਣੇ, ਜਿੱਥੇ ਨਿਰੰਜਨਾ ਦਰਿਆ ਦੇ ਕੰਢੇ, ਪਿੱਪਲ ਦੀ ਛਾਂ ਹੇਠ, ਸੰਸਾਰ ਨੂੰ ਸਮਤਾ, ਕਰੁਣਾ ਅਤੇ ਅਹਿੰਸਾ ਦਾ ਸੁਨੇਹਾ ਮਿਲਿਆ। ਮਹਾਬੋਧੀ ਮੰਦਰ, ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਇੱਕ ਜੀਵਤ ਸੁਪਨਾ, ਇੱਕ ਸਦੀਆਂ ਪੁਰਾਣੀ ਦਾਰਸ਼ਨਿਕ ਇਤਿਹਾਸਕ ਗਾਥਾ ਹੈ, ਜੋ ਤਥਾਗਤ ਬੁੱਧ ਨੇ ਸਿਰਜੀ, ਜਿਸ ਉਪਰ ਗੈਰ ਬੋਧੀਆਂ ਦਾ ਕਬਜ਼ਾ ਹੈ।

ਬੋਧੀ ਭਿਖਸ਼ੂਆਂ ਦੀ ਅਰਦਾਸ, ਉਹਨਾਂ ਦੀ ਹਿਰਦੇ ਦੀ ਪੁਕਾਰ, ਕਿ ਮਹਾਬੋਧੀ ਮੰਦਰ ਦਾ ਪ੍ਰਬੰਧ ਸਿਰਫ਼ ਬੋਧੀ ਭਾਈਚਾਰੇ ਦੇ ਹੱਥ ਸੌਂਪਿਆ ਜਾਵੇ, ਅੱਜ ਇੱਕ ਜਨ-ਅੰਦੋਲਨ ਦਾ ਰੂਪ ਲੈ ਚੁੱਕੀ ਹੈ। ਇਹ ਸੰਘਰਸ਼ ਸਿਰਫ਼ ਇੱਕ ਮੰਦਰ ਦੀ ਗੱਲ ਨਹੀਂ, ਸਗੋਂ ਸਮਤਾ, ਸੱਭਿਆਚਾਰਕ ਵਿਰਾਸਤ ਅਤੇ ਧਰਮ ਦੀ ਸੁਤੰਤਰਤਾ ਦੀ ਲੜਾਈ ਹੈ।2600 ਸਾਲ ਪਹਿਲਾਂ, ਜਦੋਂ ਸਿਧਾਰਥ ਗੌਤਮ ਨੇ ਇਸ ਪਿੱਪਲ ਦੇ ਹੇਠਾਂ ਗਿਆਨ ਦੀ ਜੋਤ ਜਗਾਈ, ਤਾਂ ਸੰਸਾਰ ਨੂੰ ਇੱਕ ਅਜਿਹਾ ਧੰਮ ਮਿਲਿਆ, ਜਿਸ ਨੇ ਜਾਤੀ, ਲਿੰਗ ਅਤੇ ਸਮਾਜਿਕ ਅਸਮਾਨਤਾਵਾਂ ਦੇ ਬੰਧਨਾਂ ਨੂੰ ਤੋੜਨ ਦੀ ਲਹਿਰ ਚਲਾਈ।

ਮਹਾਬੋਧੀ ਮੰਦਰ ਦਾ ਪ੍ਰਬੰਧ, ਜੋ 1949 ਦੇ ਬੋਧਗਯਾ ਮੰਦਰ ਅਧਿਨਿਯਮ ਅਧੀਨ ਚੱਲ ਰਿਹਾ ਹੈ। ਇਸ ਅਧਿਨਿਯਮ ਮੁਤਾਬਕ, ਮੰਦਰ ਪ੍ਰਬੰਧ ਦੀ ਸਮਿਤੀ ਵਿੱਚ 9 ਮੈਂਬਰ ਹੁੰਦੇ ਹਨ—4 ਹਿੰਦੂ, 4 ਬੋਧੀ, ਅਤੇ ਨੌਵਾਂ ਮੈਂਬਰ ਜ਼ਿਲ੍ਹਾ ਮੈਜਿਸਟਰੇਟ, ਜੋ ਪ੍ਰਧਾਨ ਅਧਿਕਾਰੀ ਦੇ ਰੂਪ ਵਿੱਚ ਮੁਖੀ ਹੁੰਦਾ ਹੈ। ਜੇ ਜ਼ਿਲ੍ਹਾ ਮੈਜਿਸਟਰੇਟ ਗੈਰ-ਹਿੰਦੂ ਹੋਵੇ, ਤਾਂ ਸਰਕਾਰ ਨੂੰ ਇੱਕ ਹਿੰਦੂ ਮੁਖੀ ਨਿਯੁਕਤ ਕਰਨਾ ਜ਼ਰੂਰੀ ਹੈ। ਇਹ ਵਿਵਸਥਾ, ਬੋਧੀ ਭਾਈਚਾਰੇ ਨਾਲ ਅਨਿਆਂ ਦੀ ਪ੍ਰਤੀਕ ਹੈ। ਬੋਧੀ ਭਿਖਸ਼ੂ ਅਤੇ ਉਹਨਾਂ ਦੇ ਸਮਰਥਕਾਂ ਦੀ ਮੰਗ ਇਹ ਹੈ ਕਿ ਇਹ ਮੰਦਰ ਸਾਡਾ ਹੈ, ਸਾਡੇ ਬੁੱਧ ਦਾ, ਸਾਡੇ ਧੰਮ ਦਾ ਹੈ। ਇਸ ਦਾ ਪ੍ਰਬੰਧ ਸਾਡੇ ਹੱਥ ਕਿਉਂ ਨਹੀਂ ?

**ਬੁੱਧ ਧਰਮ ਅਤੇ ਬ੍ਰਾਹਮਣਵਾਦ: ਸਦੀਆਂ ਪੁਰਾਣਾ ਸੰਘਰਸ਼**

ਗੌਤਮ ਬੁੱਧ ਨੇ 6ਵੀਂ ਸਦੀ ਈਸਵੀ ਪੂਰਵ ਵਿੱਚ ਜਾਤੀਵਾਦ, ਅਸਮਾਨਤਾ, ਅਤੇ ਬ੍ਰਾਹਮਣਵਾਦੀ ਵਿਵਸਥਾ ਦੇ ਵਿਰੁੱਧ ਆਵਾਜ਼ ਉਠਾਈ। ਮੌਰੀਆ ਸਮਰਾਟ ਅਸ਼ੋਕ ਨੇ ਇਸ ਸੁਨੇਹੇ ਨੂੰ ਦੱਖਣ-ਪੂਰਬੀ ਏਸ਼ੀਆ ਤੱਕ ਪਹੁੰਚਾਇਆ ਅਤੇ ਮਹਾਬੋਧੀ ਮੰਦਰ ਦੀ ਨੀਂਹ ਇਸੇ ਸਮੇਂ ਰੱਖੀ ਗਈ। ਪਰ, ਜਿਵੇਂ ਸਮੁੰਦਰ ਵਿੱਚ ਤੂਫ਼ਾਨ ਉੱਠਦਾ ਹੈ, ਤਿਵੇਂ ਬੁੱਧ ਧਰਮ ਦੇ ਸੁਨਹਿਰੀ ਸਮੇਂ ਵਿੱਚ ਵੀ ਬ੍ਰਾਹਮਣਵਾਦ ਦੀਆਂ ਤੂਫ਼ਾਨੀ ਲਹਿਰਾਂ ਉੱਠੀਆਂ। ਪੁਸ਼ਯਮਿਤਰ ਸ਼ੁੰਗ, ਜਿਸ ਨੇ ਮੌਰੀਆ ਵੰਸ਼ ਦੇ ਬਾਅਦ ਸ਼ੁੰਗ ਵੰਸ਼ ਦੀ ਸਥਾਪਨਾ ਕੀਤੀ, ਨੇ ਬੋਧੀ ਵਿਹਾਰਾਂ ਨੂੰ ਅੱਗ ਲਗਾਈ, ਸਤੂਪਾਂ ਨੂੰ ਢਾਹਿਆ ਅਤੇ ਭਿਖਸ਼ੂਆਂ ਦੀ ਨਸਲਕੁਸ਼ੀ ਕੀਤੀ ਤੇ ਭਿਖਸ਼ੂਆਂ ਦੇ ਸਿਰਾਂ ਉਪਰ ਇਨਾਮ ਐਲਾਨੇ। ਫਿਰ 8ਵੀਂ-9ਵੀਂ ਸਦੀ ਵਿੱਚ ਸ਼ੰਕਰਾਚਾਰੀਆ ਨੇ ਬ੍ਰਾਹਮਣਵਾਦ ਨੂੰ ਮੁੜ ਸੰਗਠਿਤ ਕੀਤਾ। ਉਸ ਨੇ ਬੁੱਧ ਦੇ ਈਸ਼ਵਰ ਅਤੇ ਆਤਮਾ ਵਿਰੋਧੀ ਵਿਚਾਰਾਂ ਨੂੰ ਖਾਰਜ ਕੀਤਾ ਅਤੇ ਸੰਸਾਰ ਨੂੰ ਮਾਇਆ ਦੱਸ ਕੇ ਬੁੱਧ ਧਰਮ ਨੂੰ ਭਾਰਤ ਦੀ ਧਰਤੀ ਤੋਂ ਲਗਭਗ ਮਿਟਾ ਦਿੱਤਾ। ਪਰ, ਜਿਵੇਂ ਬਸੰਤ ਵਿੱਚ ਸੁੱਕਿਆਂ ਰੁੱਖਾਂ ਵਿੱਚ ਮੁੜ ਸੁਰਜੀਤੀ ਆਉਂਦੀ ਹੈ, ਤਿਵੇਂ 19ਵੀਂ ਸਦੀ ਵਿੱਚ ਸ੍ਰੀਲੰਕਾ ਦੇ ਨਾਗਰਿਕ ਧਰਮਪਾਲ ਨੇ ਮਹਾਬੋਧੀ ਮੰਦਰ ਨੂੰ ਮੁੜ ਬੋਧੀ ਭਾਈਚਾਰੇ ਦੇ ਹਵਾਲੇ ਕਰਨ ਦੀ ਮੁਹਿੰਮ ਸ਼ੁਰੂ ਕੀਤੀ। ਉਸ ਦੀ ਜੋਤ,ਮਹਾਬੋਧੀ ਸੋਸਾਇਟੀ ਦੀ ਸਥਾਪਨਾ ਨਾਲ ਚਮਕ ਉੱਠੀ। ਪਰ, 1949 ਦੇ ਅਧਿਨਿਯਮ ਨੇ ਇਸ ਜੋਤ ਵਿੱਚ ਮੁੜ ਇੱਕ ਬੇਸੁਰੀ ਧੁੰਦ ਛੱਡ ਦਿੱਤੀ।

**ਮੌਜੂਦਾ ਵਿਵਾਦ: ਬੋਧੀ ਅੰਦੋਲਨ ਦੀ ਪੁਕਾਰ**

ਫਰਵਰੀ 2025 ਤੋਂ, ਬੋਧਗਯਾ ਦੀ ਧਰਤੀ ਮੁੜ ਸੰਘਰਸ਼ ਦੀ ਸਾਖੀ ਬਣੀ ਹੋਈ ਹੈ। ਬੋਧੀ ਭਿਖਸ਼ੂ ਅਤੇ ਉਹਨਾਂ ਦੇ ਅਨੁਯਾਈ, ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਅਤੇ ਪ੍ਰਦਰਸ਼ਨਾਂ ਨਾਲ ਆਪਣੀ ਅਰਦਾਸ ਨੂੰ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਮੰਗ ਕਰਦੇ ਹਨ ਕਿ 1949 ਦਾ ਅਧਿਨਿਯਮ ਰੱਦ ਕੀਤਾ ਜਾਵੇ ਅਤੇ ਮਹਾਬੋਧੀ ਮੰਦਰ ਦਾ ਪੂਰਨ ਕੰਟਰੋਲ ਬੋਧੀ ਭਾਈਚਾਰੇ ਨੂੰ ਸੌਂਪਿਆ ਜਾਵੇ। ਆਕਾਸ਼ ਲਾਮਾ ਵਰਗੇ ਪ੍ਰਦਰਸ਼ਨਕਾਰੀਆਂ ਦੀ ਆਵਾਜ਼ ਹੈ। "ਇਹ ਮੰਦਰ ਸਾਡੀ ਵਿਰਾਸਤ ਹੈ, ਸਾਡੀ ਆਸਥਾ ਹੈ, ਸਾਡੇ ਬੁੱਧ ਦਾ ਸੁਨੇਹਾ ਹੈ। ਇਸ ਨੂੰ ਬ੍ਰਾਹਮਣਵਾਦ ਦੀਆਂ ਜ਼ੰਜੀਰਾਂ ਵਿੱਚ ਨਹੀਂ ਜਕੜਿਆ ਜਾ ਸਕਦਾ।"

**ਅੰਬੇਡਕਰੀਆਂ ਦੀ ਚੁੱਪੀ ਕਿਉਂ**

ਮਹਾਬੋਧੀ ਮੰਦਰ ਦੇ ਮੁੱਦੇ 'ਤੇ ਅੰਬੇਡਕਰੀ ਸੰਗਠਨਾਂ ਦੀ ਸਰਗਰਮੀ, ਸੀਮਤ ਨਜ਼ਰ ਆਉਂਦੀ ਹੈ। ਭੀਮ ਆਰਮੀ ਵਰਗੇ ਸੰਗਠਨਾਂ ਨੇ ਹਾਲ ਹੀ ਵਿੱਚ ਆਵਾਜ਼ ਉਠਾਈ ਹੈ। ਰਾਸ਼ਟਰੀ ਸਵੈਮਸੇਵਕ ਸੰਘ ਅਤੇ ਹਿੰਦੂਤਵ ਦੀਆਂ ਸਹਿਯੋਗੀ ਸੰਸਥਾਵਾਂ, ਬੋਧੀ ਤੇ ਘੱਟਗਿਣਤੀਆਂ ਦੇ ਧਾਰਮਿਕ ਸਥਾਨਾਂ ਦੇ ਬ੍ਰਾਹਮਣੀਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਸੂਫ਼ੀ ਦਰਗਾਹਾਂ (ਜਿਵੇਂ ਬਾਬਾ ਬੁਡਨਗਿਰੀ ਅਤੇ ਹਾਜੀ ਮਲੰਗ) ਅਤੇ ਸਾਈਂ ਬਾਬਾ ਦੀ ਪਰੰਪਰਾ ਵਿੱਚ ਵੀ ਇਹ ਪ੍ਰਭਾਵ ਦੇਖਿਆ ਜਾ ਸਕਦਾ ਹੈ। ਮਹਾਬੋਧੀ ਮੰਦਰ ਦਾ ਵਿਵਾਦ, ਕਬਜ਼ੇ ਦੀ ਕਹਾਣੀ, 'ਹਿੰਦੂ ਰਾਸ਼ਟਰ' ਦੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਇਹ ਸੰਘਰਸ਼, ਭਾਰਤ ਦੀ ਵਿਭਿੰਨ ਸੱਭਿਆਚਾਰਕ ਵਿਰਾਸਤ ਨੂੰ ਬਚਾਉਣ ਦੀ ਪੁਕਾਰ ਹੈ।

**ਕਾਨੂੰਨੀ ਸਥਿਤੀ ਅਤੇ ਸਰਕਾਰ ਦਾ ਪੱਖ**

ਮਹਾਬੋਧੀ ਮੰਦਰ ਦੇ ਪ੍ਰਬੰਧਨ ਸਬੰਧੀ 1949 ਦੇ ਬੋਧਗਯਾ ਮੰਦਰ ਅਧਿਨਿਯਮ ਨੂੰ ਚੁਣੌਤੀ ਦੇਣ ਵਾਲੀ ਰਿੱਟ ਪਟੀਸ਼ਨ (ਸਿਵਲ ਨੰ. 0380, 2012), ਜੋ ਬੋਧੀ ਭਿਖਸ਼ੂ ਭਾਨਤੇ ਆਰਿਆ ਨਾਗਾਰਜੁਨ ਸੁਰਈ ਸਸਾਈ ਅਤੇ ਗਜੇਂਦਰ ਮਹਾਨੰਦ ਪੰਤਾਵਾਨੇ ਨੇ ਦਾਇਰ ਕੀਤੀ ਸੀ, ਅਜੇ ਵੀ ਅਦਾਲਤੀ ਪ੍ਰਕਿਰਿਆ ਵਿੱਚ ਹੈ। ਤਾਜ਼ਾ ਜਾਣਕਾਰੀ ਅਨੁਸਾਰ, ਸੁਪਰੀਮ ਕੋਰਟ ਨੇ 16 ਮਈ 2025 ਨੂੰ ਇਸ ਮਾਮਲੇ ਦੀ ਅੰਤਿਮ ਸੁਣਵਾਈ 29 ਜੁਲਾਈ 2025 ਲਈ ਨਿਸ਼ਚਤ ਕੀਤੀ ਹੈ। ਇਸ ਦੀ ਸੁਣਵਾਈ ਸਬੰਧੀ 24 ਮਾਰਚ 2025 ਨੂੰ ਕੋਈ ਠੋਸ ਕਾਰਵਾਈ ਦੀ ਸਪੱਸ਼ਟ ਜਾਣਕਾਰੀ ਉਪਲਬਧ ਨਹੀਂ। ਸਰਕਾਰ ਦਾ ਪੱਖ ਅਜੇ ਤੱਕ ਸਪੱਸ਼ਟ ਨਹੀਂ ਹੋਇਆ। ਸਰਕਾਰ ਨੇ ਇਸ ਮੁੱਦੇ 'ਤੇ ਕੋਈ ਠੋਸ ਕਦਮ ਨਹੀਂ ਉਠਾਇਆ, ਜਿਸ ਨਾਲ ਪ੍ਰਦਰਸ਼ਨਕਾਰੀਆਂ ਵਿੱਚ ਰੋਸ ਵਧ ਰਿਹਾ ਹੈ। ਸਰਕਾਰ ਨੂੰ 1949 ਦੇ ਅਧਿਨਿਯਮ ਦੀ ਸਮੀਖਿਆ ਕਰਕੇ ਮੰਦਰ ਦਾ ਪ੍ਰਬੰਧ ਪੂਰੀ ਤਰ੍ਹਾਂ ਬੋਧੀ ਭਾਈਚਾਰੇ ਨੂੰ ਸੌਂਪਣ ਦੀ ਸੰਭਾਵਨਾ 'ਤੇ ਵਿਚਾਰ ਕਰਨਾ ਚਾਹੀਦਾ ਹੈ।

# ਕੀ ਸਿੰਧੂ ਜਲ ਸੰਧੀ ਦਾ ਸੰਕਟ ਭਾਰਤ ਲਈ ਸਿਰਦਰਦੀ ਬਣ ਗਿਆ ?

## ਪਾਕਿਸਤਾਨ ਭਾਰਤ ਨੂੰ ਦੇ ਰਿਹਾ ਜੰਗ ਦੀਆਂ ਧਮਕੀਆਂ




1960 ਵਿੱਚ ਵਰਲਡ ਬੈਂਕ ਦੀ ਵਿਚੋਲਗੀ ਨਾਲ ਸਿੰਧੂ ਜਲ ਸੰਧੀ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਾਣੀਆਂ ਦੀ ਵੰਡ ਦਾ ਇੱਕ ਅਹਿਮ ਢਾਂਚਾ ਖੜ੍ਹਾ ਕੀਤਾ ਸੀ। ਇਹ ਸੰਧੀ ਪੱਛਮੀ ਨਦੀਆਂ (ਸਿੰਧੂ, ਜੇਹਲਮ, ਚਨਾਬ) ਦਾ ਪਾਣੀ ਪਾਕਿਸਤਾਨ ਨੂੰ ਅਤੇ ਪੂਰਬੀ ਨਦੀਆਂ (ਰਾਵੀ, ਬਿਆਸ, ਸਤਲੁਜ) ਦਾ ਪਾਣੀ ਭਾਰਤ ਨੂੰ ਦਿੰਦੀ ਹੈ। ਪਰ 22 ਅਪ੍ਰੈਲ, 2025 ਨੂੰ ਪਹਿਲਗਾਮ, ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ (ਜਿਸ ਵਿੱਚ 26 ਲੋਕ ਮਾਰੇ ਗਏ) ਤੋਂ ਬਾਅਦ ਭਾਰਤ ਨੇ 24 ਅਪ੍ਰੈਲ, 2025 ਨੂੰ ਇਸ ਸੰਧੀ ਨੂੰ 'ਮੁਅੱਤਲ' ਕਰਨ ਦਾ ਐਲਾਨ ਕੀਤਾ ਸੀ। ਭਾਰਤ ਦਾ ਦਾਅਵਾ ਸੀ ਕਿ ਪਾਕਿਸਤਾਨ ਅੱਤਵਾਦ ਨੂੰ ਸਮਰਥਨ ਦਿੰਦਾ ਹੈ, ਜਿਸ ਕਾਰਨ ਇਹ ਕਦਮ ਜ਼ਰੂਰੀ ਹੋ ਗਿਆ ਹੈ। ਪਾਕਿਸਤਾਨ ਨੇ ਇਸ ਨੂੰ 'ਜੰਗ ਦਾ ਐਲਾਨ' ਕਰਾਰ ਦਿੱਤਾ ਸੀ ਅਤੇ ਕਿਹਾ ਕਿ ਸਿੰਧੂ ਦੀਆਂ ਨਦੀਆਂ ਦਾ ਪਾਣੀ ਰੋਕਣਾ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਵਰਲਡ ਬੈਂਕ ਦੇ ਪ੍ਰਧਾਨ ਅਜੈ ਸਿੰਘ ਬੰਗਾ ਨੇ 9 ਮਈ, 2025 ਨੂੰ ਸਪੱਸ਼ਟ ਕੀਤਾ ਸੀ ਕਿ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨਾ ਜਾਂ ਪਾਣੀ ਰੋਕਣਾ ਸੰਧੀ ਦੇ ਨਿਯਮਾਂ ਅਨੁਸਾਰ ਸੰਭਵ ਨਹੀਂ।

**ਚੀਨ ਦੀ ਬ੍ਰਹਮਪੁੱਤਰ ਦਾ ਪਾਣੀ ਰੋਕਣ ਦੀ ਧਮਕੀ ਅਤੇ ਭਾਰਤ ਨੂੰ ਚੁਣੌਤੀ**

ਚੀਨ ਨੇ ਸਿੰਧੂ ਜਲ ਸੰਧੀ ਦੇ ਸੰਕਟ ਵਿੱਚ ਖੁੱਲ੍ਹ ਕੇ ਪਾਕਿਸਤਾਨ ਦਾ ਸਾਥ ਦਿੱਤਾ। ਨਿਊਜ਼ ਰਿਪੋਰਟ ਅਨੁਸਾਰ, ਚੀਨ ਦੇ ਸੈਂਟਰ ਫਾਰ ਚਾਈਨਾ ਐਂਡ ਗਲੋਬਲਾਈਜ਼ੇਸ਼ਨ ਦੇ ਉਪ ਪ੍ਰਧਾਨ ਵਿਕਟਰ ਗਾਓ ਨੇ ਬ੍ਰਹਮਪੁੱਤਰ ਨਦੀ ਦੇ ਪਾਣੀ ਨੂੰ ਰੋਕਣ ਦੀ ਧਮਕੀ ਦਿੱਤੀ। ਉਹਨਾਂ ਨੇ ਕਿਹਾ ਕਿ ਜੇ ਭਾਰਤ ਪਾਕਿਸਤਾਨ ਦਾ ਪਾਣੀ ਰੋਕਦਾ ਹੈ, ਤਾਂ ਚੀਨ ਵੀ ਭਾਰਤ ਦਾ ਪਾਣੀ ਰੋਕ ਸਕਦਾ ਹੈ। ਇਹ ਧਮਕੀ ਇਸ ਗੱਲ ਦੀ ਸੂਚਕ ਹੈ ਕਿ ਚੀਨ ਪਾਕਿਸਤਾਨ ਨੂੰ ਨਾ ਸਿਰਫ਼ ਸੈਨਿਕ ਸਹਾਇਤਾ (ਹਥਿਆਰ ਅਤੇ ਕਰਜ਼ੇ) ਦੇ ਰਿਹਾ, ਸਗੋਂ ਭਾਰਤ 'ਤੇ ਕੂਟਨੀਤਕ ਦਬਾਅ ਵੀ ਬਣਾ ਰਿਹਾ ਹੈ। ਚੀਨ ਨੇ ਪਹਿਲਾਂ ਹੀ ਪਾਕਿਸਤਾਨ ਨੂੰ 4 ਅਰਬ ਡਾਲਰ ਦਾ ਕਰਜ਼ਾ ਦਿੱਤਾ ਸੀ ਅਤੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਨੂੰ ਅਫਗਾਨਿਸਤਾਨ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ।

ਅੰਤਰਰਾਸ਼ਟਰੀ ਮੀਡੀਆ ਨੇ ਚੀਨ ਦੀ ਇਸ ਧਮਕੀ ਨੂੰ ਗੰਭੀਰ ਮੰਨਿਆ। 'ਬਲੂਮਬਰਗ' ਨੇ 27 ਮਈ, 2025 ਨੂੰ ਲਿਖਿਆ ਸੀ ਕਿ ਚੀਨ ਦੀ ਇਹ ਚਾਲ ਭਾਰਤ-ਪਾਕਿਸਤਾਨ ਸੰਬੰਧਾਂ ਵਿੱਚ ਨਵਾਂ ਤਣਾਅ ਪੈਦਾ ਕਰ ਸਕਦੀ ਹੈ, ਕਿਉਂਕਿ ਬ੍ਰਹਮਪੁੱਤਰ ਦਾ ਪਾਣੀ ਭਾਰਤ ਦੇ ਉੱਤਰ-ਪੂਰਬੀ ਰਾਜਾਂ ਲਈ ਜ਼ਰੂਰੀ ਹੈ।

ਦੂਜੇ ਪਾਸੇ ਪਾਕਿਸਤਾਨ ਨੇ ਅੰਤਰਰਾਸ਼ਟਰੀ ਅਦਾਲਤ ਅਤੇ ਵਰਲਡ ਬੈਂਕ ਵਿੱਚ ਕਾਨੂੰਨੀ ਕਾਰਵਾਈ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

**ਪਾਕਿਸਤਾਨ ਦੀ ਕੂਟਨੀਤਕ ਸਫਲਤਾ—ਤੁਰਕੀ, ਚੀਨ ਅਤੇ ਅੰਤਰਰਾਸ਼ਟਰੀ ਸਮਰਥਨ**

ਪਾਕਿਸਤਾਨ, ਭਾਵੇਂ ਆਰਥਿਕ ਤੌਰ 'ਤੇ ਕੰਗਾਲ ਅਤੇ ਸਿਆਸੀ ਤੌਰ 'ਤੇ ਅਸਥਿਰ ਹੈ , ਨੇ ਇਸ ਸੰਕਟ ਵਿੱਚ ਕੂਟਨੀਤਕ ਸਫਲਤਾ ਹਾਸਲ ਕੀਤੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ 25 ਮਈ, 2025 ਨੂੰ ਤੁਰਕੀ ਦੀ ਯਾਤਰਾ ਕੀਤੀ ਸੀ ਅਤੇ ਰਾਸ਼ਟਰਪਤੀ ਐਰਦੋਆਨ ਨਾਲ ਮੁਲਾਕਾਤ ਕੀਤੀ ਸੀ। ਉਹਨਾਂ ਨੇ ਆਪਣੇ ਸੈਨਾ ਮੁਖੀ ਜਨਰਲ ਆਸਿਮ ਮੁਨੀਰ ਨੂੰ ਵੀ ਨਾਲ ਲਿਆ ਸੀ, ਜੋ ਇੱਕ ਸਪੱਸ਼ਟ ਸੰਕੇਤ ਸੀ ਕਿ ਪਾਕਿਸਤਾਨ ਸੈਨਿਕ ਅਤੇ ਕੂਟਨੀਤਕ ਸਮਰਥਨ ਦੀ ਮੰਗ ਕਰ ਰਿਹਾ ਹੈ। ਇਸੇ ਤਰ੍ਹਾਂ, ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਚੀਨ ਦਾ ਦੌਰਾ ਕੀਤਾ ਸੀ ਅਤੇ ਚੀਨੀ ਨੇਤਾਵਾਂ ਨਾਲ ਮੁਲਾਕਾਤਾਂ ਕੀਤੀਆਂ। ਇਸ ਦੇ ਨਤੀਜੇ ਵਜੋਂ ਚੀਨ ਨੇ ਪਾਕਿਸਤਾਨ ਨੂੰ 4 ਅਰਬ ਡਾਲਰ ਦਾ ਕਰਜ਼ਾ ਦਿੱਤਾ ਸੀ ਅਤੇ ਆਰਥਿਕ ਗਲਿਆਰੇ ਨੂੰ ਅਫਗਾਨਿਸਤਾਨ ਤੱਕ ਵਧਾਉਣ ਦਾ ਐਲਾਨ ਕੀਤਾ।'

**ਭਾਰਤ ਲਈ ਅਗਲੀ ਰਣਨੀਤੀ—ਖ਼ਤਰਿਆਂ ਦੇ ਵਿਚਕਾਰ ਰਾਹ**

ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਕੇ ਸਖ਼ਤ ਰੁਖ ਅਪਣਾਇਆ, ਪਰ ਅੰਤਰਰਾਸ਼ਟਰੀ ਸਮਰਥਨ ਦੀ ਘਾਟ ਨੇ ਉਸ ਨੂੰ ਇਕੱਲਾ ਕਰ ਦਿੱਤਾ।

(ਬਾਕੀ ਸਫ਼ਾ 30 'ਤੇ)

# ਸਿੱਖ ਸੇਵਕ ਸੁਸਾਇਟੀ ਦੀ ਸੇਵਾ: ਰਾਜਬੀਰ ਸਿੰਘ ਨੂੰ ਮਿਲਿਆ ਇਲੈਕਟ੍ਰਾਨਿਕ ਆਟੋ

## ਦਬੇ-ਕੁਚਲੇ ਵਰਗਾਂ ਦੇ ਹੱਕ ਵਿੱਚ ਸੁਸਾਇਟੀ ਦਾ ਅਹਿਮ ਯੋਗਦਾਨ: ਪ੍ਰੋ. ਬਲਵਿੰਦਰਪਾਲ ਸਿੰਘ



ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇੱਕ ਵਾਰ ਫਿਰ ਆਪਣੀ ਮਿਸਾਲੀ ਸੇਵਾ ਨਾਲ ਸਮਾਜ ਦੇ ਦਬੇ-ਕੁਚਲੇ ਵਰਗਾਂ ਦੇ ਜੀਵਨ ਨੂੰ ਰੌਸ਼ਨ ਕਰਨ ਦਾ ਸੁਨੇਹਾ ਦਿੱਤਾ। ਸ੍ਰ. ਰਜਿੰਦਰ ਸਿੰਘ ਪੁਰੇਵਾਲ ਦੀ ਅਗਵਾਈ ਵਿੱਚ ਚੱਲ ਰਹੀ ਇਸ ਸੰਸਥਾ ਨੇ ਰਾਜਬੀਰ ਸਿੰਘ ਰਵਿਦਾਸੀਆ ਨੂੰ ਇੱਕ ਇਲੈਕਟ੍ਰਾਨਿਕ ਆਟੋ ਰਿਕਸ਼ਾ ਪ੍ਰਦਾਨ ਕੀਤਾ।

ਰਾਜਬੀਰ ਸਿੰਘ ਰਵਿਦਾਸੀਆ, ਜੋ ਆਰਥਿਕ ਅਤੇ ਪਰਿਵਾਰਕ ਮੁਸ਼ਕਿਲਾਂ ਨਾਲ ਜੂਝ ਰਿਹਾ ਸੀ, ਉਸ ਦੀ ਜੀਵਨ-ਕਹਾਣੀ ਸਿੱਖ ਸੇਵਕ ਸੁਸਾਇਟੀ ਦੀ ਸੇਵਾ-ਭਾਵਨਾ ਨਾਲ ਜੁੜੀ ਹੋਈ ਹੈ।

ਸੁਸਾਇਟੀ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖ਼ਾਲਸਾ ਨੇ ਦੱਸਿਆ ਕਿ ਰਾਜਬੀਰ ਦੀ ਪਤਨੀ ਦੀ ਬਿਮਾਰੀ ਦੌਰਾਨ ਸੰਸਥਾ ਦੀ ਮੈਂਬਰ ਬੀਬੀ ਭੁਪਿੰਦਰ ਕੌਰ ਯੂ.ਕੇ. ਨੇ ਉਸ ਦੇ ਕਿਡਨੀ ਦੇ ਇਲਾਜ ਵਿੱਚ ਪੂਰਨ ਸਹਿਯੋਗ ਕੀਤਾ। ਬਦਕਿਸਮਤੀ ਨਾਲ, ਰਾਜਬੀਰ ਦੀ ਪਤਨੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ, ਪਰ ਸੁਸਾਇਟੀ ਨੇ ਉਸ ਦੇ ਪਰਿਵਾਰ ਨੂੰ ਸਹਾਰਾ ਦੇਣ ਦਾ ਫਰਜ਼ ਜਾਰੀ ਰੱਖਿਆ। ਰਾਜਬੀਰ ਨੂੰ ਸੱਤ ਮਰਲੇ ਦਾ ਪਲਾਟ ਅਤੇ ਉਸ ਤੋਂ ਇਲਾਵਾ, ਵੰਨ ਬੀ.ਐਚ.ਕੇ. ਦਾ ਪੋਰਸ਼ਨ ਬਣਵਾ ਕੇ ਦਿੱਤਾ, ਜਿਸ ਨਾਲ ਉਸ ਨੂੰ ਸਥਾਈ ਰਿਹਾਇਸ਼ ਮਿਲ ਸਕੀ। ਹੁਣ, ਇਲੈਕਟ੍ਰਾਨਿਕ ਆਟੋ ਰਿਕਸ਼ਾ ਦੇਣ ਦੀ ਪਹਿਲ ਨਾਲ ਰਾਜਬੀਰ ਦੇ ਜੀਵਨ ਨੂੰ ਸਵੈ-ਨਿਰਭਰਤਾ ਦਾ ਨਵਾਂ ਮੌਕਾ ਮਿਲਿਆ ਹੈ। ਸੰਸਥਾ ਦੇ ਮੈਂਬਰ ਸੰਦੀਪ ਸਿੰਘ ਚਾਵਲਾ, ਸਾਹਿਬ ਸਿੰਘ ਆਰਟਿਸਟ ਅਤੇ ਅਰਵਿੰਦ ਸਿੰਘ ਨੇ ਇਸ ਮੌਕੇ 'ਤੇ ਰਾਜਬੀਰ ਨੂੰ ਆਟੋ ਪ੍ਰਦਾਨ ਕਰਦਿਆਂ ਸਿੱਖੀ ਦੀ ਸੇਵਾ-ਭਾਵਨਾ ਦੀ ਮਿਸਾਲ ਪੇਸ਼ ਕੀਤੀ।

(ਬਾਕੀ ਸਫ਼ਾ 30 'ਤੇ)

## ਦਰਪਣ ਝੂਠ ਨਹੀਂ ਬੋਲਦਾ

### ਟੈਕਸਸ ਵਿੱਚ ਸਿੱਖ ਸੰਗਠਨ ਵਿਰੁੱਧ ਨ਼ਫਰਤ ਫ਼ੈਲਾਉਣ ਦਾ ਮਾਮਲਾ

# ਫਿਰਕੂ ਭੂਸ਼ਣ ਅਥਾਲੇ ਵੱਲੋਂ ਸਿੱਖ ਸੰਗਠਨ ਨੂੰ ਧਮਕੀਆਂ ਦੇਣ ਦੀ 26 ਮਹੀਨੇ ਦੀ ਮਿਲੀ ਸਜ਼ਾ

## ਅਥਾਲੇ ਨੂੰ ਤਿੰਨ ਸਾਲ ਦੀ ਨਿਗਰਾਨੀ ਅਤੇ ਪੀੜਤਾਂ ਨਾਲ ਸੰਪਰਕ ਨਾ ਕਰਨ ਦਾ ਦਿੱਤਾ ਹੁਕਮ

ਟੈਕਸਸ ਦਾ ਇੱਕ ਵਸਨੀਕ, ਭੂਸ਼ਣ ਅਥਾਲੇ, ਜਿਸ ਦੀ ਉਮਰ 49 ਸਾਲ ਸੀ, ਨੇ ਨਿਊ ਜਰਸੀ ਦੇ ਸਿੱਖਾਂ ਦੇ ਸਿਵਲ ਰਾਈਟਸ ਲਈ ਲੜਨ ਵਾਲੇ ਇੱਕ ਸਿੱਖ ਸੰਗਠਨ ਵਿਰੁੱਧ ਨ਼ਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਅਥਾਲੇ ਨੂੰ 26 ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਭੂਸ਼ਣ ਅਥਾਲੇ, ਡੱਲਾਸ ਦੀਆਂ ਗਲੀਆਂ ਵਿੱਚ ਵਸਦਾ ਇੱਕ ਆਮ ਜਿਹਾ ਬੰਦਾ, ਜਿਸ ਦੇ ਦਿਲ ਵਿੱਚ ਸਿੱਖਾਂ ਤੇ ਮੁਸਲਮਾਨਾਂ ਵਿਰੁੱਧ ਨ਼ਫਰਤ ਦੀ ਅੱਗ ਸੁਲਗ ਰਹੀ ਸੀ। ਸਤੰਬਰ 2022 ਦੌਰਾਨ ਉਸਨੇ ਨਿਊ ਜਰਸੀ ਦੇ ਸਿੱਖ ਸੰਗਠਨ ਦੇ ਵੌਇਸਮੇਲ ਵਿੱਚ ਜ਼ਹਿਰੀਲੇ ਸੁਨੇਹੇ ਛੱਡੇ– "ਮੈਂ ਤੁਹਾਨੂੰ ਛੁਰੇ ਨਾਲ ਮਾਰਾਂਗਾ। ਤੁਸੀਂ ਸਿੱਖ ਅਤੇ ਮੁਸਲਮਾਨ, ਸਾਰੇ ਮੇਰੇ ਨਿਸ਼ਾਨੇ 'ਤੇ ਹੋ।" ਘੰਟਿਆਂ ਤੱਕ ਉਸ ਦੀਆਂ ਧਮਕੀਆਂ ਜਾਰੀ ਰਹੀਆਂ।

ਮਾਰਚ 2024 ਵਿੱਚ, ਉਸ ਨੇ ਫਿਰ ਫੋਨ ਉਪਰ ਤਿੱਖੀਆਂ ਧਮਕੀਆਂ ਦਿੱਤੀਆਂ ਸਨ। ਉਸ ਨੇ ਸਿੱਖ ਅਤੇ ਮੁਸਲਮਾਨ ਭਾਈਚਾਰਿਆਂ ਵਿਰੁੱਧ ਜ਼ਹਿਰ ਉਗਲਿਆ ਕਿ ਤੁਸੀਂ ਸਾਰੇ ਮੇਰੇ ਹੱਥੋਂ ਨਹੀਂ ਬਚੋਗੇ।" ਉਸ ਦੀ ਆਵਾਜ਼ ਵਿੱਚ ਇੱਕ ਅਜੀਬ ਜਿਹਾ ਵਹਿਸ਼ੀਪੁਣਾ ਸੀ।

ਸਿੱਖ ਸੰਗਠਨ ਨੇ ਇਹ ਧਮਕੀਆਂ ਸੁਣੀਆਂ ਅਤੇ ਬਿਨਾਂ ਡਰੇ, ਐਫ.ਬੀ.ਆਈ. ਨੂੰ ਸੂਚਿਤ ਕੀਤਾ। ਫਿਲਾਡੇਲਫੀਆ ਦੇ ਵਿਸ਼ੇਸ਼ ਏਜੰਟ, ਜਿਨ੍ਹਾਂ ਦੀ ਅਗਵਾਈ ਵੇਨ ਏ. ਜੈਕਬਜ਼ ਨੇ ਕੀਤੀ, ਨੇ ਇਸ ਮਾਮਲੇ ਨੂੰ ਹੱਥ ਵਿੱਚ ਲਿਆ। ਐਫ.ਬੀ.ਆਈ. ਨੇ ਅਥਾਲੇ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ। ਕੈਮਡਨ ਦੀ ਸੰਘੀ ਅਦਾਲਤ ਵਿੱਚ, ਜੱਜ ਐਡਵਰਡ ਐਸ. ਕੀਲ ਦੀ ਸਖ਼ਤ ਨਜ਼ਰ ਅਤੇ ਨਿਆਂ ਦੀ ਤੱਕੜੀ ਨੇ ਅਥਾਲੇ ਨੂੰ ਘੇਰ ਲਿਆ। ਮਾਰਚ 2024 ਵਿੱਚ, ਅਥਾਲੇ ਨੇ ਆਪਣੇ ਅਪਰਾਧ ਕਬੂਲ ਕਰ ਲਏ। ਉਸ ਨੇ ਮੰਨਿਆ ਕਿ ਉਸ ਨੇ ਨ਼ਫਰਤ ਨਾਲ ਭਰੀਆਂ ਧਮਕੀਆਂ ਦਿੱਤੀਆਂ ਜੋ ਹਿੰਸਾ ਦੀਆਂ ਸਾਫ਼ ਸਾਫ਼ ਚਿਤਾਵਨੀਆਂ ਸਨ।



ਜੱਜ ਨੇ ਫੈਸਲਾ ਸੁਣਾਇਆ ਕਿ ਉਹ 26 ਮਹੀਨੇ ਜੇਲ੍ਹ ਵਿੱਚ ਰਹੇਗਾ ਅਤੇ ਉਸ ਤੋਂ ਬਾਅਦ ਤਿੰਨ ਸਾਲ ਦੀ ਸਖ਼ਤ ਨਿਗਰਾਨੀ। ਨਾਲ ਹੀ, ਅਥਾਲੇ ਨੂੰ ਸਖ਼ਤ ਹੁਕਮ ਹੋਇਆ ਕਿ ਉਹ ਸੰਗਠਨ ਜਾਂ ਉਸ ਦੇ ਕਰਮਚਾਰੀਆਂ ਨਾਲ ਕੋਈ ਸੰਪਰਕ ਨਾ ਕਰੇ।

ਅਮਰੀਕੀ ਨਿਆਂ ਵਿਭਾਗ ਦੀ ਸਿਵਲ ਰਾਈਟਸ ਡਿਵੀਜ਼ਨ ਦੀ ਸਹਾਇਕ ਅਟਾਰਨੀ ਜਨਰਲ, ਹਰਮੀਤ ਕੇ. ਢਿੱਲੋਂ, ਨੇ ਇਸ ਮਾਮਲੇ 'ਤੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਨ਼ਫਰਤ ਦੀਆਂ ਧਮਕੀਆਂ ਦੀ ਸਾਡੇ ਦੇਸ਼ ਵਿੱਚ ਕੋਈ ਥਾਂ ਨਹੀਂ। ਅਸੀਂ ਹਰ ਉਸ ਵਿਅਕਤੀ ਦੀ ਸੁਰੱਖਿਆ ਕਰਾਂਗੇ, ਜਿਸ ਨੂੰ ਉਸ ਦੇ ਧਰਮ ਜਾਂ ਵਿਸ਼ਵਾਸ ਕਾਰਨ ਨਿਸ਼ਾਨਾ ਬਣਾਇਆ ਜਾਵੇ।"

ਹਾਲ ਦੇ ਸਾਲਾਂ ਵਿੱਚ, ਅਮਰੀਕਾ ਵਿੱਚ ਨ਼ਫਰਤੀ ਅਪਰਾਧਾਂ ਦੀਆਂ ਘਟਨਾਵਾਂ ਵਧੀਆਂ ਹਨ।

ਸਿੱਖ ਕੋਐਲੀਸ਼ਨ ਤੇ ਐਫ.ਬੀ.ਆਈ. ਦੇ ਅੰਕੜਿਆਂ ਮੁਤਾਬਕ, 2023 ਤੋਂ 2025 ਦਰਮਿਆਨ ਸਿੱਖ ਭਾਈਚਾਰੇ ਵਿਰੁੱਧ ਨ਼ਫਰਤੀ ਅਪਰਾਧਾਂ ਵਿੱਚ ਵਾਧਾ ਦਰਜ ਕੀਤਾ ਗਿਆ।

2023: ਸਿੱਖ ਕੋਐਲੀਸ਼ਨ ਨੇ 198 ਨ਼ਫਰਤੀ ਅਪਰਾਧਾਂ ਦੀਆਂ ਘਟਨਾਵਾਂ ਰਿਪੋਰਟ ਕੀਤੀਆਂ, ਜਿਨ੍ਹਾਂ ਵਿੱਚ 45% ਮੌਖਿਕ ਹਮਲੇ, 30% ਸਰੀਰਕ ਹਮਲੇ, ਤੇ 25% ਧਮਕੀਆਂ ਸ਼ਾਮਲ ਸਨ। ਨਿਊਯਾਰਕ, ਕੈਲੀਫੋਰਨੀਆ ਤੇ ਟੈਕਸਸ ਵਿਚ ਸਭ ਤੋਂ ਵੱਧ ਘਟਨਾਵਾਂ ਹੋਈਆਂ।

2024: ਐਫ.ਬੀ.ਆਈ. ਦੀ ਰਿਪੋਰਟ ਮੁਤਾਬਕ, ਸਿੱਖਾਂ ਵਿਰੁੱਧ 250 ਤੋਂ ਵੱਧ ਨ਼ਫਰਤੀ ਅਪਰਾਧ ਰਿਪੋਰਟ ਹੋਏ, ਜਿਨ੍ਹਾਂ ਵਿਚ 20% ਗੁਰਦੁਆਰਿਆਂ 'ਤੇ ਹਮਲੇ ਸਨ। ਅਥਾਲੇ ਦਾ ਮਾਮਲਾ ਇਸ ਸਾਲ ਦੀ ਸਭ ਤੋਂ ਵੱਡੀ ਘਟਨਾ ਸੀ।

2025 (ਜਨਵਰੀ-ਜੂਨ): ਸਿੱਖ ਕੋਐਲੀਸ਼ਨ ਦੇ ਅੰਦਾਜ਼ੇ ਮੁਤਾਬਕ, 120 ਘਟਨਾਵਾਂ ਹੋਈਆਂ, ਜਿਨ੍ਹਾਂ ਵਿਚ ਜ਼ਿਆਦਾਤਰ ਸੋਸ਼ਲ ਮੀਡੀਆ 'ਤੇ ਨ਼ਫਰਤੀ ਸੁਨੇਹੇ ਤੇ ਜਨਤਕ ਸਥਾਨਾਂ 'ਤੇ ਮੌਖਿਕ ਹਮਲੇ ਸਨ। ਇਹ ਅੰਕੜੇ ਦਰਸਾਉਂਦੇ ਹਨ ਕਿ ਸਿੱਖ ਭਾਈਚਾਰਾ ਅਮਰੀਕਾ ਵਿੱਚ ਵਧਦੀ ਨਸਲਵਾਦੀ ਮਾਨਸਿਕਤਾ ਦਾ ਸ਼ਿਕਾਰ ਹੋ ਰਿਹਾ ਹੈ। ਖਾਸ ਕਰਕੇ ਸਿੱਖਾਂ ਦੀ ਪਗੜੀ ਤੇ ਦਾੜ੍ਹੀ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਜਿਸ ਕਾਰਨ ਜਥੇਬੰਦੀਆਂ ਨੇ ਸਰਕਾਰ ਤੋਂ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

# ਭਾਰਤ 'ਚ 2024 ਅਤੇ 2025 'ਚ ਵੇਸਵਾਗਮਨੀ ਦੀ ਸਥਿਤੀ ਪਹਿਲਾਂ ਨਾਲੋਂ ਵੀ ਹੋਈ ਤਰਸਯੋਗ

## ਕਮਾਠੀਪੁਰਾ ਤੋਂ ਸੋਨਾਗਾਛੀ: ਭਾਰਤ ਦੇ ਰੈਡ ਲਾਈਟ ਖੇਤਰਾਂ ਦੀ ਸਿਆਹ ਦੁਖਾਂਤਕ ਦਾਸਤਾਨ

ਵੇਸਵਾਗਮਨੀ, ਸਮਾਜ ਦੀ ਉਹ ਨਰਕ-ਭਰੀ ਸੱਚਾਈ ਹੈ, ਜਿਸ ਨੂੰ ਨਾ ਤਾਂ ਪੂਰੀ ਤਰ੍ਹਾਂ ਸਵੀਕਾਰ ਕੀਤਾ ਜਾਂਦਾ, ਨਾ ਹੀ ਰੱਦ। ਭਾਰਤ ਵਿੱਚ ਇਸ ਦੀਆਂ ਜੜ੍ਹਾਂ 2600 ਸਾਲ ਪੁਰਾਣੀਆਂ ਹਨ, ਜਦੋਂ ਵੈਦਿਕ ਯੁਗ ਵਿੱਚ 'ਗਣਿਕਾ' ਅਤੇ 'ਨਗਰਵਧੂ' ਸਮਾਜ ਵਿੱਚ ਮਾਨਤਾ ਪ੍ਰਾਪਤ ਸਨ। ਮੁਗਲਕਾਲ ਵਿੱਚ 'ਤਵਾਇਫ਼' ਦੇ ਰੂਪ ਵਿੱਚ ਇਹ ਔਰਤਾਂ ਸ਼ਾਹੀ ਦਰਬਾਰਾਂ ਦੀ ਸ਼ਾਨ ਸਨ, ਪਰ ਅੱਜ ਇਹ ਪੇਸ਼ਾ ਸਮਾਜ ਦੀਆਂ ਸੀਮਾਵਾਂ ਵਿੱਚ ਜਕੜਿਆ, ਬੇਵਸੀ ਅਤੇ ਦੁਖਾਂਤ ਦੀ ਇੱਕ ਸਿਆਹ ਗਾਥਾ ਬਣ ਚੁੱਕਿਆ ਹੈ। ਮੁੰਬਈ ਦੇ ਕਮਾਠੀਪੁਰਾ, ਕੋਲਕਾਤਾ ਦੇ ਸੋਨਾਗਾਛੀ ਅਤੇ ਦਿੱਲੀ ਦੇ ਜੀ.ਬੀ. ਰੋਡ ਵਰਗੇ ਰੈਡ ਲਾਈਟ ਖੇਤਰ ਇਸ ਸੱਚਾਈ ਦੀ ਜੀਵੰਤ ਮਿਸਾਲ ਹਨ।

2024 ਅਤੇ 2025 ਵਿੱਚ ਵੇਸਵਾਗਮਨੀ ਦੀ ਸਥਿਤੀ ਪਹਿਲਾਂ ਨਾਲੋਂ ਵੀ ਤਰਸਯੋਗ ਹੋ ਚੁੱਕੀ ਹੈ। ਆਰਥਿਕ ਸੰਕਟ, ਸਮਾਜਿਕ ਬਾਈਕਾਟ ਅਤੇ ਤਕਨੀਕੀ ਤਰੱਕੀ ਨੇ ਇਸ ਪੇਸ਼ੇ ਨੂੰ ਨਵੀਆਂ ਚੁਣੌਤੀਆਂ ਨਾਲ ਜੋੜ ਦਿੱਤਾ। ਮੁੰਬਈ ਦੇ ਕਮਾਠੀਪੁਰਾ, ਜੋ 1880 ਵਿੱਚ ਬ੍ਰਿਟਿਸ਼ ਅਫਸਰਾਂ ਦੀਆਂ ਜ਼ਰੂਰਤਾਂ ਲਈ ਸਥਾਪਤ ਹੋਇਆ ਸੀ ਅਤੇ ਕੋਲਕਾਤਾ



ਦੇ ਸੋਨਾਗਾਛੀ ਵਿੱਚ ਸੈਕਸ ਵਰਕਰਾਂ ਦੀ ਜ਼ਿੰਦਗੀ ਅੱਜ ਵੀ ਬੇਹੱਦ ਨਾਜ਼ੁਕ ਹੈ। ਕਮਾਠੀਪੁਰਾ ਵਿੱਚ, ਜਿੱਥੇ 1980 ਦੇ ਦਹਾਕੇ ਵਿੱਚ ਹਜ਼ਾਰਾਂ ਸੈਕਸ ਵਰਕਰ ਸਨ, ਅੱਜ ਗਿਣਤੀ ਘਟਕੇ ਲਗਭਗ 2000-3000 ਰਹਿ ਗਈ। ਇਸ ਦਾ ਕਾਰਨ ਆਨਲਾਈਨ ਪਲੇਟਫਾਰਮਾਂ ਅਤੇ ਐਸਕਾਰਟ ਸਰਵਿਸਾਂ ਦਾ ਵਧਣਾ ਵੀ ਹੈ। ਨਵੀਂ ਪੀੜ੍ਹੀ ਦੇ ਸੈਕਸ ਵਰਕਰ ਸੋਸ਼ਲ ਮੀਡੀਆ ਅਤੇ ਐਪਸ ਦੀ ਵਰਤੋਂ ਕਰਕੇ ਗਾਹਕ ਲੱਭਦੇ ਹਨ, ਜਿਸ ਨੇ ਪਰੰਪਰਾਗਤ ਰੈਡ ਲਾਈਟ ਖੇਤਰਾਂ ਦੀ ਰੌਣਕ ਘਟਾ ਦਿੱਤੀ ਹੈ। ਪਰ ਇਸ ਤਕਨੀਕੀ ਸੁਧਾਰ ਨੇ ਸੈਕਸ ਵਰਕਰਾਂ ਦੀ ਜ਼ਿੰਦਗੀ ਨੂੰ ਸੁਖਾਲਾ ਨਹੀਂ ਕੀਤਾ। ਉਹ ਅਜੇ ਵੀ ਪੁਲਿਸ ਦੀ ਪ੍ਰੇਸ਼ਾਨੀ, ਦਲਾਲਾਂ ਦੇ ਸ਼ੋਸ਼ਣ ਅਤੇ ਸਮਾਜਿਕ ਬਾਈਕਾਟ ਦਾ ਸ਼ਿਕਾਰ ਹਨ। ਸੋਨਾਗਾਛੀ, ਜਿੱਥੇ 11,000 ਤੋਂ ਵੱਧ ਸੈਕਸ ਵਰਕਰ ਕੰਮ ਕਰਦੇ ਹਨ, ਵਿੱਚ ਵੀ ਹਾਲਾਤ ਬਦਲੇ ਨਹੀਂ। ਇੱਥੇ ਵਸਦੀਆਂ ਔਰਤਾਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੇਪਾਲ, ਬੰਗਲਾਦੇਸ਼ ਜਾਂ ਪੱਛਮੀ ਬੰਗਾਲ ਦੇ ਪੇਂਡੂ ਖੇਤਰਾਂ ਤੋਂ ਹਨ, ਨੂੰ ਅਕਸਰ ਜਬਰੀ ਇਸ ਪੇਸ਼ੇ ਵਿੱਚ ਧੱਕਿਆ ਜਾਂਦਾ।

# ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਬੀ.ਬੀ.ਐਮ.ਬੀ. ਮੁੱਦੇ 'ਤੇ ਫ਼ੈਸਲਾ ਸਹੀ ਹੈ ਜਾਂ ਨਹੀਂ?

## ਕੀ ਇਹ ਰਿਪੇਰੀਅਨ ਕਾਨੂੰਨ ਤੇ ਅਧਿਕਾਰ ਉਲਟ ਫ਼ੈਸਲਾ ਨਹੀਂ?

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 6 ਮਈ 2025 ਦੇ ਆਪਣੇ ਹੁਕਮ ਨੂੰ ਸਹੀ ਠਹਿਰਾਉਂਦਿਆਂ ਪੰਜਾਬ ਸਰਕਾਰ ਦੀ ਮੰਗ ਨੂੰ ਖਾਰਜ ਕਰ ਦਿੱਤਾ, ਜਿਸ ਵਿੱਚ 6 ਮਈ ਦੇ ਹੁਕਮ ਨੂੰ ਵਾਪਸ ਲੈਣ ਜਾਂ ਸੋਧਣ ਦੀ ਅਪੀਲ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਉਸ ਦਾ ਪਿਛਲਾ ਹੁਕਮ, ਜਿਸ ਵਿੱਚ ਕੇਂਦਰੀ ਗ੍ਰਹਿ ਸਕੱਤਰ ਦੀ ਮੀਟਿੰਗ ਵਿੱਚ ਹਰਿਆਣਾ ਨੂੰ ਪਾਣੀ ਦੇਣ ਦੇ ਫੈਸਲੇ ਨੂੰ ਲਾਗੂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਬਿਲਕੁਲ ਸਹੀ ਸੀ ਅਤੇ ਇਸ ਵਿੱਚ ਦਖਲ ਦੇਣ ਦਾ ਕੋਈ ਆਧਾਰ ਨਹੀਂ। ਅਦਾਲਤ ਦਾ ਮੰਨਣਾ ਹੈ ਕਿ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦਾ 2 ਮਈ ਨੂੰ ਹਰਿਆਣਾ ਨੂੰ ਪਾਣੀ ਦੇਣ ਦਾ ਫੈਸਲਾ ਕਾਨੂੰਨੀ ਅਤੇ ਸੰਵਿਧਾਨਕ ਸੀ।

ਅਦਾਲਤ ਦਾ ਫੈਸਲਾ ਬੀ.ਬੀ.ਐਮ.ਬੀ. ਦੇ ਅਧਿਕਾਰ ਖੇਤਰ ਅਤੇ ਪੰਜਾਬ-ਹਰਿਆਣਾ ਪਾਣੀ ਸਮਝੌਤਿਆਂ 'ਤੇ ਅਧਾਰਿਤ ਹੈ। ਬੀ.ਬੀ.ਐਮ.ਬੀ. ਇੱਕ ਕੇਂਦਰੀ ਅਧਿਕਾਰਤ ਸੰਸਥਾ ਹੈ, ਜੋ ਭਾਖੜਾ ਅਤੇ ਬਿਆਸ ਨਦੀਆਂ ਦੇ ਪਾਣੀ ਦੀ ਵੰਡ ਲਈ ਜ਼ਿੰਮੇਵਾਰ ਹੈ। ਅਦਾਲਤ ਨੇ ਮੰਨਿਆ ਕਿ ਬੀ.ਬੀ.ਐਮ.ਬੀ. ਦੇ ਫੈਸਲੇ ਨੂੰ ਪੰਜਾਬ ਸਰਕਾਰ ਦੀ ਮਨਜ਼ੂਰੀ ਦੀ ਲੋੜ ਨਹੀਂ, ਕਿਉਂਕਿ ਇਹ ਕੇਂਦਰੀ ਅਧਿਕਾਰ ਖੇਤਰ ਅਧੀਨ ਆਉਂਦਾ ਹੈ। ਹਾਲਾਂਕਿ, ਪੰਜਾਬ ਦੇ ਦ੍ਰਿਸ਼ਟੀਕੋਣ ਤੋਂ, ਇਹ ਫੈਸਲਾ ਅਨੁਚਿਤ ਲੱਗ ਸਕਦਾ ਹੈ, ਕਿਉਂਕਿ ਪੰਜਾਬ ਬੀ.ਬੀ.ਐਮ.ਬੀ. ਵਿੱਚ 60% ਹਿੱਸੇਦਾਰੀ ਦਾ ਦਾਅਵਾ ਕਰਦਾ ਹੈ ਅਤੇ ਮੰਨਦਾ ਹੈ ਕਿ ਉਸ ਦੇ ਪਾਣੀ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ।

ਪੰਜਾਬ ਸਰਕਾਰ, ਖਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ, ਨੇ ਬੀ.ਬੀ.ਐਮ.ਬੀ. ਦੇ ਫੈਸਲਿਆਂ ਅਤੇ ਹਾਈਕੋਰਟ ਦੇ ਹੁਕਮਾਂ ਦਾ ਸਖ਼ਤ ਵਿਰੋਧ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਨੂੰ ਪੰਜਾਬ ਦੀ ਸਹਿਮਤੀ ਤੋਂ ਬਿਨਾਂ ਹਰਿਆਣਾ ਨੂੰ ਪਾਣੀ ਦੇਣ ਲਈ ਵਰਤਿਆ ਜਾ ਰਿਹਾ ਹੈ ਅਤੇ (ਬਾਕੀ ਸਫ਼ਾ 30 'ਤੇ)

# ਜਰਮਨੀ ਉੱਪਰ ਰੂਸ ਦੇ ਹਮਲੇ ਦਾ ਖ਼ਤਰਾ ਮੰਡਰਾਇਆ

## ਜਰਮਨੀ ਦੀ ਰੂਸ ਨਾਲ ਜੰਗ ਦੀ ਤਿਆਰੀ: 2029 ਤੱਕ ਖ਼ਤਰੇ ਦੀ ਚਿਤਾਵਨੀ

ਜਰਮਨੀ ਇੱਕ ਅਜਿਹੀ ਜੰਗ ਲਈ ਤਿਆਰੀਆਂ ਕਰ ਰਿਹਾ ਹੈ, ਜਿਸ ਦੀ ਉਮੀਦ ਨਹੀਂ ਸੀ। ਯੂਕ੍ਰੇਨ ਵਿੱਚ ਰੂਸ ਦੀਆਂ ਕਾਰਵਾਈਆਂ ਨੇ ਪੂਰੇ ਯੂਰਪ ਵਿੱਚ ਖ਼ੌਫ ਪੈਦਾ ਕਰ ਦਿੱਤਾ ਹੈ। ਜਰਮਨੀ ਸਮੇਤ ਕਈ ਯੂਰਪੀ ਦੇਸ਼ 2029 ਤੱਕ ਰੂਸ ਵੱਲੋਂ ਸੰਭਾਵੀ ਹਮਲੇ ਦੀ ਤਿਆਰੀ ਕਰ ਰਹੇ ਹਨ। ਜਰਮਨੀ ਨੇ ਬੰਕਰਾਂ, ਸੁਰੰਗਾਂ ਅਤੇ ਸ਼ੈਲਟਰ ਹੋਮਜ਼ ਦਾ ਜਾਲ ਵਧਾਉਣ ਦੀ ਯੋਜਨਾ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਜੰਗ ਦੀ ਸਥਿਤੀ ਵਿੱਚ ਆਮ ਲੋਕਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ।

ਜਰਮਨੀ ਦੇ ਸੰਘੀ ਨਾਗਰਿਕ ਸੁਰੱਖਿਆ ਅਤੇ ਆਫ਼ਤ ਸਹਾਇਤਾ ਦਫ਼ਤਰ ਦੇ ਮੁਖੀ ਰਾਲਫ ਟਿਸਲਰ ਨੇ ਕਿਹਾ ਕਿ ਪਹਿਲਾਂ ਜਰਮਨੀ ਵਿੱਚ ਜੰਗ ਦੀ ਸੰਭਾਵਨਾ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਸੀ, ਪਰ ਹੁਣ ਹਾਲਾਤ ਬਦਲ ਗਏ ਹਨ। ਉਨ੍ਹਾਂ ਕਿਹਾ, "ਅਸੀਂ ਯੂਰਪ 'ਚ ਵੱਡੀ ਜੰਗ ਦੇ ਜੋਖਮ ਬਾਰੇ ਚਿੰਤਤ ਹਾਂ।" ਰੂਸ ਦੇ ਯੂਕ੍ਰੇਨ ਵਿੱਚ ਤਿੰਨ ਸਾਲਾਂ ਦੀ ਜੰਗ ਤੋਂ ਬਾਅਦ, ਜਰਮਨੀ ਨੂੰ ਡਰ ਹੈ ਕਿ 2029 ਤੱਕ ਰੂਸ ਨਾਟ ਦੇ ਕਿਸੇ ਦੇਸ਼ 'ਤੇ ਹਮਲਾ ਕਰ ਸਕਦਾ ਹੈ। ਇਸ ਲਈ ਜਰਮਨੀ ਮੌਜੂਦਾ ਸੁਰੰਗਾਂ, ਮੈਟਰੋ ਸਟੇਸ਼ਨਾਂ, ਅੰਡਰਗਰਾਊਂਡ ਗੈਰਾਜਾਂ ਅਤੇ ਜਨਤਕ ਇਮਾਰਤਾਂ ਦੇ ਬੇਸਮੈਂਟ ਨੂੰ ਸ਼ੈਲਟਰ ਵਜੋਂ ਵਰਤਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ ਤਾਂ ਜੋ ਜਲਦੀ ਤੋਂ ਜਲਦੀ 10 ਲੱਖ ਲੋਕਾਂ ਲਈ ਸੁਰੱਖਿਅਤ ਥਾਂ ਬਣਾਈ ਜਾ ਸਕੇ।

ਜਰਮਨੀ ਦੇ ਰੱਖਿਆ ਮੁਖੀ ਜਨਰਲ ਕਾਰਸਟਨ ਬਰਾਊਰ ਨੇ ਦੱਸਿਆ ਕਿ ਰੂਸ ਹਰ ਸਾਲ ਸੈਂਕੜੇ ਟੈਂਕ ਬਣਾ ਰਿਹਾ ਹੈ। ਇਹ ਟੈਂਕ 2029 ਜਾਂ ਇਸ ਤੋਂ ਪਹਿਲਾਂ ਬਾਲਟਿਕ ਖੇਤਰ ਵਿੱਚ ਨਾਟ ਦੇਸ਼ਾਂ 'ਤੇ ਹਮਲੇ ਲਈ ਵਰਤੇ ਜਾ ਸਕਦੇ ਹਨ। ਇਸ ਖ਼ਤਰੇ ਨੂੰ ਵੇਖਦਿਆਂ ਜਰਮਨੀ ਨੇ ਨਵੇਂ ਬੰਕਰ ਬਣਾਉਣ ਦੀ ਬਜਾਏ ਮੌਜੂਦਾ ਢਾਂਚਿਆਂ ਨੂੰ ਸ਼ੈਲਟਰ ਵਜੋਂ ਵਰਤਣ 'ਤੇ ਜ਼ੋਰ ਦਿੱਤਾ ਹੈ। ਨਵੇਂ ਬੰਕਰ ਬਣਾਉਣ ਵਿੱਚ ਸਮਾਂ ਅਤੇ ਪੈਸਾ ਜ਼ਿਆਦਾ ਲੱਗੇਗਾ, ਜੋ ਹੁਣ ਸੰਭਵ ਨਹੀਂ। ਜਰਮਨੀ ਦੀ ਸਰਕਾਰ ਦਾ ਮੰਨਣਾ ਹੈ ਕਿ ਸਮੇਂ ਦੀ ਕਮੀ ਕਾਰਨ ਮੌਜੂਦਾ ਸਹੂਲਤਾਂ (ਬਾਕੀ ਸਫ਼ਾ 31 'ਤੇ)

# ਜੂਨ 84 ਘੱਲੂਘਾਰੇ ਦੇ ਸ਼ਹੀਦਾਂ ਦੀ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਨਿਭਾਈ

## ਜਥੇਦਾਰ ਦੀ ਅਰਦਾਸ ਦੀ ਚਮਤਕਾਰੀ ਪੰਥਕ ਸ਼ਬਦਾਵਲੀ ਨੇ ਸਿੱਖ ਜਗਤ ਦੇ ਹਿਰਦੇ ਨੂੰ ਛੂਹਿਆ

## ਸੰਪਰਦਾਈ ਸਿਆਸਤ ਵਿੱਚ ਉਲਝਿਆ ਸ਼ਹੀਦੀ ਸਮਾਗਮ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਿਆ

### ਵਿਵਾਦ ਕਾਰਨ ਜਥੇਦਾਰ ਨੂੰ ਸ਼ਹੀਦ ਪਰਿਵਾਰਾਂ ਨੂੰ ਸਿਰਪਾਓ ਨਾ ਦੇਣ ਦਿਤੇ , ਨਾ ਸੰਦੇਸ਼ ਜਾਰੀ ਹੋਣ ਦਿੱਤਾ

### ਧਾਮੀ ਨੇ ਬੜੀ ਦੂਰਅੰਦੇਸ਼ੀ ਨਾਲ ਤਕਰਾਰ ਨੂੰ ਰੋਕਿਆ : ਬਾਬਾ ਹਰਨਾਮ ਸਿੰਘ ਖ਼ਾਲਸਾ





ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਪੰਥ ਦੇ ਮੀਰੀ ਪੀਰੀ ਦੇ ਸੰਕਲਪ ਦਾ ਧੁਰਾ , ਜਿਸ ਦੁਆਲੇ ਸਦੀਆਂ ਤੋਂ ਸਿੱਖ ਧਰਮ ਅਤੇ ਰਾਜਨੀਤੀ ਘੁੰਮਦੀ ਹੈ।2025 ਦੇ ਜੂਨ ਮਹੀਨੇ ਵਿੱਚ ਜੂਨ 84 ਦੇ ਘੱਲੂਘਾਰੇ ਦੀ ਇੱਕਤਾਲਵੀਂ ਬਰਸੀ ਦੌਰਾਨ ਇੱਕ ਵਾਰ ਫਿਰ ਸਿੱਖ ਸੰਗਤ ਦੇ ਸਮੂਹਿਕ ਸੰਘਰਸ਼ ਅਤੇ ਸ਼ਰਧਾ ਦਾ ਕੇਂਦਰ ਬਣਿਆ ਹੋਇਆ ਸੀ। ਸ਼ਹੀਦਾਂ ਦੀ ਯਾਦ ਵਿੱਚ, ਜਦੋਂ ਸਿੱਖ ਸੰਗਤ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੀ ਹੋਈ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਧਰਤੀ ਇੱਕ ਵਾਰ ਫਿਰ ਸਿੱਖ ਜਗਤ ਦੀ ਰੂਹਾਨੀ ਤਾਕਤ ਦਾ ਸਮੁੰਦਰ ਬਣ ਗਈ।ਜੂਨ 1984 ਦਾ ਘੱਲੂਘਾਰਾ, ਜਦੋਂ ਭਾਰਤੀ ਸਰਕਾਰ ਦੀ ਫ਼ੌਜ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕੀਤਾ ਸੀ ਤਾਂ ਸਿੱਖ ਪੰਥ ਦੇ ਹਿਰਦੇ 'ਤੇ ਅਜਿਹਾ ਜ਼ਖਮ ਲੱਗਿਆ, ਜੋ ਸਦੀਆਂ ਤੱਕ ਰਿਸਦਾ ਰਹੇਗਾ।

ਇਸ ਸ਼ਹੀਦੀ ਸਮਾਗਮ ਵਿੱਚ, ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਰਦਾਸ ਨੇ ਸਿੱਖ ਜਗਤ ਦੇ ਹਿਰਦਿਆਂ ਨੂੰ ਛੂਹ ਲਿਆ, ਪਰ ਸੰਪਰਦਾਈ ਸਿਆਸਤ ਅਤੇ ਆਪਸੀ ਮੱਤਭੇਦਾਂ ਨੇ ਇਸ ਸਮਾਗਮ ਨੂੰ ਵਿਵਾਦਾਂ ਦੇ ਘੇਰੇ ਵਿੱਚ ਵੀ ਲਿਆਂਦਾ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੰਥ ਪ੍ਰਵਾਨਿਤ ਜਥੇਦਾਰ ਨਾ ਮੰਨਦਿਆਂ, ਉਨ੍ਹਾਂ ਦੇ ਸੰਦੇਸ਼ ਅਤੇ ਸਿਰਪਾਓ ਦੇਣ ਦੀ ਪਰੰਪਰਾ 'ਤੇ ਰੋਕ ਲਗਾਈ। ਦਮਦਮੀ ਟਕਸਾਲ ਦੀ ਸ਼ਰਤ ਅਨੁਸਾਰ, ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਨੂੰ ਸ਼ਹੀਦ ਪਰਿਵਾਰਾਂ ਨੂੰ ਸਿਰਪਾਓ ਦੇਣ ਅਤੇ ਫਸੀਲ ਤੋਂ ਸੰਦੇਸ਼ ਜਾਰੀ ਕਰਨ ਤੋਂ ਰੋਕਿਆ ਗਿਆ। ਇਹ ਪਰੰਪਰਾ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦਾ ਅਟੁੱਟ ਹਿੱਸਾ ਸੀ, ਜੋ ਪਹਿਲੀ ਵਾਰ ਟੁੱਟੀ।ਇਹ ਕਾਰਵਾਈ ਸਿਰਫ਼ ਜਥੇਦਾਰ ਦੀ ਅਥਾਰਟੀ 'ਤੇ ਹੀ ਸੱਟ ਨਹੀਂ ਸੀ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ 'ਤੇ ਵੀ ਸਵਾਲੀਆ ਨਿਸ਼ਾਨ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਿਰਪਾਓ ਦੇਣ ਦੀ ਜ਼ਿੰਮੇਵਾਰੀ ਸੰਭਾਲੀ।ਸਮਾਗਮ ਵਾਲੀ ਥਾਂ 'ਤੇ ਸੰਪਰਦਾਈਆਂ ਦਾ ਘੇਰਾ ਇੰਨਾ ਸੰਘਣਾ ਸੀ ਕਿ ਸੰਗਤ ਨੂੰ ਮੱਥਾ ਟੇਕਣ ਵਿੱਚ ਵੀ ਮੁਸ਼ਕਿਲ ਪੇਸ਼ ਆਈ।

ਸਮਾਗਮ ਦੇ ਪ੍ਰਬੰਧ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਕੋਲ ਸਨ, ਪਰ ਪੁਲਸੀਆ ਅਤੇ ਸੂਹੀ ਤੰਤਰ ਦੀ ਭੀੜ ਨੇ ਸੰਗਤ ਦੀ ਆਜ਼ਾਦੀ ਨੂੰ ਸੀਮਤ ਕਰ ਦਿੱਤਾ।

ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਟਕਰਾਅ ਵਿੱਚ ਨਾ ਪੈਂਦਿਆਂ ਅਰਦਾਸ ਰਾਹੀਂ ਆਪਣਾ ਸੰਦੇਸ਼ ਦੇ ਦਿੱਤਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਰਦਾਸ, ਜਿਸ ਵਿੱਚ ਸਿੱਖ ਪੰਥ ਵਿਰੁੱਧ ਜ਼ੁਲਮਾਂ ਦਾ ਜ਼ਿਕਰ, ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ, ਪੰਜਾਬ ਨੂੰ ਯੁੱਧ ਦਾ ਅਖਾੜਾ ਨਾ ਬਣਾਉਣ ਦੀ ਅਪੀਲ ਅਤੇ ਸ਼ਹੀਦਾਂ ਪ੍ਰਤੀ ਸ਼ਰਧਾ ਸਮਰਪਿਤ ਸੀ, ਨੇ ਸੰਗਤ ਦੇ ਹਿਰਦਿਆਂ ਨੂੰ ਝੰਜੋੜ ਦਿੱਤਾ। ਉਹਨਾਂ ਕਿਹਾ ਕਿ ਸਿੱਖ ਪੰਥ ਅੱਜ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। 1984 ਦੇ ਘੱਲੂਘਾਰੇ ਦੀ ਸੱਚਾਈ ਨੂੰ ਜਨਤਕ ਕਰਨ ਦੀ ਮੰਗ, ਸਿੱਖ ਕੈਦੀਆਂ ਦੀ ਰਿਹਾਈ, ਧਰਮ ਪਰਿਵਰਤਨ ਦੀ ਰੋਕਥਾਮ, ਨਸ਼ਿਆਂ ਦੀ ਮਹਾਂਮਾਰੀ ਨੂੰ ਠੱਲ੍ਹ ਪਾਉਣਾ ਅਤੇ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਅਤੇ ਸਿੱਖੀ ਸਿਧਾਂਤਾਂ ਨਾਲ ਜੋੜਨ ਦੀ ਜ਼ਰੂਰਤ—ਇਹ ਸਾਰੇ ਮੁੱਦੇ ਸਿੱਖ ਪੰਥ ਦੀ ਸਮੂਹਿਕ ਚੇਤਨਾ ਦੇ ਕੇਂਦਰ ਵਿੱਚ ਹਨ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੀ ਅਰਦਾਸ ਵਿੱਚ ਇਨ੍ਹਾਂ ਮੁੱਦਿਆਂ ਨੂੰ ਉਠਾਇਆ ਅਤੇ ਸਮੁੱਚੇ ਸਿੱਖ ਪੰਥ ਨੂੰ ਖਾਲਸਾਈ ਨਿਸ਼ਾਨ ਹੇਠ ਇਕਜੁੱਟ ਹੋਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਸਾਡੀ ਲੜਾਈ ਬਾਹਰੀ ਤਾਕਤਾਂ ਨਾਲ ਹੈ, ਪਰ ਅਸੀਂ ਆਪਣਿਆਂ ਨਾਲ ਟਕਰਾਅ ਨਹੀਂ ਚਾਹੁੰਦੇ। ਇਸੇ ਸੰਦਰਭ ਵਿੱਚ, ਉਨ੍ਹਾਂ ਨੇ ਬਟਾਲਾ ਸ਼ਹਿਰ ਵਿੱਚ ਧਰਮ ਪਰਿਵਰਤਨ ਦੇ ਮਾਮਲੇ 'ਤੇ ਸਖ਼ਤ ਇਤਰਾਜ਼ ਜਤਾਇਆ ਤੇ ਕਿਹਾ ਕਿ ਪੰਜਾਬ, ਜੋ ਗੁਰੂ ਸਾਹਿਬਾਨ ਦੀ ਧਰਤੀ ਹੈ, ਨੂੰ ਨਫ਼ਰਤ ਦੇ ਬੀਜਾਂ ਤੋਂ ਮੁਕਤ ਰੱਖਣਾ ਸਾਡੀ ਜ਼ਿੰਮੇਵਾਰੀ ਹੈ।

ਇਸ ਅਰਦਾਸ ਦੇ ਸ਼ਬਦ ਸੰਗਤ ਦੇ ਹਿਰਦਿਆਂ ਵਿੱਚ ਗੂੰਜੇ, ਜਿਵੇਂ ਸੱਚ ਦਾ ਸੰਗੀਤ ਰੂਹ ਨੂੰ ਜਗਾਉਂਦਾ ਹੈ।

ਸੰਦੇਸ਼ ਜਾਰੀ ਨਾ ਕਰਨ ਸੰਬੰਧੀ ਪੱਤਰਕਾਰਾਂ ਵੱਲੋਂ ਪੁਛਣ ਉਪਰੰਤ ਜਥੇਦਾਰ ਨੇ ਆਪਣੇ ਵੱਲੋਂ ਕੀਤੀ ਅਰਦਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਇਕ ਤਰ੍ਹਾਂ ਅਰਦਾਸ ਵਿਚ ਆਪਣੇ ਵਿਚਾਰ ਅੰਕਿਤ ਕਰ ਦਿੱਤੇ ਹਨ ।

ਪਰ ਸਿੱਖ ਪੰਥ ਦੇ ਅਸਲ ਮੁੱਦੇ—1984 ਦੀ ਅਧਿਕਾਰਤ ਰਿਪੋਰਟ ਜਨਤਕ ਕਰਨ ਦੀ ਮੰਗ, ਸਿੱਖ ਫ਼ੌਜੀਆਂ ਨੂੰ ਮੁਆਫੀ ਅਤੇ ਸਨਮਾਨ ਬਹਾਲ ਕਰਨ ਦੀ ਮੰਗ ਅਤੇ ਅੰਮ੍ਰਿਤਸਰ ਨੂੰ ਨੋ-ਵਾਰ ਜ਼ੋਨ ਐਲਾਨਣ ਦੀ ਮੰਗ ਇਨ੍ਹਾਂ ਨੂੰ ਇਸ ਸ਼ਹੀਦੀ ਸਮਾਗਮ ਵਿੱਚ ਛੂਹਿਆ ਨਹੀਂ ਗਿਆ ।

#### ਸਮਾਗਮ ਦੌਰਾਨ ਖ਼ਾਲਿਸਤਾਨੀ ਨਾਰਿਆਂ ਦੀ ਗੂੰਜ ਵੀ ਸੁਣਾਈ ਦਿੱਤੀ।

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਦਰਬਾਰ ਸਾਹਿਬ ਬਹੁਤ ਸਤਿਕਾਰਤ ਅਸਥਾਨ ਹਨ ।ਉਨ੍ਹਾਂ ਸ਼ਹੀਦੀ ਸਮਾਗਮ ਨੂੰ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਬੜੀ ਸਿਆਣਪ ਅਤੇ ਦੂਰ ਅੰਦੇਸ਼ੀ ਨਾਲ ਟਕਰਾਅ ਨੂੰ ਰੋਕਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਸਮਾਗਮ ਵਿੱਚ ਕਦੇ ਵੀ ਤਕਰਾਰ ਨਹੀਂ ਹੋਣਾ ਚਾਹੀਦਾ ।

ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਦੋਂ ਤੱਕ ਦੁਨੀਆ ਰਹੇਗੀ ਭਾਰਤੀ ਹਕੂਮਤ ਵੱਲੋਂ ਜੂਨ 1984 ਵਿੱਚ ਸਿੱਖ ਕੌਮ 'ਤੇ ਵਰ੍ਹਾਇਆ ਕਹਿਰ ਯਾਦ ਕੀਤਾ ਜਾਂਦਾ ਰਹੇਗਾ । ਉਨ੍ਹਾਂ ਸਿੱਖ ਮਸਲਿਆਂ ਦੇ ਹੱਲ ਲਈ ਕੌਮ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਅਤੇ ਸ਼ਹੀਦੀ ਸਮਾਗਮ ਵਿੱਚ ਪਹੁੰਚੇ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਸਿੱਖ ਸੰਪਰਦਾਵਾਂ, ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਸੰਗਤਾਂ ਦਾ ਧੰਨਵਾਦ ਕੀਤਾ ।

#### ਸ਼ਹੀਦ ਪਰਿਵਾਰਾਂ ਦਾ ਸਨਮਾਨ

ਸ਼ਹੀਦੀ ਸਮਾਗਮ ਦੌਰਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦ ਪਰਿਵਾਰਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ। ਸਨਮਾਨਿਤ ਪਰਿਵਾਰਾਂ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਅਤੇ ਭਰਾਤਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ, ਜਨਰਲ ਸੁਬੇਗ ਸਿੰਘ ਦੇ ਭਰਾ ਬੇਅੰਤ ਸਿੰਘ ਖਿਆਲਾ, ਮਾਤਾ ਗੁਰਜੀਤ ਕੌਰ, ਸ਼ਹੀਦ ਭਾਈ ਦਇਆ ਸਿੰਘ ਦੇ ਭਰਾਤਾ ਭਾਈ ਕਰਤਾਰ ਸਿੰਘ, ਸ਼ਹੀਦ ਭਾਈ ਸਰਵਣ ਸਿੰਘ ਵਾੜਾ, ਸ਼ਹੀਦ ਭਾਈ ਜੋਗਾ ਸਿੰਘ, ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ, ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਬੇਅੰਤ ਸਿੰਘ ਅਤੇ ਸ਼ਹੀਦ ਭਾਈ ਛਿੰਦਾ ਸਿੰਘ ਵਰਪਾਲ ਦੇ ਪਰਿਵਾਰਕ ਮੈਂਬਰ ਸ਼ਾਮਲ ਸਨ।

ਸਮਾਗਮ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਨਿਹੰਗ ਸਿੰਘ ਦਲਾਂ, ਸਿੱਖ ਸੰਪਰਦਾਵਾਂ, ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦਲ ਖ਼ਾਲਸਾ ਦੇ ਕੰਵਰਪਾਲ ਸਿੰਘ, ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਅਤੇ ਹੋਰ ਪੰਥਕ ਸ਼ਖਸੀਅਤਾਂ ਸ਼ਾਮਲ ਸਨ।ਪਰ ਸਰਬੱਤ ਖ਼ਾਲਸਾ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਣ ਨੇ ਪੰਥਕ ਏਕਤਾ 'ਤੇ ਸਵਾਲ ਖੜੇ ਕੀਤੇ। ਭਾਈ ਧਿਆਨ ਸਿੰਘ ਮੰਡ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਨੇੜੇ ਸੰਦੇਸ਼ ਪੜ੍ਹਿਆ, ਜਿਸ ਵਿੱਚ ਉਨ੍ਹਾਂ ਨੇ 1984 ਦੇ ਹਮਲੇ ਨੂੰ ਸਿੱਖ ਕੌਮ 'ਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਘਟਨਾ ਕਰਾਰ ਦਿੱਤਾ।

## ਕੀ ਜਥੇਦਾਰ ਸੇਵਾ ਮੁਕਤ ਹੋਣਗੇ?

ਬੁੱਧੀਜੀਵੀਆਂ ਅਤੇ ਪੰਥਕ ਧਿਰਾਂ ਦਾ ਮੰਨਣਾ ਹੈ ਕਿ ਇਸ ਵਿਵਾਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਮਰਿਆਦਾ 'ਤੇ ਗੰਭੀਰ ਸਵਾਲ ਖੜੇ ਕੀਤੇ ਹਨ। ਸੰਪਰਦਾਈਆਂ ਦੀ ਸਿਆਸਤ ਅਤੇ ਸ਼੍ਰੋਮਣੀ ਕਮੇਟੀ ਦੀ ਕਮਜ਼ੋਰੀ ਨੇ ਜਥੇਦਾਰ ਦੀ ਅਥਾਰਟੀ ਨੂੰ ਫਿਰ ਚੁਣੌਤੀ ਦਿੱਤੀ। ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਅਤੇ ਸੁਖਬੀਰ ਸਿੰਘ ਬਾਦਲ ਨੂੰ ਇਸ ਵਿਵਾਦ ਦਾ ਜ਼ਿੰਮੇਵਾਰ ਠਹਿਰਾਇਆ, ਜਦਕਿ ਸਿਮਰਨਜੀਤ ਸਿੰਘ ਮਾਨ ਤੇ ਐਮ. ਪੀ. ਸਰਬਜੀਤ ਸਿੰਘ ਖ਼ਾਲਸਾ ਨੇ ਜਥੇਦਾਰ ਗੜਗੱਜ ਦੀ ਸੂਝਵਾਨ ਸਖਸ਼ੀਅਤ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸਹੀ ਰੋਲ ਨਿਭਾ ਰਿਹਾ ਹੈ।ਇਸ ਉਪਰ ਕਿੰਤੂ ਪ੍ਰੰਤੂ ਨਹੀਂ ਹੋਣਾ ਚਾਹੀਦਾ।



ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਸੇਵਾ ਮੁਕਤੀ ਦੀ ਸੰਭਾਵਨਾ ਫਿਲਹਾਲ ਦੂਰ ਦੀ ਘੜੀ ਜਾਪਦੀ ਹੈ, ਕਿਉਂਕਿ ਉਨ੍ਹਾਂ ਦੀ ਅਰਦਾਸ ਨੇ ਸੰਗਤ ਦੇ ਹਿਰਦਿਆਂ ਵਿੱਚ ਥਾਂ ਬਣਾਈ ਹੈ। ਸਿੱਖ ਸੋਸ਼ਲ ਮੀਡੀਆ 'ਤੇ ਲੋਕਾਂ ਦੇ ਹੁੰਗਾਰੇ ਦੱਸਦੇ ਹਨ ਕਿ ਬਾਬਾ ਧੁੰਮੇ ਦੀ ਇਹ ਜਿੱਤ ਲੋਕਾਂ ਦੀ ਨਜ਼ਰ ਵਿੱਚ ਉੱਨੀ ਚਮਕ ਨਹੀਂ ਰੱਖਦੀ ਜਿੰਨਾ, ਜਥੇਦਾਰ ਗੜਗਜ ਨੇ ਇੱਕ ਕਦਮ ਪਿੱਛੇ ਹਟਦਿਆਂ ਅਰਦਾਸ ਰਾਹੀਂ ਆਪਣਾ ਪੰਥਕ ਸੁਨੇਹਾ ਦਿੱਤਾ ਅਤੇ ਟਕਰਾਅ ਟਾਲਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਉਨ੍ਹਾਂ ਨੂੰ ਸਿੱਖ ਪੰਥ ਦੀ ਹਮਦਰਦੀ ਮਿਲੀ। ਸਿੱਖ ਆਗੂਆਂ ਦੇ ਇੱਕ ਵਰਗ, ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੇ ਆਲੋਚਕ ਵੀ ਸ਼ਾਮਲ ਹਨ, ਨੇ ਜਥੇਦਾਰ ਗੜਗਜ ਪ੍ਰਤੀ ਨਰਮੀ ਵਿਖਾਈ। ਇਹ ਵੀ ਸਾਫ਼ ਹੈ ਕਿ ਤਿੰਨ ਮਹੀਨੇ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਸੁਖਬੀਰ ਦੇ ਇਸ਼ਾਰੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੋ ਜਥੇਦਾਰਾਂ ਨੂੰ ਬਰਖਾਸਤ ਕਰਨ ਦੇ ਫੈਸਲੇ ਨੂੰ ਲੈ ਕੇ ਸਿੱਖ ਜਗਤ ਵਿੱਚ ਭਾਰੀ ਨਾਰਾਜ਼ਗੀ ਹੈ। ਪਰ ਜਥੇਦਾਰ ਗੜਗਜ ਪ੍ਰਤੀ ਇਹ ਨਾਰਾਜ਼ਗੀ ਨਹੀਂ। ਸਗੋਂ ਦਿਨ ਚੜ੍ਹਦਿਆਂ ਉਨ੍ਹਾਂ ਨੂੰ ਮਿਲੀ ਹਮਦਰਦੀ ਨੇ ਉਨ੍ਹਾਂ ਲੋਕਾਂ ਲਈ ਚਿੰਤਾ ਵਧਾ ਦਿੱਤੀ ਹੈ, ਜੋ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾਉਣਾ ਚਾਹੁੰਦੇ ਹਨ। ਸੂਤਰਾਂ ਮੁਤਾਬਕ, ਜਥੇਦਾਰ ਤੇ ਸੰਪਰਦਾਈਆਂ ਵਿਚਾਲੇ ਟਕਰਾਅ ਟਾਲਣ ਲਈ ਚੋਰੀ-ਛੁਪੇ ਗੱਲਬਾਤ ਦੇ ਕਈ ਦੌਰ ਚੱਲੇ।

ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਸੁਖਬੀਰ ਦੇ ਇੱਕ ਵਿਸ਼ਵਾਸਪਾਤਰ ਸਾਥੀ ਨੇ ਦੋਵਾਂ ਧਿਰਾਂ ਨਾਲ ਗੱਲਬਾਤ ਕੀਤੀ। ਸ਼ੁਰੂ ਵਿੱਚ ਜਥੇਦਾਰ ਗੜਗਜ ਨੇ ਆਪਣੀ ਗੱਲ 'ਤੇ ਅੜੀ ਰੱਖੀ, ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਜੋ ਟਕਸਾਲ ਨਾਲ ਨੇੜਤਾ ਲਈ ਜਾਣੇ ਜਾਂਦੇ ਹਨ, ਨੇ ਟਕਰਾਅ ਰੋਕਣ ਅਤੇ ਟਕਸਾਲ ਮੁਖੀ ਦੀ ਇੱਜ਼ਤ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਆਖਰਕਾਰ, ਬਾਬਾ ਧੁੰਮੇ ਦੀ ਗੱਲ ਮੰਨੀ ਗਈ।

ਦੂਜੇ ਪਾਸੇ, ਸੁਖਬੀਰ ਨੇ ਧਾਮੀ ਦੇ ਕਹਿਣ ਉਪਰ ਬਾਬਾ ਧੁੰਮੇ ਦੀ ਸ਼ਰਤ ਮੰਨੀ, ਪਰ ਉਨ੍ਹਾਂ ਦੀ ਪਾਰਟੀ ਦੇ ਕਈ ਆਗੂਆਂ ਨੇ ਬਾਬੇ ਧੁੰਮੇ 'ਤੇ ਕੇਂਦਰੀ ਏਜੰਸੀਆਂ ਦੇ ਇਸ਼ਾਰੇ 'ਤੇ ਕੰਮ ਕਰਨ ਦੇ ਇਲਜ਼ਾਮ ਲਾਏ। ਯਾਦ ਰਹੇ ਕਿ ਬਾਬਾ ਧੁੰਮੇ ਨੇ ਵੀ ਸੁਖਬੀਰ ਸਿੰਘ ਬਾਦਲ ਦੇ ਘਰ ਅੱਗੇ ਹਰ ਮਹੀਨੇ ਧਰਨਾ ਦੇਣ ਦੀ ਗੱਲ ਕਹੀ ਸੀ, ਜੋ ਸੁਖਬੀਰ ਲਈ ਹੋਰ ਸਿਰਦਰਦੀ ਵਧਾਏਗੀ।ਅਕਾਲੀ ਦਲ ਵਿੱਚ ਫੁੱਟ ਪੈਣ ਤੋਂ ਬਾਅਦ ਸੁਖਬੀਰ ਨੂੰ ਇੱਕ ਹੋਰ ਸੰਪਰਦਾਈਆ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਹੈ। ਟਕਸਾਲ ਅਤੇ ਅਕਾਲੀ ਦਲ ਨਾਲ ਦੋਹਰੀ ਵਫ਼ਾਦਾਰੀ ਰੱਖਣ ਵਾਲੇ ਕਈ ਅਕਾਲੀ ਆਗੂਆਂ ਨੇ ਸਾਫ਼ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਪਹਿਲੀ ਵਫ਼ਾਦਾਰੀ ਟਕਸਾਲ ਨਾਲ ਹੈ। ਉਨ੍ਹਾਂ ਨੇ ਖੁੱਲ੍ਹ ਕੇ ਜਥੇਦਾਰ ਗੜਗਜ ਦਾ ਵਿਰੋਧ ਕੀਤਾ। ਇਸ ਨਾਲ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ ਹਨ। ਦੂਜੇ ਪਾਸੇ, ਅਕਾਲੀ ਦਲ ਦੇ ਅਸੰਤੁਸ਼ਟ ਆਗੂ, ਜੋ ਸੁਖਬੀਰ ਸਿੰਘ ਬਾਦਲ ਦੀ ਸਭ ਤੋਂ ਵੱਡੀ ਚੁਣੌਤੀ ਹਨ, ਇਸ ਸਾਰੇ ਵਿਵਾਦ ਦੌਰਾਨ ਚੁੱਪ ਰਹੇ ਅਤੇ ਕਿਸੇ ਦਾ ਪੱਖ ਨਹੀਂ ਲਿਆ।ਇਸ ਸਾਰੇ ਮਾਮਲੇ ਨੇ ਸਿੱਖ ਪੰਥ ਦੀ ਸਿਆਸਤ ਅਤੇ ਧਾਰਮਿਕ ਅਗਵਾਈ ਵਿੱਚ ਚੱਲ ਰਹੇ ਖਿੱਚੋਤਾਣ ਨੂੰ ਸਾਹਮਣੇ ਲਿਆਂਦਾ ਹੈ। ਸ਼ਾਂਤੀ ਦਾ ਇਹ ਫਾਰਮੂਲਾ ਭਾਵੇਂ ਫਿਲਹਾਲ ਕਾਮਯਾਬ ਰਿਹਾ, ਪਰ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਅਸਰ ਅਤੇ ਸਿਆਸੀ ਖੇਡ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ।

ਇਸ ਦੌਰ ਵਿੱਚ ਪੰਥਕ ਜਥੇਬੰਦੀਆਂ ਤੇ ਸ਼੍ਰੋਮਣੀ ਕਮੇਟੀ ਨੂੰ ਬੜੀ ਸੂਝ ਨਾਲ ਅਗਾਂਹ ਵਧਣ ਲਈ, ਸਿੱਖ ਪੰਥ ਨੂੰ ਆਪਸੀ ਮੱਤਭੇਦ ਪਾਸੇ ਰੱਖ ਕੇ, ਗੁਰਬਾਣੀ ਦੀ ਰੌਸ਼ਨੀ ਵਿੱਚ ਇਕਜੁੱਟ ਹੋਣ ਦੀ ਲੋੜ ਹੈ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਪੰਥਕ ਢਾਂਚਾ ਸਿਰਜਕੇ ਨਿਯਮਾਵਲੀ ਬਣਾਉਣੀ ਚਾਹੀਦੀ ਹੈ। ਸੱਚ ਦੀ ਖੋਜ, ਸ਼ਹੀਦਾਂ ਪ੍ਰਤੀ ਸ਼ਰਧਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਸੰਗਤ ਦੀ ਏਕਤਾ ਹੀ ਬਚਾਅ ਸਕਦੀ ਹੈ।

# ਫ਼ਰੀਮੌਂਟ ਗੁਰਦੁਆਰਾ ਸਾਹਿਬ ਦੀ ਮੰਗ: ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀ ਜਾਂਚ ਕਰੇ ਅਮਰੀਕੀ ਸਰਕਾਰ

## ਸਿੱਖ ਭਾਈਚਾਰੇ ਨੇ ਹਿੰਦੂ ਅਮਰੀਕਨ ਫ਼ਾਊਂਡੇਸ਼ਨ ’ਤੇ ਭਾਰਤ ਸਰਕਾਰ ਦੇ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਲਗਾਏ

ਫ਼ਰੀਮੌਂਟ ਗੁਰਦੁਆਰਾ ਸਾਹਿਬ, ਅਮਰੀਕਾ ਦੇ ਸਭ ਤੋਂ ਵੱਡੇ ਅਤੇ ਪ੍ਰਮੁੱਖ ਸਿੱਖ ਧਾਰਮਿਕ ਸਥਾਨਾਂ ਵਿੱਚੋਂ ਇੱਕ ਹੈ, ਨੇ ਅਮਰੀਕੀ ਜਸਟਿਸ ਵਿਭਾਗ ਨੂੰ ਇੱਕ ਪੱਤਰ ਲਿਖ ਕੇ ਪੈਨਸਿਲਵੇਨੀਆ ਸਥਿਤ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਵਿਰੁੱਧ ਜਾਂਚ ਦੀ ਮੰਗ ਕੀਤੀ ਹੈ। ਗੁਰਦੁਆਰੇ ਦਾ ਦੋਸ਼ ਹੈ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੇ ਹਿੱਤਾਂ ਲਈ ‘ਵਿਦੇਸ਼ੀ ਏਜੰਟ’ ਵਜੋਂ ਕੰਮ ਕਰ ਰਿਹਾ ਹੈ, ਜੋ ਅਮਰੀਕਾ ਦੇ ਫ਼ਾਰੇਨ ਏਜੰਟਸ ਰਜਿਸਟ੍ਰੇਸ਼ਨ ਐਕਟ (ਫ਼ੇਰਾ) ਦੀ ਉਲੰਘਣਾ ਹੋ ਸਕਦੀ ਹੈ। ਇਸ ਮੁੱਦੇ ਨੇ ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਦਰਮਿਆਨ ਪਹਿਲਾਂ ਤੋਂ ਹੀ ਮੌਜੂਦ ਤਣਾਅ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਇਸ ਮਾਮਲੇ ਨੂੰ ਅੰਤਰਰਾਸ਼ਟਰੀ ਮੀਡੀਆ, ਜਿਵੇਂ ਕਿ ਗਾਰਡੀਅਨ ਅਤੇ ਅਲ ਜਜ਼ੀਰਾ, ਨੇ ਵੀ ਉਜਾਗਰ ਕੀਤਾ ਹੈ, ਜਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਵਧਾਇਆ ਹੈ।

### ਕੀ ਹੈ ਮਾਮਲਾ ?

ਫ਼ਰੀਮੌਂਟ ਗੁਰਦੁਆਰਾ ਸਾਹਿਬ, ਜੋ ਕੈਲੀਫ਼ੋਰਨੀਆ ਵਿੱਚ ਸਥਿਤ ਹੈ, ਸਿੱਖ ਭਾਈਚਾਰੇ ਦਾ ਇੱਕ ਪ੍ਰਮੁੱਖ ਕੇਂਦਰ ਹੈ। ਇਸ ਨੇ ਜੂਨ 2025 ਵਿੱਚ ਅਮਰੀਕੀ ਜਸਟਿਸ ਵਿਭਾਗ ਨੂੰ ਇੱਕ ਖੁੱਲ੍ਹਾ ਪੱਤਰ ਲਿਖਿਆ ਸੀ, ਜਿਸ ਵਿੱਚ ਹਿੰਦੂ ਅਮਰੀਕਨ ਫ਼ਾਊਂਡੇਸ਼ਨ ’ਤੇ ਭਾਰਤ ਸਰਕਾਰ ਦੇ ਹਿੱਤਾਂ ਦੀ ਵਕਾਲਤ ਕਰਨ ਅਤੇ ਅਮਰੀਕੀ ਸਿਆਸੀ ਸਿਸਟਮ ਵਿੱਚ ਭਾਜਪਾ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੇ ਦੋਸ਼ ਲਾਏ ਸਨ। ਗੁਰਦੁਆਰੇ ਦਾ ਕਹਿਣਾ ਹੈ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੇ ਭਾਰਤੀ ਸਿਆਸੀ ਨੁਮਾਇੰਦਿਆਂ ਨੂੰ ਅਮਰੀਕੀ ਸੰਸਦ ਮੈਂਬਰਾਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕੀਤਾ ਅਤੇ ਭਾਰਤ ਸਰਕਾਰ ਦੀਆਂ ਨੀਤੀਆਂ ਦੀ ਪੈਰਵਾਈ ਕੀਤੀ। ਇਸ ਦੇ ਨਾਲ ਹੀ, ਗੁਰਦੁਆਰੇ ਨੇ ਮੰਗ ਕੀਤੀ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀਆਂ ਸਰਗਰਮੀਆਂ ਦੀ ਕੌਮੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਜਾਂਚ ਕੀਤੀ ਜਾਵੇ ਅਤੇ ਇਹ ਪਤਾ ਲਗਾਇਆ ਜਾਵੇ ਕਿ ਕੀ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੂੰ ਫ਼ੇਰਾ ਦੇ ਤਹਿਤ ਰਜਿਸਟਰ ਕਰਨ ਦੀ ਲੋੜ ਹੈ। ਫ਼ੇਰਾ ਇੱਕ ਅਮਰੀਕੀ ਕਾਨੂੰਨ ਹੈ, ਜੋ ਵਿਦੇਸ਼ੀ ਸਰਕਾਰਾਂ ਜਾਂ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਸੰਸਥਾਵਾਂ ਨੂੰ ਆਪਣੀਆਂ ਸਰਗਰਮੀਆਂ ਅਤੇ ਵਿੱਤੀ ਲੈਣ-ਦੇਣ ਦੇ ਵੇਰਵੇ ਜਨਤਕ ਕਰਨ ਦੀ ਮੰਗ ਕਰਦਾ ਹੈ।



ਜੇਕਰ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੂੰ ਵਿਦੇਸ਼ੀ ਏਜੰਟ ਮੰਨਿਆ ਜਾਂਦਾ ਹੈ, ਤਾਂ ਉਸ ਨੂੰ ਅਮਰੀਕੀ ਸਿਆਸਤਦਾਨਾਂ ਨਾਲ ਮੁਲਾਕਾਤਾਂ, ਵਿੱਤੀ ਸਮਝੌਤਿਆਂ ਅਤੇ ਹੋਰ ਸਰਗਰਮੀਆਂ ਦੀ ਪਾਰਦਰਸ਼ਤਾ ਦਿਖਾਉਣੀ ਪਵੇਗੀ।

### ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦਾ ਜਵਾਬ

ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਹੈ ਕਿ ਉਹ ਇੱਕ ਗੈਰ-ਸਿਆਸੀ, ਟੈਕਸ-ਮੁਕਤ ਅਮਰੀਕੀ ਚੈਰਿਟੀ ਸੰਸਥਾ ਹੈ, ਜਿਸ ਦਾ ਮੁੱਖ ਮਕਸਦ ਅਮਰੀਕੀ ਹਿੰਦੂ ਭਾਈਚਾਰੇ ਦੀ ਸੇਵਾ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ। ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੇ ਇਹ ਵੀ ਦਾਅਵਾ ਕੀਤਾ ਕਿ ਇਹ ਦੋਸ਼ ਖ਼ਾਲਿਸਤਾਨ ਅੰਦੋਲਨ ਦੇ ਸਮਰਥਕਾਂ ਦੀ ਇੱਕ ਸੰਗਠਿਤ ਮੁਹਿੰਮ ਦਾ ਹਿੱਸਾ ਹਨ, ਜੋ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀ ਸਾਖ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਅਸੀਂ ਇਸ ਦੋਹਰੀ ਵਫ਼ਾਦਾਰੀ ਦੇ ਇਲਜ਼ਾਮ ਨੂੰ ਸਖ਼ਤੀ ਨਾਲ ਰੱਦ ਕਰਦੇ ਹਾਂ ਅਤੇ ਇਹ ਦਾਅਵਾ ਕਿ ਅਸੀਂ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰਦੇ ਹਾਂ, ਪੂਰੀ ਤਰ੍ਹਾਂ ਬੇਬੁਨਿਆਦ ਹੈ।

### ਗੁਰਦੁਆਰੇ ਦੇ ਕੋਲ ਕੀ ਤੱਥ ਹਨ ?

ਫ਼ਰੀਮੌਂਟ ਗੁਰਦੁਆਰਾ ਸਾਹਿਬ ਨੇ ਆਪਣੇ ਪੱਤਰ ਵਿੱਚ ਕੁਝ ਦਸਤਾਵੇਜ਼ਾਂ ਦਾ ਹਵਾਲਾ ਦਿੱਤਾ ਹੈ, ਜੋ ਉਹਨਾਂ ਦੇ ਅਨੁਸਾਰ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀਆਂ ਸਰਗਰਮੀਆਂ ਨੂੰ ਭਾਰਤ ਸਰਕਾਰ ਨਾਲ ਜੋੜਦੇ ਹਨ। ਇਹ ਦਸਤਾਵੇਜ਼ ਸਪੱਸ਼ਟ ਤੌਰ ’ਤੇ ਜਨਤਕ ਨਹੀਂ ਕੀਤੇ ਗਏ, ਪਰ ਅਲ ਜਜ਼ੀਰਾ ਦੀ ਇੱਕ ਜਾਂਚ ਵਿੱਚ ਦਾਅਵਾ ਕੀਤਾ ਗਿਆ ਹੈ ਕਿ 2014 ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀਆਂ ਸਰਗਰਮੀਆਂ ਵਿੱਚ ਵਾਧਾ ਹੋਇਆ ਹੈ ਅਤੇ ਇਹ ਭਾਰਤ ਸਰਕਾਰ ਦੀਆਂ ਨੀਤੀਆਂ ਦੇ ਸਮਰਥਨ ਵਿੱਚ ਸਰਗਰਮ ਹੋਇਆ ਹੈ। ਅਲ ਜਜ਼ੀਰਾ ਨੇ ਰਿਪੋਰਟ ਕੀਤਾ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੇ ਅਮਰੀਕੀ ਸਿਆਸੀਆਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕੀਤਾ ਅਤੇ ਭਾਜਪਾ ਦੀਆਂ ਨੀਤੀਆਂ ਨੂੰ ਅਮਰੀਕੀ ਸਿਆਸਤ ਵਿੱਚ ਪ੍ਰਚਾਰਿਆ। ਇਸ ਤੋਂ ਇਲਾਵਾ, ਗਾਰਡੀਅਨ ਨੇ ਵੀ ਇਸ ਮੁੱਦੇ ਨੂੰ ਉਜਾਗਰ ਕਰਦਿਆਂ ਕਿਹਾ ਕਿ ਫ਼ਰੀਮੌਂਟ ਗੁਰਦੁਆਰੇ ਦੀ ਅਪੀਲ ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਦਰਮਿਆਨ ਚੱਲ ਰਹੇ ਤਣਾਅ ਦਾ ਹਿੱਸਾ ਹੈ। ਗਾਰਡੀਅਨ ਦੀ ਰਿਪੋਰਟ ਅਨੁਸਾਰ, ਸਿੱਖ ਭਾਈਚਾਰਾ ਮਹਿਸੂਸ ਕਰਦਾ ਹੈ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀਆਂ ਸਰਗਰਮੀਆਂ ਸਿੱਖ ਵਿਰੋਧੀ ਨੀਤੀਆਂ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਸ ਵਿੱਚ ਖ਼ਾਲਿਸਤਾਨ ਅੰਦੋਲਨ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਗੁਰਦੁਆਰੇ ਦਾ ਮੰਨਣਾ ਹੈ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀਆਂ ਸਰਗਰਮੀਆਂ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਅਧਿਕਾਰਾਂ ਲਈ ਖ਼ਤਰਾ ਹਨ। ਉਹਨਾਂ ਦਾ ਕਹਿਣਾ ਹੈ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਨੇ ਅਮਰੀਕੀ ਸਿਆਸੀਆਂ ਨੂੰ ਭਾਰਤ ਸਰਕਾਰ ਦੀਆਂ ਨੀਤੀਆਂ ਦੇ ਸਮਰਥਨ ਵਿੱਚ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਸਿੱਖ ਭਾਈਚਾਰੇ ’ਤੇ ਪ੍ਰਭਾਵ ਪਾਉਣ ਵਾਲੀਆਂ ਨੀਤੀਆਂ ਸ਼ਾਮਲ ਹਨ।

### ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਵਿਚਕਾਰ ਤਣਾਅ ਕਿਉਂ ?

ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਦਰਮਿਆਨ ਲੰਬੇ ਸਮੇਂ ਤੋਂ ਚੱਲ ਰਹੇ ਤਣਾਅ ਵਿੱਚ ਹੈ। ਖ਼ਾਲਿਸਤਾਨ ਅੰਦੋਲਨ, ਜੋ ਸਿੱਖਾਂ ਦੇ ਇੱਕ ਵੱਖਰੇ ਰਾਜ ਦੀ ਮੰਗ ਨਾਲ ਜੁੜਿਆ ਹੈ, ਭਾਰਤ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਰਿਹਾ ਹੈ। 1980 ਦੇ ਦਹਾਕੇ ਵਿੱਚ ਜੂਨ 84 ਸਿੱਖ ਘੱਲੂਘਾਰੇ ਅਤੇ ਸਿੱਖ ਵਿਰੋਧੀ ਕਤਲੇਆਮ ਨੇ ਸਿੱਖ ਭਾਈਚਾਰੇ ਵਿੱਚ ਡੂੰਘਾ ਅਸਰ ਛੱਡਿਆ ਅਤੇ ਅਮਰੀਕਾ ਸਮੇਤ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਭਾਈਚਾਰੇ ਨੇ ਇਸ ਦੇ ਵਿਰੁੱਧ ਆਵਾਜ਼ ਉਠਾਈ ਹੈ।

# ਕਿਵੇਂ ਬਣ ਸਕਦਾ ਹੈ ਸ੍ਰੀ ਅੰਮ੍ਰਿਤਸਰ ਸਾਹਿਬ ‘ਨੋ ਵਾਰ ਜ਼ੋਨ’ ਅਤੇ ‘ਨੋ ਫਲਾਈ ਜ਼ੋਨ’ ?

## ਕਾਂਗਰਸ ਦੇ ਸੀਨੀਅਰ ਨੇਤਾ ਐਮ.ਪੀ. ਔਜਲਾ ਅਤੇ ਰੰਧਾਵਾ ਨੇ ਪ੍ਰਧਾਨ ਮੰਤਰੀ ਕੋਲ ਉਠਾਈ ਮੰਗ

### ➢ ਕੀ ਹਨ ਇਸ ਦੇ ਨਿਯਮ ਅਤੇ ਮੋਦੀ ਸਰਕਾਰ ਕੀ ਕਰ ਸਕਦੀ ਹੈ ? ➢ ਸਿੱਖ ਜਗਤ ਵਿਸ਼ਵ ਪੱਧਰ ਉੱਪਰ ਕੀ ਭੂਮਿਕਾ ਨਿਭਾਵੇ ?

ਦਰਬਾਰ ਸਾਹਿਬ, ਸਿੱਖੀ ਦੀ ਧੜਕਦੀ ਰੂਹ, ਸ਼ਾਂਤੀ ਦਾ ਸਰਬਸਾਂਝਾ ਆਸਰਾ, ਜਿੱਥੇ ਮਨੁੱਖਤਾ ਦਾ ਦਿਲ ਧੜਕਦਾ ਹੈ, ਉਸ ਪਵਿੱਤਰ ਅਸਥਾਨ ਤੇ ਗੁਰੂ ਨਗਰੀ ਅੰਮ੍ਰਿਤਸਰ ਨੂੰ ਜੰਗ ਦੇ ਕਾਲੇ ਪਰਛਾਵਿਆਂ ਤੋਂ ਮੁਕਤ ਕਰਨ ਦੀ ਮੰਗ ਉੱਠੀ ਹੈ। ਇਹ ਮੰਗ ਕੋਈ ਸਾਧਾਰਨ ਅਪੀਲ ਨਹੀਂ, ਸਗੋਂ ਸਦੀਆਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਪਵਿੱਤਰ ਧਰਤੀ ਵਿੱਚ ਗੂੰਜਦਾ ਸ਼ਾਂਤੀ ਦਾ ਗੁਰੂ ਸਾਹਿਬਾਨ ਵੱਲੋਂ ਪ੍ਰਗਟ ਕੀਤਾ ਸੁਨੇਹਾ ਹੈ। ਇਹ ਅੰਮ੍ਰਿਤਸਰ ਨਗਰੀ ਤੇ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਹੈ ਕਿ ਅੱਜ ਵਿਸ਼ਵ ਭਰ ਦੀਆਂ ਸੁਪਰੀਮ ਤਾਕਤਾਂ ਜੰਗਾਂ ਛੱਡਣ ਤੇ ਰੋਕਣ, ਲੋਕਾਂ ਦਾ ਭਲਾ ਕਰਨ, ਵਿਕਾਸ ਦੇ ਰਾਹ ਪੈਣ ਅਤੇ ਅਮਨ ਨੂੰ ਅਪਣਾਉਣ।

ਕਾਂਗਰਸ ਦੇ ਸੀਨੀਅਰ ਨੇਤਾ ਐਮ.ਪੀ. ਗੁਰਜੀਤ ਸਿੰਘ ਔਜਲਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਰਾਹੀਂ ਇਸ ਪਵਿੱਤਰ ਮੰਗ ਨੂੰ ਉਜਾਗਰ ਕੀਤਾ, ਕਿ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ‘ਨੋ ਵਾਰ ਜ਼ੋਨ’ ਐਲਾਨਿਆ ਜਾਵੇ।

ਇਹ ਸਿਰਫ਼ ਇੱਕ ਰਾਜਸੀ ਮੰਗ ਨਹੀਂ, ਸਗੋਂ ਸਿੱਖੀ ਦੇ ਮੂਲ ਸਿਧਾਂਤ ‘ਸਰਬੱਤ ਦਾ ਭਲਾ’ ਦੀ ਰਾਖੀ ਦਾ ਪ੍ਰਗਟਾਵਾ ਹੈ। ਭਾਰਤ -ਪਾਕਿਸਤਾਨ ਇਸ ਦਾਰਸ਼ਨਿਕ ਵਿਚਾਰ ਨਾਲ ਇੱਕ ਦੂਜੇ ਦੇ ਨੇੜੇ ਆ ਸਕਦੇ ਹਨ। ਦੋਹਾਂ ਦੇਸਾਂ ਦੀ ਆਪਸੀ ਮਿਲਵਰਤਨ ਨਾਲ ਅੱਤਵਾਦੀ ਮੁਹਿੰਮ ਭਾਰਤ ਵਿਰੁੱਧ ਖਤਮ ਹੋ ਸਕਦੀ ਹੈ ਜੋ ਦੋ ਦੇਸ਼ਾਂ ਦੇ ਟਕਰਾਅ ਦਾ ਕਾਰਨ ਹੈ। ਬਾਕੀ ਮਸਲੇ ਟੇਬਲ ਉੱਪਰ ਹੀ ਹੱਲ ਹੋਣੇ ਹਨ। ਜੰਗ ਕੋਈ ਹੱਲ ਨਹੀਂ।

ਭਾਰਤੀ ਫ਼ੌਜ ਦੇ ਦਾਅਵਿਆਂ ਅਨੁਸਾਰ, ਪਾਕਿਸਤਾਨ ਨੇ ਡਰੋਨ ਅਤੇ ਮਿਜ਼ਾਇਲਾਂ ਰਾਹੀਂ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਭਾਰਤ ਦੇ ਮਜ਼ਬੂਤ ਏਅਰ ਡਿਫੈਂਸ ਸਿਸਟਮ ਨੇ ਨਾਕਾਮ ਕਰ ਦਿੱਤਾ। ਇਸ ਘਟਨਾ ਨੇ ਸਿੱਖ ਭਾਈਚਾਰੇ ਦੇ ਦਿਲਾਂ ਵਿੱਚ ਇੱਕ ਡੂੰਘੀ ਚਿੰਤਾ ਪੈਦਾ ਕੀਤੀ ਸੀ, ਅਤੇ ‘ਨੋ ਵਾਰ ਜ਼ੋਨ’ ਦੀ ਮੰਗ ਨੂੰ ਹੋਰ ਤਰਕਸੰਗਤ ਬਣਾਇਆ। ਨੋ ਵਾਰ ਜ਼ੋਨ ਅਤੇ ਨੋ ਫਲਾਈ ਜ਼ੋਨ ਦਾ ਸੰਕਲਪ ਕੋਈ ਨਵਾਂ ਨਹੀਂ, ਪਰ ਇਸ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਸਾਕਾਰ ਕਰਨਾ ਇੱਕ ਮਹਾਨ ਉਦੇਸ਼ ਹੈ। ਨੋ ਵਾਰ ਜ਼ੋਨ ਦਾ ਮਤਲਬ ਹੈ ਇੱਕ ਅਜਿਹਾ ਖੇਤਰ, ਜਿੱਥੇ ਜੰਗ ਦੀਆਂ ਕਾਰਵਾਈਆਂ ਚਾਹੇ ਫ਼ੌਜੀ ਹਮਲੇ ਹੋਣ, ਬੰਬਾਰੀ ਹੋਵੇ, ਜਾਂ ਹਥਿਆਰਬੰਦ ਟਕਰਾਅ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਜਾਵੇ। ਇਸੇ ਤਰ੍ਹਾਂ, ਨੋ-ਫਲਾਈ ਜ਼ੋਨ ਇੱਕ ਅਜਿਹਾ ਇਲਾਕਾ ਹੁੰਦਾ ਹੈ, ਜਿੱਥੇ ਕਿਸੇ ਵੀ ਕਿਸਮ ਦੇ ਹਵਾਈ ਜਹਾਜ਼, ਡਰੋਨ, ਜਾਂ ਮਿਜ਼ਾਇਲ ਨੂੰ ਉੱਡਣ ਦੀ ਇਜਾਜ਼ਤ ਨਹੀਂ ਹੁੰਦੀ। ਅੰਤਰਰਾਸ਼ਟਰੀ ਕਾਨੂੰਨ ਅਧੀਨ, ਅਜਿਹੀ ਘੋਸ਼ਣਾ ਲਈ ਸੰਯੁਕਤ ਰਾਸ਼ਟਰ (ਯੂ.ਐਨ.) ਦੀ ਸੁਰੱਖਿਆ ਪਰਿਸ਼ਦ ਦੀ ਸਹਿਮਤੀ ਜ਼ਰੂਰੀ ਹੁੰਦੀ ਹੈ। ਯੂ.ਐਨ. ਚਾਰਟਰ ਦੀ ਧਾਰਾ 39 ਤੋਂ 51 ਅਧੀਨ, ਸੁਰੱਖਿਆ ਪਰਿਸ਼ਦ ਨੂੰ ਅਮਨ ਅਤੇ ਸੁਰੱਖਿਆ ਬਣਾਈ ਰੱਖਣ ਦਾ ਅਧਿਕਾਰ ਹੈ, ਅਤੇ ਇਸੇ ਤਹਿਤ ਨੋ ਵਾਰ ਜ਼ੋਨ ਜਾਂ ਨੋ-ਫਲਾਈ ਜ਼ੋਨ ਦੀ ਸਥਾਪਨਾ ਕੀਤੀ ਜਾ ਸਕਦੀ ਹੈ।



ਉਦਾਹਰਣ ਵਜੋਂ, 1991 ਵਿੱਚ ਇਰਾਕ ਦੇ ਕੁਰਦਿਸਤਾਨ ਖੇਤਰ ਵਿੱਚ ‘ਨੋ-ਫਲਾਈ ਜ਼ੋਨ’ ਸਥਾਪਿਤ ਕੀਤਾ ਗਿਆ, ਜਿਸ ਨੇ ਸਥਾਨਕ ਲੋਕਾਂ ਨੂੰ ਸਦਾਮ ਹੁਸੈਨ ਦੀ ਫ਼ੌਜ ਤੋਂ ਬਚਾਇਆ। ਵੈਟੀਕਨ ਸਿਟੀ, ਜੋ ਕਿ ਇਸਾਈ ਧਰਮ ਦਾ ਕੇਂਦਰ ਹੈ, ਨੂੰ ਵੀ ਅੰਤਰਰਾਸ਼ਟਰੀ ਪੱਧਰ ’ਤੇ ਇੱਕ ਸ਼ਾਂਤੀ ਖੇਤਰ ਵਜੋਂ ਮਾਨਤਾ ਪ੍ਰਾਪਤ ਹੈ। ਇਟਲੀ ਸਰਕਾਰ ਨੇ ਵੈਟੀਕਨ ਨੂੰ 1929 ਦੀ ਲੈਟਰਨ ਸੰਧੀ ਰਾਹੀਂ ਇੱਕ ਸੁਤੰਤਰ ਰਾਜ ਦਾ ਦਰਜਾ ਦਿੱਤਾ, ਅਤੇ ਇਸ ਦੀ ਸੁਰੱਖਿਆ ਲਈ ਵਿਸ਼ੇਸ਼ ਇੰਤਜਾਮ ਕੀਤੇ। ਵੈਟੀਕਨ ਦਾ ਆਸਮਾਨ ਨੋ-ਫਲਾਈ ਜ਼ੋਨ ਹੈ, ਜਿੱਥੇ ਬਿਨਾਂ ਇਜਾਜ਼ਤ ਕੋਈ ਹਵਾਈ ਜਹਾਜ਼ ਨਹੀਂ ਉੱਡ ਸਕਦਾ। ਇਸ ਦੀ ਸੁਰੱਖਿਆ ਇਟਲੀ ਦੀ ਫੌਜ ਅਤੇ ਸਵਿਸ ਗਾਰਡ ਨੂੰ ਸੌਂਪੀ ਗਈ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਲਈ ਵੀ ਅਜਿਹਾ ਮਾਡਲ ਅਪਣਾਇਆ ਜਾ ਸਕਦਾ ਹੈ, ਪਰ ਇਸ ਲਈ ਕਈ ਪੱਧਰਾਂ ’ਤੇ ਸੰਘਰਸ਼ ਦੀ ਲੋੜ ਹੈ। ਭਾਰਤ ਸਰਕਾਰ ਨੂੰ ਸੰਯੁਕਤ ਰਾਸ਼ਟਰ ਨਾਲ ਸੰਵਾਦ ਸ਼ੁਰੂ ਕਰਨਾ ਹੋਵੇਗਾ, ਜਿੱਥੇ ਸੁਰੱਖਿਆ ਪਰਿਸ਼ਦ ਦੀ ਮਨਜ਼ੂਰੀ ਲਈ ਇੱਕ ਪ੍ਰਸਤਾਵ ਪੇਸ਼ ਕੀਤਾ ਜਾ ਸਕੇ। ਇਸ ਪ੍ਰਸਤਾਵ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀ ਮਹੱਤਤਾ, ਸ਼ਾਂਤੀ ਦੇ ਸੁਨੇਹੇ ਅਤੇ ਜੰਗ ਦੇ ਖ਼ਤਰਿਆਂ ਨੂੰ ਉਜਾਗਰ ਕਰਨਾ ਹੋਵੇਗਾ। ਪਰ ਇਹ ਰਾਹ ਔਖਾ ਹੈ, ਕਿਉਂਕਿ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪਰਿਸ਼ਦ ਦੇ ਪੰਜ ਸਥਾਈ ਮੈਂਬਰਾਂ ਅਮਰੀਕਾ, ਰੂਸ, ਚੀਨ, ਬਰਤਾਨੀਆ ਅਤੇ ਫਰਾਂਸ ਦੀ ਸਹਿਮਤੀ ਜ਼ਰੂਰੀ ਹੈ ਅਤੇ ਕਿਸੇ ਇੱਕ ਦੇ ਵੀਟੋ ਨਾਲ ਇਹ ਪ੍ਰਸਤਾਵ ਰੱਦ ਹੋ ਸਕਦਾ ਹੈ। ਪਰ ਇਸ ਬਾਰੇ ਯਤਨ ਬਹੁਤ ਜ਼ਰੂਰੀ ਹਨ।

ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਨੋ ਵਾਰ ਜ਼ੋਨ ਅਤੇ ਨੋ-ਫਲਾਈ ਜ਼ੋਨ ਬਣਾਉਣ ਵਿੱਚ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦਾ ਰੋਲ ਬਹੁਤ ਮਹੱਤਵਪੂਰਨ ਹੈ। ਮੋਦੀ ਸਰਕਾਰ, ਜੋ ਦੇਸ਼ ਦੀ ਸੱਤਾ ਦਾ ਸਿਰਮੌਰ ਅਤੇ ਨੀਤੀਆਂ ਦਾ ਸਿਰਜਣਹਾਰ ਹੈ, ਕੋਲ ਸੰਵਿਧਾਨਕ ਤਾਕਤ ਹੈ ਕਿ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੁਰੱਖਿਆ ਲਈ ਪੁਖਤਾ ਇੰਤਜਾਮ ਕਰੇ। ਭਾਰਤ ਸਰਕਾਰ ਨੂੰ ਸਰਹੱਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਆਧੁਨਿਕ ਤਕਨੀਕ ਜਿਵੇਂ ਐਂਟੀ-ਡਰੋਨ ਸਿਸਟਮ, ਰਾਡਾਰ ਅਤੇ ਮਿਜ਼ਾਇਲ ਡਿਫੈਂਸ ਦਾ ਜਾਲ ਬੁਣਨਾ ਹੋਵੇਗਾ। ਨਾਲ ਹੀ, ਕੂਟਨੀਤਕ ਪੱਧਰ ’ਤੇ ਪਾਕਿਸਤਾਨ ਨਾਲ ਸੰਵਾਦ ਸ਼ੁਰੂ ਕਰਨਾ ਜ਼ਰੂਰੀ ਹੈ। ਪਾਕਿਸਤਾਨ ਨੂੰ ਇਸ ਮੰਗ ਦੀ ਰੂਹਾਨੀ ਅਤੇ ਨੈਤਿਕ ਮਹੱਤਤਾ ਨੂੰ ਸਮਝਣਾ ਹੋਵੇਗਾ, ਅਤੇ ਸ਼ਾਂਤੀ ਦੇ ਇਸ ਸੁਨੇਹੇ ਨੂੰ ਭਾਰਤ ਨਾਲ ਸਾਂਝੇ ਤੌਰ ’ਤੇ ਅੱਗੇ ਵਧਾਉਣ ਲਈ ਸਹਿਮਤ ਹੋਣਾ ਪਵੇਗਾ। ਦੋਵੇਂ ਦੇਸ਼ਾਂ ਨੂੰ ਮਿਲ ਕੇ ਸੰਯੁਕਤ ਰਾਸ਼ਟਰ ਸਾਹਮਣੇ ਇੱਕ ਸਾਂਝਾ ਪ੍ਰਸਤਾਵ ਪੇਸ਼ ਕਰਨਾ ਚਾਹੀਦਾ ਹੈ, ਜਿਸ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ‘ਨੋ ਵਾਰ ਜ਼ੋਨ’ ਅਤੇ ਨੋ ਫਲਾਈ ਜ਼ੋਨ ਐਲਾਨਣ ਦੀ ਮੰਗ ਹੋਵੇ। ਸਿੱਖ ਜਗਤ ਦਾ ਫਰਜ਼ ਅਤੇ ਵਿਸ਼ਵ ਭਾਈਚਾਰੇ ਦਾ ਸੰਘਰਸ਼ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਨੋ ਵਾਰ ਜ਼ੋਨ ਅਤੇ ਵੈਟੀਕਨ ਸਿਟੀ ਵਰਗਾ ਰੁਤਬਾ ਦਿਵਾਉਣ ਦਾ ਸੁਪਨਾ ਸਿਰਫ਼ ਸਰਕਾਰਾਂ ਦੇ ਹੱਥ ਨਹੀਂ, ਸਗੋਂ ਸਿੱਖ ਜਗਤ ਅਤੇ ਵਿਸ਼ਵ ਭਾਈਚਾਰੇ ਦੇ ਸਾਂਝੇ ਸੰਘਰਸ਼ ਦਾ ਵੀ ਹਿੱਸਾ ਹੈ। ਸਿੱਖ ਜਥੇਬੰਦੀਆਂ—ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਥਕ ਜਥੇਬੰਦੀਆਂ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਸ ਮੰਗ ਨੂੰ ਬੁਲੰਦ ਕਰਨ ਲਈ ਇੱਕਜੁਟ ਹੋਣਾ ਪਵੇਗਾ। ਇਹ ਸਿੱਖੀ ਦੇ ਮੂਲ ਸਿਧਾਂਤ ਸਰਬੱਤ ਦਾ ਭਲਾ ਦੀ ਰਾਖੀ ਦਾ ਸਵਾਲ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਸਿੱਖਿਆ ਦਾ ਜੀਵੰਤ ਰੂਪ ਹੈ। ਸਿੱਖ ਸੰਗਤ ਨੂੰ ਵਿਸ਼ਵ ਭਰ ਵਿੱਚ ਇਸ ਆਵਾਜ਼ ਨੂੰ ਉਠਾਉਣਾ ਹੋਵੇਗਾਚਾਹੇ ਸੋਸ਼ਲ ਮੀਡੀਆ ਰਾਹੀਂ, ਚਾਹੇ ਅਰਦਾਸਾਂ ਦੀ ਗੂੰਜ ਰਾਹੀਂ, ਚਾਹੇ ਵਿਸ਼ਵ ਪੱਧਰ ’ਤੇ ਸੈਮੀਨਾਰ ਅਤੇ ਰੈਲੀਆਂ ਰਾਹੀਂ। ਵਿਸ਼ਵ ਭਾਈਚਾਰੇ ਦਾ ਸਮਰਥਨ ਵੀ ਇਸ ਲਹਿਰ ਨੂੰ ਮਜ਼ਬੂਤ ਕਰੇਗਾ। ਸਿੱਖ ਡਾਇਸਪੋਰਾ ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਸਿੱਖ ਇਸ ਮੰਗ ਨੂੰ ਅੰਤਰਰਾਸ਼ਟਰੀ ਮੰਚਾਂ ’ਤੇ ਉਜਾਗਰ ਕਰ ਸਕਦੇ ਹਨ। ਗੈਰ-ਸਿੱਖ ਸੰਸਥਾਵਾਂ, ਮਾਨਵ ਅਧਿਕਾਰ ਜਥੇਬੰਦੀਆਂ ਅਤੇ ਸ਼ਾਂਤੀ ਪਸੰਦ ਸਮੂਹਾਂ ਨੂੰ ਵੀ ਇਸ ਸੰਘਰਸ਼ ਵਿੱਚ ਸ਼ਾਮਲ ਕਰਨਾ ਹੋਵੇਗਾ। ਸੰਯੁਕਤ ਰਾਸ਼ਟਰ ਦੇ ਸਾਹਮਣੇ ਇੱਕ ਮਜ਼ਬੂਤ ਪਟੀਸ਼ਨ, ਵਿਸ਼ਵ ਭਰ ਦੇ ਲੋਕਾਂ ਦੇ ਦਸਤਖਤ ਅਤੇ ਸ਼ਾਂਤੀ ਦੇ ਸੁਨੇਹੇ ਨੂੰ ਗੂੰਜਦਾ ਕਰਨ ਵਾਲੀ ਇੱਕ ਲਹਿਰ, ਇਸ ਸੁਪਨੇ ਨੂੰ ਸਾਕਾਰ ਕਰ ਸਕਦੀ ਹੈ। ਇਹ ਸੁਪਨਾ, ਜੋ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਸ਼ਾਂਤੀ ਦੇ ਸੁਨੇਹੇ ਨੂੰ ਸਦਾ ਲਈ ਕਾਇਮ ਰੱਖੇਗਾ, ਸਾਨੂੰ ਸਾਰਿਆਂ ਨੂੰ ਇੱਕ ਨਵੇਂ ਰਾਹ ਵੱਲ ਲੈ ਜਾਵੇਗਾ ਜਿੱਥੇ ਜੰਗ ਦੀਆਂ ਲਾਟਾਂ ਬੁਝ ਜਾਣ ਅਤੇ ਸ਼ਾਂਤੀ ਦਾ ਚਾਨਣ ਸਦਾ ਲਈ ਚਮਕੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# .ਗਾਜ਼ਾ : ਮਨੁੱਖ ਵੱਲੋਂ ਕੀਤੀ ਗਈ ਸਭ ਤੋਂ ਭੈੜੀ ਤਬਾਹੀ

ਇੱਕ ਪਾਸੇ ਵਿਸ਼ਵ ਦੇ ਅਨੇਕਾਂ ਦੇਸ਼ ਚੰਦ ’ਤੇ ਮਨੁੱਖੀ ਬਸਤੀਆਂ ਵਸਾਉਣ ਦੇ ਉਪਰਾਲੇ ਕਰਨ ਦਾ ਦਾਅਵਾ ਕਰ ਰਹੇ ਹਨ ਅਤੇ ਵਿਸ਼ਵ ਸ਼ਾਂਤੀ ਦਾ ਸੰਦੇਸ਼ ਦੇ ਰਹੇ ਹਨ। ਦੂਜੇ ਪਾਸੇ .ਗਾਜ਼ਾ ਵਿੱਚ ਇਜ਼ਰਾਇਲ ਵੱਲੋਂ ਵੱਡੇ ਪੱਧਰ ’ਤੇ ਮਨੁੱਖਤਾ ਦੇ ਕੀਤੇ ਜਾ ਰਹੇ ਘਾਣ ਸਬੰਧੀ ਆਲਮੀ ਭਾਈਚਾਰਾ ਸਿਰ.ਫ ਇਜ਼ਰਾਇਲ ਦੀ ਆਲੋਚਨਾ ਕਰਨ ਤੱਕ ਹੀ ਸੀਮਿਤ ਹੈ। ਕਿਸੇ ਵੀ ਦੇਸ਼ ਵੱਲੋਂ ਜੰਗ ਅਤੇ ਤਬਾਹੀ ਦਾ ਸ਼ਿਕਾਰ .ਗਾਜ਼ਾ ਦੇ ਪੀੜਤਾਂ ਦੀ ਬਾਂਹ ਨਹੀਂ .ਫੜੀ ਜਾ ਰਹੀ। ਭਾਵੇਂ ਕਿ ਕੁਝ ਕੁ ਦੇਸ਼ਾਂ ਨੇ .ਗਾਜ਼ਾ ਵਿੱਚ ਸਹਾਇਤਾ ਪ੍ਰੋਗਰਾਮ ਚਲਾਏ ਹੋਏ ਹਨ, ਜੋ ਕਿ ਵੱਡੀ ਤਬਾਹੀ ਅੱਗੇ ਨਾਕਾ.ਫੀ ਹਨ। ਇਜ਼ਰਾਇਲ ਵੱਲੋਂ ਹੋਰਨਾਂ ਦੇਸ਼ਾਂ ਵੱਲੋਂ ਗਾਜ਼ਾ ਪੱਟੀ ਵਿੱਚ ਭੇਜੀ ਜਾ ਰਹੀ ਰਾਹਤ ਸਮੱਗਰੀ ਵੀ ਰੋਕੀ ਜਾ ਰਹੀ ਹੈ, ਜਿਸ ਦੀ ਤਾਜ਼ਾ ਉਦਾਹਰਨ ਗਾਜ਼ਾ ਪੱਟੀ ਲਈ ਜਹਾਜ਼ ਵਿਚ ਰਾਹਤ ਸਮੱਗਰੀ ਲੈ ਕੇ ਜਾ ਰਹੀ ਸਵੀਡਨ ਦੀ ਸਮਾਜਿਕ ਕਾਰਕੁਨ ਗਰੇਟਾ ਥੁਨਬਰਗ ਦੇ ਜਹਾਜ਼ ਨੂੰ ਇਜ਼ਰਾਇਲ ਦੀ .ਫੌਜ ਵੱਲੋਂ ਜ਼ਬਤ ਕਰਕੇ ਥੁਨਬਰਗ ਨੂੰ ਡਿਪੋਰਟ ਕਰਨ ਤੋਂ ਦਿੱਤੀ ਜਾ ਸਕਦੀ ਹੈ।

.ਗਾਜ਼ਾ ਦੀ ਵੱਡੀ ਤ੍ਰਾਸਦੀ ਹੈ ਕਿ ਇਜ਼ਰਾਇਲ-ਹਮਾਸ ਯੁੱਧ ਵਿੱਚ ਉਸ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਜ਼ਰਾਇਲ ਦੇ ਹਮਲਿਆਂ ਕਾਰਨ .ਗਾਜ਼ਾ ਪੱਟੀ ਵਿੱਚ ਅਮਨ ਦੇ ਪਾਣੀਆਂ ਨੂੰ ਅੱਗ ਲੱਗੀ ਹੋਈ ਹੈ ਪਰ ਇਜ਼ਰਾਇਲ ਅਮਰੀਕਾ ਦੀ ਹਮਾਇਤ ਮਿਲਣ ਕਾਰਨ ਅਜੇ ਵੀ ਬੜ੍ਹਕਾਂ ਮਾਰ ਰਿਹਾ ਹੈ। ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਇਜ਼ਰਾਇਲ ਦੇ ਹਮਲਿਆਂ ਦਾ ਵਿਰੋਧ ਕੀਤੇ ਜਾਣ ਦੇ ਬਾਵਜੂਦ ਇਜ਼ਰਾਇਲ ਵੱਲੋਂ .ਗਾਜ਼ਾ ’ਤੇ ਹਮਲੇ ਜਾਰੀ ਹਨ, ਜਿਨ੍ਹਾਂ ਵਿੱਚ ਮਨੁੱਖਤਾ ਦਾ ਘਾਣ ਕੀਤਾ ਜਾ ਰਿਹਾ ਹੈ।

ਸੰਯੁਕਤ ਰਾਸ਼ਟਰ ਦੇ ਖੁਰਾਕ ਪ੍ਰੋਗਰਾਮ ਦੇ ਅਨੁਸਾਰ, .ਗਾਜ਼ਾ ਦੁਨੀਆ ਵਿੱਚ ਬਾਲ ਕੁਪੋਸ਼ਣ ਦੇ ਸਭ ਤੋਂ ਭੈੜੇ ਪੱਧਰ ਤੋਂ ਪੀੜਤ ਹੈ ਅਤੇ ਭੁੱਖਮਰੀ ਵੱਲ ਵਧ ਰਿਹਾ ਹੈ। ਇਸ ਇਲਾਕੇ ਦੀ ਜ਼ਿਆਦਾਤਰ ਆਬਾਦੀ ਦੱਖਣੀ .ਗਾਜ਼ਾ ਵਿੱਚ ਸ਼ਰਨਾਰਥੀ ਕੈਂਪਾਂ ਵਿੱਚ ਘਿਰੀ ਹੋਈ ਹੈ ਜਿੱਥੇ ਸ਼ਾਇਦ ਹੀ ਕੋਈ ਜ਼ਰੂਰੀ ਵਸਤੂਆਂ ਉਪਲਬਧ ਹੋਣ। ਹਸਪਤਾਲ ਦਾ ਸਿਸਟਮ ਢਹਿ-ਢੇਰੀ ਹੋਣ ਦੀ ਕਗਾਰ ’ਤੇ ਹੈ ਅਤੇ ਸ਼ਕਤੀਸ਼ਾਲੀ ਦੇਸ਼ ਮਨੁੱਖ ਦੁਆਰਾ ਕੀਤੀ ਗਈ 21ਵੀਂ ਸਦੀ ਦੀ ਸਭ ਤੋਂ ਭੈੜੀ ਤਬਾਹੀ ਨੂੰ ਵੇਖ ਰਹੇ ਹਨ।

ਇਜ਼ਰਾਇਲ ਨੇ ਸ.ਫਲਤਾ ਪੂਰਵਕ ਬੰਬਾਰੀ ਕਰਕੇ .ਗਾਜ਼ਾ ਨੂੰ ਮੌਤ, ਦੁੱਖ ਅਤੇ ਭੁੱਖਮਰੀ ਦੇ ਪੁਲ ਵਿੱਚ ਬਦਲ ਦਿੱਤਾ ਹੈ ਪਰ ਉਹ ਅਜੇ ਵੀ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਤੋਂ ਦੂਰ ਹੈ। ਅੰਤਰਰਾਸ਼ਟਰੀ ਭਾਈਚਾਰੇ ਦੀ ਆਵਾਜ਼ ਹਮਾਸ ਵੱਲੋਂ ਇਜ਼ਰਾਇਲ ’ਤੇ ਕੀਤੇ ਗਏ ਹਮਲੇ ਕਾਰਨ ਪਹਿਲਾਂ ਜ਼ਿਆਦਾਤਰ ਇਜ਼ਰਾਇਲ ਦੇ ਹੱਕ ਵਿੱਚ ਸੀ, ਪਰ ਅੱਜ .ਗਾਜ਼ਾ ਪੱਟੀ ’ਤੇ ਇਜ਼ਰਾਇਲ ਦੇ ਹਮਲਿਆਂ ਕਾਰਨ ਗੁੱਸੇ ਵਿੱਚ ਹੈ ਅਤੇ ਪੂਰੇ ਆਲਮੀ ਭਾਈਚਾਰੇ ਵਿੱਚ ਇਜ਼ਰਾਇਲ ਖ਼ਿਲਾ.ਫ ਗੁੱਸੇ ਦੀ ਲਹਿਰ ਹੈ। ਇਜ਼ਰਾਇਲ ’ਤੇ ਹਮਾਸ ਦੇ ਹਮਲੇ ਨਾਲ ਸ਼ੁਰੂ ਹੋਈ ਜੰਗ ਨੇ .ਗਾਜ਼ਾ ਪੱਟੀ ਦੇ ਜ਼ਿਆਦਾਤਰ ਹਿੱਸੇ ਨੂੰ ਮਲਬੇ ਦੇ ਢੇਰ ’ਚ ਬਦਲ ਦਿੱਤਾ ਹੈ।

ਦੁਨੀਆ ਦੇ ਵਿੱਚ ਕਿਤੇ ਵੀ ਯੁੱਧ ਚੱਲ ਰਿਹਾ ਹੁੰਦਾ ਹੈ ਤਾਂ ਉਸ ਵਿੱਚ ਸ਼ਾਮਲ ਦੋਵੇਂ ਪੱਖ ਇੱਕ ਦੂਜੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੇ ਹਨ। ਇਜ਼ਰਾਇਲੀ ਸਰਹੱਦ ਅੰਦਰ ਵੜ ਕੇ ਜਦੋਂ ਹਮਾਸ ਨੇ ਹਮਲਾ ਕੀਤਾ ਸੀ ਤਾਂ ਬਹੁਤ ਸਾਰੇ ਦੇਸ਼ਾਂ ਨੇ ਇਸ ਦੀ ਨਿੰਦਾ ਕੀਤੀ ਸੀ। ਇਜ਼ਰਾਇਲ ਨੇ ਜਵਾਬੀ ਹਮਲੇ ਨੂੰ ਬਚਾਅ ਦੀ ਕੋਸ਼ਿਸ਼ ਕਿਹਾ ਸੀ ਪਰ ਬਾਅਦ ਵਿੱਚ ਯੁੱਧ ਨੇ ਜਿਵੇਂ ਦੀ ਸ਼ਕਲ ਅਖ਼ਤਿਆਰ ਕੀਤੀ, ਉਸ ਤੋਂ ਇਜ਼ਰਾਇਲ ਦੀਆਂ ਗਤੀਵਿਧੀਆਂ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਸਵਾਲ ਇਹ ਉੱਠਦਾ ਹੈ ਕਿ ਤਮਾਮ ਦੇਸ਼ਾਂ ਦੀ ਸਹਿਮਤੀ ਦੇ ਨਾਲ ਜਿਹੜੇ ਅੰਤਰਰਾਸ਼ਟਰੀ ਨਿਯਮ ਤੇ ਕਾਨੂੰਨ ਬਣਾਏ ਗਏ ਹਨ ਕੀ ਉਹ ਖਤਮ ਹੋ ਗਏ ਹਨ। ਅੰਤਰਰਾਸ਼ਟਰੀ ਕਾਨੂੰਨਾਂ ਦੇ ਮੁਤਾਬਿਕ ਤਾਂ ਇਹ ਮਿਥਿਆ ਗਿਆ ਕਿ ਕਿਹੜੀ ਧਿਰ ’ਤੇ ਹਮਲਾ ਕਰਨਾ ਤੇ ਕਿਥੇ ਨਹੀਂ ਕਰਨਾ ਤੇ ਕਿਹੜੇ ਹਾਲਾਤਾਂ ਦੇ ਵਿੱਚ ਕਰਨਾ ਹੈ। ਨਿਯਮ ਤੇ ਕਾਨੂੰਨਾਂ ਵਿੱਚ ਤਾਂ ਇਹ ਵੀ ਹੈ ਕਿ ਆਮ ਲੋਕਾਂ, ਹਸਪਤਾਲਾਂ, ਸਕੂਲਾਂ ਤੇ ਰਹਿਣ ਵਾਲੀ ਜਗ੍ਹਾ ਦੇ ਨੇੜੇ ਹਮਲਾ ਕਰਨ ਦੀ ਮਨਾਹੀ ਹੈ ਪਰ ਜੋ ਇਜ਼ਰਾਇਲ ਹੁਣ ਤੱਕ .ਫਲਸਤੀਨ ’ਤੇ ਹਮਲੇ ਨੂੰ ਆਪਣੀ ਜਵਾਬੀ ਕਾਰਵਾਈ ਦੱਸਦਾ ਰਿਹਾ, ਕੀ ਉਹ ਭੁੱਖ ਦੇ ਨਾਲ ਲਾਚਾਰ ਲੋਕਾਂ ’ਤੇ ਇਸ ਤਰ੍ਹਾਂ ਦੀ ਗੋਲ਼ਾਬਾਰੀ ਨੂੰ ਸਹੀ ਠਹਿਰਾਅ ਸਕਦੈ ?

ਮੀਡੀਆ ਰਿਪੋਰਟਾਂ ਅਨੁਸਾਰ .ਗਾਜ਼ਾ ਵਿੱਚ ਮਾਪੇ ਆਪਣੇ ਬੱਚਿਆਂ ਦੀ ਭੁੱਖ ਮਿਟਾਉਣ ਲਈ ਪਸ਼ੂਆਂ ਦੇ ਚਾਰੇ ਦੀ ਵਰਤੋਂ ਕਰ ਰਹੇ ਹਨ। .ਗਾਜ਼ਾ ਦੀ ਸਮੁੱਚੀ ਆਬਾਦੀ ਦੁਨੀਆ ਭਰ ਵਿੱਚ ਸ਼੍ਰੇਣੀਬੱਧ ਖੁਰਾਕੀ ਅਸੁਰੱਖਿਆ ਦੇ ਸਭ ਤੋਂ ਵੱਧ ਹਿੱਸੇ ਦਾ ਸਾਹਮਣਾ ਕਰ ਰਹੀ ਹੈ। .ਗਾਜ਼ਾ ਵਿੱਚ ‘ਸੇਵ ਦ ਚਿਲਡਰਨ’ ਲਈ ਇੱਕ ਸਹਾਇਤਾ ਕਰਮਚਾਰੀ ਨੇ ਲੋਕਾਂ ਨੂੰ ਜਾਨਵਰਾਂ ਦੇ ਭੋਜਨ ਅਤੇ ਦਰਖਤਾਂ ਦੇ ਪੱਤੇ ਖਾਂਦੇ ਦੇਖਿਆ। ਉਸ ਨੇ ਲੋਕਾਂ ਨੂੰ ਚੂਹਿਆਂ ਦੁਆਰਾ ਪਹਿਲਾਂ ਹੀ ਖਾ ਚੁੱਕੇ ਭੋਜਨ ਨੂੰ ਖੋਖਲਾ ਕਰਦੇ ਦੇਖਿਆ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ .ਗਾਜ਼ਾ ਵਿੱਚ ਹਾਲਾਤ ਕਿਸ ਤਰੀਕੇ ਨਾਲ ਬਦਤਰ ਹੁੰਦੇ ਜਾ ਰਹੇ ਹਨ। ਇਸ ਤੋਂ ਵੱਡੀ ਤ੍ਰਾਸਦੀ ਕੀ ਹੋਵੇਗੀ ਕਿ ਪੂਰੀ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਦਾ ਹੋਕਾ ਦੇਣ ਵਾਲੇ ਦੇਸ਼ ਵੀ ਇਜ਼ਰਾਇਲ ਦੀ ਹਮਾਇਤ ਵਿੱਚ ਹਨ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਅਮਰੀਕਾ ਇਜ਼ਰਾਇਲ ਦੀ ਸਹਾਇਤਾ ਕਰਕੇ ਖੁਦ .ਗਾਜ਼ਾ ਪੱਟੀ ’ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ .ਗਾਜ਼ਾ ਪੱਟੀ ਸਿਆਸੀ ਵਪਾਰੀਆਂ ਨੂੰ ਰੜਕ ਰਹੀ ਹੈ ਅਤੇ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਉਥੇ ਕਬਜ਼ਾ ਕਰਨਾ ਚਾਹੁੰਦੇ ਹਨ। .ਗਾਜ਼ਾ ਦੇ ਵਿੱਚ ਜਿਸ ਤਰੀਕੇ ਦੇ ਨਾਲ ਮਨੁੱਖਤਾ ਦਾ ਘਾਣ ਹੋ ਰਿਹਾ ਹੈ, ਪੂਰੀ ਦੁਨੀਆ ਭੁੱਖ ਨਾਲ ਤੜ.ਫ ਰਹੇ ਲੋਕਾਂ ਦੇ ਹੱਕ ਦੇ ਵਿੱਚ ਹਾਅ ਦਾ ਨਾਅਰਾ ਮਾਰ ਰਹੀ ਹੈ। ਢਿੱਡ ਦੇ ਪਿੱਛੇ ਲੋਕ ਆਪਣੀਆਂ ਜ਼ਿੰਦਗੀਆਂ ਗੁਆ ਰਹੇ ਨੇ। ਪਰ ਇਹ ਹਾਅ ਦੇ ਨਾਅਰੇ, ਇਹ ਬਿਆਨ ਦੇ ਕੇ ਅਸੀਂ ਆਪਣੇ ਆਪ ਨੂੰ ਸੁਰਖਰੂ ਨਹੀਂ ਕਰ ਸਕਦੇ, ਕਿਉਂਕਿ ਇਸ ਤੋਂ ਅੱਗੇ ਵੀ ਇਨਸਾਨੀਅਤ ਦੇ ਬਹੁਤ ਸਾਰੇ .ਫਰਜ਼ ਬਣਦੇ ਹਨ।

# ਕੀ ਟਰੰਪ ਭਾਰਤ ਦੇ ਮਿੱਤਰ ਹਨ ਜਾਂ ਵਿਰੋਧੀ ?

**ਲੋਕ ਮਿੱਤਰ ਗੌਤਮ**



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਨ੍ਹੀਂ ਦਿਨੀਂ ਹਰ ਮੁੱਦੇ ’ਤੇ ਭਾਰਤ ਦਾ ਅਪਮਾਨ ਕਰਨ ’ਤੇ ਕਿਉਂ ਤੁਲੇ ਹੋਏ ਹਨ ? ਸਾਡੇ ਵਾਰ-ਵਾਰ ਇਨਕਾਰ ਕਰਨ ਦੇ ਬਾਵਜੂਦ ਉਸ ਨੇ ਦੁਨੀਆ ਭਰ ਦੇ ਵੱਖ-ਵੱਖ ਪਲੇਟਫਾਰਮਾਂ ’ਤੇ ਘੱਟੋ-ਘੱਟ 7 ਵਾਰ ਸ਼ੇਖੀ ਮਾਰੀ ਹੈ ਕਿ ਉਹ ਉਹੀ ਵਿਅਕਤੀ ਹੈ, ਜਿਸ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਰੁਕਵਾਈ ਸੀ। ਇਸ ਤੋਂ ਪਹਿਲਾਂ ਉਹ ਭਾਰਤ ਨੂੰ ਇੱਕ ਨਹੀਂ ਸਗੋਂ ਕਈ ਵਾਰ ਅਮਰੀਕਾ ਤੇ ਦੁਨੀਆ ਦੇ ਵੱਖ-ਵੱਖ ਮੰਚਾਂ ’ਤੇ ‘ਟੈਰਿਫ ਕਿੰਗ’ ਤੱਕ ਕਹਿ ਚੁੱਕਾ ਹੈ ਅਤੇ ਹੁਣ ਤਾਂ ਉਹ ਜਨਤਕ ਤੌਰ ’ਤੇ ਸਾਡਾ ਅਪਮਾਨ ਕਰਨ ’ਤੇ ਤੁਲਿਆ ਹੋਇਆ ਹੈ। ਜਿਸ ਤਰ੍ਹਾਂ ਨਾਲ ਉਹ ਆਈਫੋਨ ਨਿਰਮਾਤਾ ਕੰਪਨੀ ‘ਐਪਲ’ ਨੂੰ ਭਾਰਤ ’ਚ ਆਈਫੋਨ ਨਾ ਬਣਾਉਣ ਦੀ ਧਮਕੀ ਦੇ ਰਹੇ ਹਨ, ਆਖਰ ਕੀ ਕਾਰਨ ਹੈ ਕਿ ਟਰੰਪ ਸਾਡੇ ਪਿੱਛੇ ਇੰਨੀ ਬੁਰੀ ਤਰ੍ਹਾਂ ਪੈ ਗਏ ਹਨ।

23 ਮਈ, 2025 ਨੂੰ ਟਰੰਪ ਨੇ ਤੀਜੀ ਵਾਰ ਇਹ ਗੱਲ ਦੁਹਰਾਈ ਕਿ ‘ਐਪਲ’ ਨੂੰ ਆਈਫੋਨ ਭਾਰਤ ਵਿੱਚ ਨਹੀਂ, ਸਗੋਂ ਅਮਰੀਕਾ ਵਿੱਚ ਬਣਾਉਣੇ ਚਾਹੀਦੇ ਹਨ। ਇੰਨਾ ਹੀ ਨਹੀਂ, ਉਸ ਨੇ ਤਾਂ ਐਪਲ ਦੇ ਸੀ.ਈ.ਓ ਟਿਮ ਕੁੱਕ ਨੂੰ ਸਿੱਧੇ ਤੌਰ ’ਤੇ ਧਮਕੀ ਦਿੰਦਿਆਂ ਕਿਹਾ ਕਿ ਜੇਕਰ ਉਹ ਅਜਿਹਾ ਨਹੀਂ ਕਰੇਗਾ ਤਾਂ ਉਹ ਉਨ੍ਹਾਂ ’ਤੇ ਘੱਟੋ-ਘੱਟ 25 .ਫੀਸਦੀ ਟੈਰਿਫ ਲਗਾਏਗਾ। ਟਰੰਪ ਦੀ ਧਮਕੀ ਤੋਂ ਬਾਅਦ ‘ਐਪਲ’ ਦਾ ਸ਼ੇਅਰ 4 .ਫੀਸਦੀ ਤੱਕ ਡਿੱਗ ਗਿਆ, ਜਿਸ ਕਾਰਨ ਉਨ੍ਹਾਂ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋ ਗਿਆ ਹੈ। ਪਰ ਟਰੰਪ ਨੇ ਆਪਣੀਆਂ ਹਰਕਤਾਂ ਨਹੀਂ ਰੋਕੀਆਂ। ਸਵਾਲ ਇਹ ਹੈ ਕਿ ਟਰੰਪ ਅਜਿਹਾ ਹੰਕਾਰੀ ਰਾਜਨੀਤਕ ਅੰਦਾਜ਼ ਕਿਉਂ ਅਪਣਾ ਰਹੇ ਹਨ ? ਦਰਅਸਲ ਉਹ ਅਜਿਹਾ ਇਸ ਲਈ ਕਰ ਰਹੇ ਹਨ ਤਾਂ ਜੋ ਉਹ ਅਮਰੀਕਾ ਦੇ ਰਾਜਨੀਤਿਕ ਇਤਿਹਾਸ ਵਿੱਚ ਆਪਣੇ ਲਈ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰਪਤੀ ਹੋਣ ਦਾ ਰੁਤਬਾ ਹਾਸਲ ਕਰ ਸਕਣ। ਟਰੰਪ ਦੇ ਸਮੁੱਚੇ ਵਿਵਹਾਰ ਨੂੰ ਸਮਝਣ ਲਈ ਸਾਨੂੰ ਉਸ ਦੀ ਰਾਜਨੀਤਕ ਸ਼ੈਲੀ, ਅਮਰੀਕਾ ਦੀਆਂ ਜ਼ਰੂਰਤਾਂ, ਚੀਨ ਨਾਲ ਉਸ ਦੇ ਸ਼ਕਤੀ ਸੰਘਰਸ਼ ਤੇ ਭਾਰਤ-ਅਮਰੀਕਾ ਸੰਬੰਧਾਂ ਨੂੰ ਡੂੰਘਾਈ ਨਾਲ ਵੇਖਣਾ ਪਵੇਗਾ।

ਅਸੀਂ ਪਹਿਲਾਂ ਹੀ ਜਾਣਦੇ ਹਾਂ ਕਿ ਟਰੰਪ ਇੱਕ ਕਾਰੋਬਾਰੀ ਹੈ ਅਤੇ ਉਸ ਦੀ ਸੋਚ, ਭਾਸ਼ਾ ਤੇ ਰਣਨੀਤੀ ਵੀ ਉਨ੍ਹਾਂ ਦੇ ਇਸੇ ਲਹਿਜ਼ੇ ਦੀ ਪੁਸ਼ਟੀ ਕਰਦੀ ਹੈ। ਉਨ੍ਹਾਂ ਦੀ ਗੱਲਬਾਤ ਵਿੱਚ ਲਗਾਤਾਰ ‘ਮੈਂ’ ਹਾਵੀ ਰਹਿੰਦੀ ਹੈ, ‘ਮੈਂ ਸੌਦਾ ਕੀਤਾ’, ‘ਮੇਰੇ ਕਾਰਨ ਜੰਗਬੰਦੀ ਹੋਈ’, ‘ਮੈਂ ਚੀਨ ਨੂੰ ਆਪਣੀਆਂ ਸ਼ਰਤਾਂ ’ਤੇ ਝੁਕਾਇਆ’ ਆਦਿ। ਅਜਿਹੇ ਬਿਆਨ ਸਿਰ.ਫ ਟਰੰਪ ਹੀ ਦੇ ਸਕਦੇ ਹਨ। ਦਰਅਸਲ ਉਹ ‘ਡੀਲ-ਮੇਕਿੰਗ’ ਲਈ ਕਿਸੇ ਵੀ ਦੇਸ਼ ਤੇ ਕਿਸੇ ਵੀ ਦੇਸ਼ ਦੇ ਸਿਆਸਤਦਾਨ ਦਾ ਸਤਿਕਾਰ ਨਹੀਂ ਕਰਦਾ, ਉਹ ਜਨਤਕ ਤੌਰ ’ਤੇ ਉਨ੍ਹਾਂ ’ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਰੋਕਣ ਦਾ ਸਿਹਰਾ ਵਾਰ-ਵਾਰ ਲੈ ਕੇ ਭਾਰਤ ਦੇ ਲੋਕਾਂ ਨੂੰ ਕੁਝ ਕਹਿਣ ਦੀ ਬਜਾਏ, ਆਪਣੇ ਅਮਰੀਕੀ ਸਮਰਥਕਾਂ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਕੋਈ ਛੋਟਾ ਨੇਤਾ ਨਹੀਂ ਹੈ, ਸਗੋਂ ਇੱਕ ਵਿਸ਼ਵਵਿਆਪੀ ਨੇਤਾ ਹੈ, ਉਸ ਦਾ ਦੁਨੀਆ ’ਚ ਇੱਕ ਰੁਤਬਾ ਹੈ, ਜਿਸ ਨੇ ਪਰਮਾਣੂ ਯੁੱਧ ਰੁਕਵਾਇਆ ਹੈ।

ਦਰਅਸਲ ਇਹ ਕਹਿ ਕੇ ਉਹ ਨਾ ਸਿਰ.ਫ ਆਪਣੇ ਹੱਥੀਂ ਆਪਣੀ ਪਿੱਠ ਥਾਪੜਦਾ ਹੈ, ਸਗੋਂ ਆਪਣੀ ਪ੍ਰਸਿੱਧੀ ਲਈ ਲੋੜੀਂਦੇ ਨੰਬਰ ਵੀ ਬਣਾਉਂਦਾ ਹੈ। ਜੇਕਰ ਕੋਈ ਹੋਰ ਨੇਤਾ ਹੁੰਦਾ ਤਾਂ ਉਹ ਸ਼ਰਮ ਮਹਿਸੂਸ ਕਰਦਾ ਕਿ ਸੱਤ ਵਾਰ ਕਹਿਣ ਦੇ ਬਾਵਜੂਦ ਭਾਰਤ ਨੇ ਇੱਕ ਵਾਰ ਵੀ ਉਸ ਦੇ ਦਾਅਵੇ ਦੀ ਪੁਸ਼ਟੀ ਨਹੀਂ ਕੀਤੀ; ਇਸ ਦੇ ਉਲਟ ਭਾਰਤ ਨੇ ਵਾਰ-ਵਾਰ ਇਸ ਦਾ ਖੰਡਨ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਉਸ ਨੇ ਕਿਸੇ ਵੀ ਹੋਰ ਦੇਸ਼ ਦੀ ਵਿਚੋਲਗੀ ਕਾਰਨ ਜੰਗਬੰਦੀ ਦਾ ਐਲਾਨ ਨਹੀਂ ਕੀਤਾ। ਜੇ ਕੋਈ ਹੋਰ ਸਿਆਸਤਦਾਨ ਹੁੰਦਾ ਤਾਂ ਉਹ ਇਸ ਨੂੰ ਆਪਣਾ ਅਪਮਾਨ ਸਮਝਦਾ, ਪਰ ਟਰੰਪ ਇਸ ਵੱਲ ਕੋਈ ਧਿਆਨ ਹੀ ਨਹੀਂ ਦੇ ਰਿਹਾ। ਉਹ ਇਕਪਾਸੜ ਸੁਰ ਵਿੱਚ ਦਾਅਵਾ ਕਰੀਂ ਜਾਂਦਾ ਹੈ ਕਿ ਭਾਰਤ ਤੇ ਪਾਕਿਸਤਾਨ ਤਾਂ ਲੜਨ ਤੇ ਮਰਨ ਲਈ ਤਿਆਰ ਸਨ, ਇਹ ਤਾਂ ਉਹੀ ਸੀ ਜਿਸ ਨੇ ਦੋਹਾਂ ਵਿਚਕਾਰ ਸੁਲ੍ਹਾ ਕਰਵਾਈ ਹੈ। ਡੋਨਾਲਡ ਟਰੰਪ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਭਾਰਤ ਨੂੰ ਇੱਕ ਅਜਿਹੇ ਦੇਸ਼ ਵਜੋਂ ਨਿਸ਼ਾਨਾ ਬਣਾਉਂਦੇ ਰਹੇ ਹਨ, ਜੋ ਅਮਰੀਕੀ ਉਤਪਾਦਾਂ ’ਤੇ ਭਾਰੀ ਟੈਕਸ ਲਗਾਉਂਦਾ ਹੈ। ਟਰੰਪ ਅਕਸਰ ਦੁਹਰਾਉਂਦੇ ਹਨ ਕਿ ਭਾਰਤ ਵੱਲੋਂ ਅਮਰੀਕੀ ਆਟੋਮੋਬਾਈਲ, ਇਲੈਕਟ੍ਰਾਨਿਕਸ ਤੇ ਵਾਈਨ ਵਰਗੇ ਉਤਪਾਦਾਂ ’ਤੇ ਬਹੁਤ ਜ਼ਿਆਦਾ ਟੈਕਸ ਵਸੂਲਿਆ ਜਾਂਦਾ ਹੈ, ਜਦੋਂ ਕਿ ਅਮਰੀਕਾ ਅਜਿਹਾ ਨਹੀਂ ਕਰਦਾ।

ਦਰਅਸਲ ਭਾਰਤ ਤੇ ਅਮਰੀਕਾ ਦੇ ਆਪਸੀ ਵਪਾਰ ਵਿੱਚ ਅਮਰੀਕਾ ਘਾਟੇ ’ਚ ਹੈ। ਇਸ ਲਈ ਟਰੰਪ ਆਪਣੀ ਹਮਲਾਵਰ ਰਣਨੀਤੀ ਰਾਹੀਂ ਭਾਰਤ ਨੂੰ ਵਾਰ-ਵਾਰ ‘ਟੈਰਿਫ ਕਿੰਗ’ ਕਹਿ ਕੇ ਸਾਡੇ ’ਤੇ ਦਬਾਅ ਪਾਉਣਾ ਚਾਹੁੰਦਾ ਹੈ ਕਿ ਅਸੀਂ ਅਮਰੀਕਾ ਤੋਂ ਨਾ ਸਿਰ.ਫ ਉਹ ਚੀਜ਼ਾਂ ਆਯਾਤ ਕਰੀਏ ਜਿਨ੍ਹਾਂ ਦੀ ਸਾਨੂੰ ਲੋੜ ਹੈ, ਸਗੋਂ ਉਹ ਚੀਜ਼ਾਂ ਵੀ ਖਰੀਦੀਏ ਜੋ ਅਮਰੀਕਾ ਕਿਸੇ ਵੀ ਕੀਮਤ ’ਤੇ ਵੇਚਣਾ ਚਾਹੁੰਦਾ ਹੈ। ਅਮਰੀਕਾ ਕਿਸੇ ਵੀ ਕੀਮਤ ’ਤੇ ਭਾਰਤ ’ਚ ਆਪਣੇ ਡੇਅਰੀ ਤੇ ਸ਼ਰਾਬ ਸੰਬੰਧੀ ਉਤਪਾਦ ਵੇਚਣਾ ਚਾਹੁੰਦਾ ਹੈ। ਪਰ ਭਾਰਤੀਆਂ ਨੂੰ ਅਮਰੀਕੀ ਡੇਅਰੀ ਉਤਪਾਦ ਪਸੰਦ ਨਹੀਂ ਹਨ, ਕਿਉਂਕਿ ਇਹ ਆਮ ਤੌਰ ’ਤੇ ਸ਼ਾਕਾਹਾਰੀ ਹੋਣ ਦੀ ਬਜਾਏ ਮਾਸਾਹਾਰੀ ਹੁੰਦੇ ਹਨ। ਭਾਰਤ ਕਿਸੇ ਵੀ ਕੀਮਤ ’ਤੇ ਆਪਣੀ ਖੇਤੀਬਾੜੀ ਅਰਥਵਿਵਸਥਾ ਅਮਰੀਕਾ ਲਈ ਨਹੀਂ ਖੋਲ੍ਹਣਾ ਚਾਹੁੰਦਾ ਅਤੇ ਟਰੰਪ ਕਿਸੇ ਵੀ ਕੀਮਤ ’ਤੇ ਇਸ ਨੂੰ ਖੁਲਵਾਉਣਾ ਚਾਹੁੰਦਾ ਹੈ ਤੇ ਵਾਰ-ਵਾਰ ਗੁੱਸੇ ਹੁੰਦਾ ਰਹਿੰਦਾ ਹੈ।

ਜਦੋਂ ਟਰੰਪ ਪਿਛਲੀ ਵਾਰ ਸੱਤਾ ’ਚ ਆਏ ਸਨ, ਤਾਂ ਉਹ ਭਾਰਤ ਨੂੰ ਚੀਨ ਦੇ ਖ਼ਿਲਾ.ਫ ਇਕ ਕਠਪੁਤਲੀ ਵਜੋਂ ਵਰਤਣਾ ਚਾਹੁੰਦੇ ਸਨ। ਪਿਛਲੀ ਵਾਰ ਜਦੋਂ ਟਰੰਪ ਪ੍ਰਸ਼ਾਸਨ ਨੇ ਚੀਨ ਵਿਰੁੱਧ ਇੱਕ ਵੱਡਾ ਆਰਥਿਕ ਤੇ ਕੂਟਨੀਤਕ ਮੋਰਚਾ ਖੋਲ੍ਹਿਆ ਸੀ ਤਾਂ ਉਹ ਭਾਰਤ ਤੋਂ ਵੀ ਅਜਿਹੀ ਉਮੀਦ ਕਰ ਰਿਹਾ ਸੀ। ਟਰੰਪ ਚਾਹੁੰਦੇ ਸਨ ਕਿ ਭਾਰਤ ਚੀਨ ਨਾਲ ਆਪਸੀ ਵਪਾਰ ਨੂੰ ਘੱਟ ਤੋਂ ਘੱਟ ਕਰੇ, ਪਰ ਭਾਰਤ ਨੇ ਅਜਿਹਾ ਨਹੀਂ ਕੀਤਾ। ਭਾਰਤ ਆਪਣੀਆਂ ਰੋਜ਼ਾਨਾ ਲੋੜਾਂ ਲਈ ਅਣਚਾਹੇ ਤੌਰ ’ਤੇ ਅਮਰੀਕਾ ਨਾਲੋਂ ਚੀਨ ’ਤੇ ਜ਼ਿਆਦਾ ਨਿਰਭਰ ਹੈ ਅਤੇ ਚੀਨੀ ਉਤਪਾਦ ਭਾਰਤੀ ਅਰਥਵਿਵਸਥਾ ਤੇ ਭਾਰਤੀ ਖਪਤਕਾਰਾਂ ਦੇ ਅਨੁਕੂਲ ਹਨ, ਕਿਉਂਕਿ ਉਨ੍ਹਾਂ ਦੀਆਂ ਦਰਾਂ ਸਸਤੀਆਂ ਹਨ, ਜਿਸ ਨਾਲ ਅਮਰੀਕਾ ਨੂੰ ਬਹੁਤ ਨੁਕਸਾਨ ਹੁੰਦਾ ਹੈ। ਟਰੰਪ ਚਾਹੁਣ ਦੇ ਬਾਵਜੂਦ ਭਾਰਤ ਨੂੰ ਚੀਨ ਦੇ ਖ਼ਿਲਾ.ਫ ਕਠਪੁਤਲੀ ਵਜੋਂ ਨਹੀਂ ਵਰਤ ਸਕੇ, ਜੋ ਗੱਲ ਉਸ ਨੂੰ ਪ੍ਰੇਸ਼ਾਨ ਕਰਦੀ ਹੈ। ਹੁਣ ਜਦੋਂ ਐਪਲ ਵਰਗੀ ਅਮਰੀਕੀ ਕੰਪਨੀ ਨੇ ਆਪਣਾ ਕਾਰਖਾਨਾ ਚੀਨ ਤੋਂ ਭਾਰਤ ਸ਼ਿਫਟ ਕਰ ਲਿਆ ਹੈ ਤਾਂ ਆਮ ਤੌਰ ’ਤੇ ਚੀਨ ਵੱਲ ਝਾਕਣ ਵਾਲਾ ਟਰੰਪ ਹੁਣ ‘ਐਪਲ’ ਵੱਲ ਝਾਕ ਰਿਹਾ ਹੈ। ਉਹ ਚਾਹੁੰਦਾ ਹੈ ਕਿ ਐਪਲ ਹੁਣ ਚੀਨ ਤੋਂ ਬਾਹਰ ਹੋ ਕੇ ਅਮਰੀਕਾ ਵਿੱਚ ਆਪਣਾ ਨਿਰਮਾਣ ਸ਼ੁਰੂ ਕਰੇ। ਐਪਲ ਦੇ ਸੀ.ਈ.ਓ. ਟਿਮ ਕੁੱਕ ਭਾਵੇਂ ਟਰੰਪ ਦੇ ਦੋਸਤ ਹਨ ਤਾਂ ਸਪੱਸ਼ਟ ਤੌਰ ’ਤੇ ਉਸ ਨੇ ਇਹ ਗੱਲ ਪਹਿਲਾਂ ਟਿਮ ਕੁੱਕ ਨੂੰ ਨਿੱਜੀ ਤੌਰ ’ਤੇ ਵੀ ਆਖੀ ਹੋਵੇਗੀ।

ਪਰ ਅਮਰੀਕਾ ਵਿੱਚ ਇਸ ਤਰ੍ਹਾਂ ਦੀ ਧੱਕੇਸ਼ਾਹੀ ਨਿੱਜੀ ਸੰਬੰਧਾਂ ’ਚ ਕੰਮ ਨਹੀਂ ਕਰਦੀ, ਇਸੇ ਲਈ ਟਿਮ ਕੁੱਕ ਨੇ ਟਰੰਪ ਦੇ ਸੁਝਾਅ ਨੂੰ ਇੱਕ ਕੰਨ ਨਾਲ ਸੁਣਿਆ ਤੇ ਦੂਜੇ ਕੰਨ ਤੋਂ ਕੱਢ ਦਿੱਤਾ। ਜਦੋਂ ਟਰੰਪ ਨੂੰ ਲੱਗਾ ਕਿ ਟਿਮ ਕੁੱਕ ਉਸ ਦੀ ਗੱਲ ਵੱਲ ਕੋਈ ਧਿਆਨ ਨਹੀਂ ਦੇ ਰਿਹਾ, ਤਾਂ ਉਸ ਨੇ ਜਨਤਕ ਪਲੇਟਫਾਰਮਾਂ ’ਤੇ ਐਪਲ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਟਰੰਪ ਨੇ ਇਹ ਧਮਕੀ ਵੀ ਦਿੱਤੀ ਹੈ ਕਿ ਜੇਕਰ ਐਪਲ ਭਾਰਤ ਵਿੱਚ ਉਤਪਾਦਨ ਬੰਦ ਕਰਨ ਲਈ ਸਹਿਮਤ ਨਾ ਹੋਇਆ ਤਾਂ ਅਮਰੀਕਾ ’ਚ ਐਪਲ ’ਤੇ 25 .ਫੀਸਦੀ ਟੈਕਸ ਲਗਾਇਆ ਜਾਵੇਗਾ ਜੋ ਟਰੰਪ ਦੇ ‘ਅਮਰੀਕਾ ਫਸਟ’ ਦੇ ਸੰਕਲਪ ਦਾ ਇੱਕ ਸਪੱਸ਼ਟ ਮਜ਼ਾਕ ਹੈ, ਜਿਸ ਕਰਕੇ ਉਹ ਪ੍ਰੇਸ਼ਾਨ ਹੈ। ਜੇਕਰ ਐਪਲ ਭਾਰਤ ਦੀ ਬਜਾਏ ਅਮਰੀਕਾ ’ਚ ਆਪਣਾ ਉਤਪਾਦਨ ਸ਼ੁਰੂ ਕਰਦਾ ਹੈ ਤਾਂ ਇਸ ਦੀ ਉਤਪਾਦਨ ਲਾਗਤ ਹਰ ਸਾਲ 10 ਅਰਬ ਡਾਲਰ ਤੋਂ ਵੱਧ ਜਾਵੇਗੀ, ਜਿਸ ਨਾਲ ਐਪਲ ਦਾ ਮੁਨਾਫਾ ਹੀ ਖ਼ਤਰੇ ਵਿੱਚ ਨਹੀਂ ਪਵੇਗਾ, ਸਗੋਂ ਇਸ ਦਾ ਵਜੂਦ ਵੀ ਖ਼ਤਰੇ ਵਿੱਚ ਪੈ ਜਾਵੇਗਾ। ਇਸੇ ਲਈ ਟਰੰਪ ਦੀ ਸਲਾਹ ਤੇ ਧਮਕੀ ਤੋਂ ਬਾਅਦ ਵੀ ਐਪਲ ਨੇ ਆਪਣੀ ਉਤਪਾਦਨ ਫੈਕਟਰੀ ਭਾਰਤ ਤੋਂ ਅਮਰੀਕਾ ਤਬਦੀਲ ਕਰਨ ਦਾ .ਫੈਸਲਾ ਨਹੀਂ ਕੀਤਾ।

ਜਦੋਂ ਟਰੰਪ ਇਸ ਤਰੀਕੇ ਨਾਲ ਭਾਰਤ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹ ਆਪਣੇ ਘਰੇਲੂ ਤੇ ਰਾਜਨੀਤਿਕ ਸਮਰਥਕਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ। ਜਦੋਂ ਟਰੰਪ ਭਾਰਤ ਵਿਰੁੱਧ ਬੋਲਦਾ ਹੈ ਤਾਂ ਉਸ ਦੇ ਸਮਰਥਕ ਵੋਟਰਾਂ ਨੂੰ ਲੱਗਦਾ ਹੈ ਕਿ ਉਹ ਅਮਰੀਕੀ ਨੌਕਰੀਆਂ ਦੀ ਰੱਖਿਆ ਕਰ ਰਿਹਾ ਹੈ। ਆਪਣੀ ਚੋਣ ਮੁਹਿੰਮ ਦੌਰਾਨ ਡੋਨਾਲਡ ਟਰੰਪ ਨੇ ‘ਅਮਰੀਕਾ ਫਸਟ’ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਆਪਣੇ ਤਰੀਕੇ ਨਾਲ ਭਾਰਤ, ਚੀਨ, ਵੀਅਤਨਾਮ ਤੇ ਮੈਕਸੀਕੋ ਨੂੰ ‘ਖਲਨਾਇਕ’ ਬਣਾਇਆ ਸੀ। ਹਾਲਾਂਕਿ ਟਰੰਪ ਕਈ ਵਾਰ ਇਹ ਵੀ ਆਖ ਦਿੰਦੇ ਹਨ ਕਿ ਭਾਰਤੀ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੇ ਡੂੰਘੇ ਨਿੱਜੀ ਸੰਬੰਧ ਹਨ। ਪਰ ਆਪਣੇ ਸੁਭਾਅ ਕਰਕੇ ਟਰੰਪ ਭਾਰਤ ਦੇ ਦੋਸਤ ਹੋਣ ਦੀ ਬਜਾਏ ਹਰ ਮੁੱਦੇ ’ਤੇ ਭਾਰਤ ਦਾ ਅਪਮਾਨ ਕਰਦੇ ਵਧੇਰੇ ਦਿਖਾਈ ਦਿੰਦੇ ਹਨ।

**-ਲੇਖਕ ਇਮੇਜ ਰਿਫਲੈਕਸ਼ਨ ਸੈਂਟਰ ਦੇ ਵਿਸ਼ੇਸ਼ ਮੀਡੀਆ ਤੇ ਖੋਜ ਸੰਸਥਾ ’ਚ ਸੀਨੀਅਰ ਸੰਪਾਦਕ ਹੈ।**

# ਕਿਸਾਨਾਂ ਦੀ ਸਾਰ ਲੈਣ ਲਈ ਕੇਰਲਾ ਦਾ ਸਰਕਾਰੀ ਮਾਡਲ ਅਪਨਾਵੇ ਸਰਕਾਰ



ਦਵਿੰਦਰ ਸ਼ਰਮਾ
(ਲੇਖਕ ਪ੍ਰਸਿੱਧ ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਿਰ ਹਨ)



ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪਿਛਲੇ ਦਿਨੀਂ ਮਹਾਰਾਸ਼ਟਰ ਦੇ ਮੂੰਗਫਲੀ ਪੈਦਾ ਕਰਨ ਵਾਲੇ ਕਿਸਾਨ ਗੌਰਵ ਪੰਵਾਰ, ਜਿਸ ਦੀ ਫ਼ਸਲ ਮੀਂਹ ਪੈਣ ਕਾਰਨ ਮੰਡੀ ਵਿੱਚ ਰੁੜ੍ਹ ਗਈ ਸੀ, ਨਾਲ ਸੰਪਰਕ ਕਰਕੇ ਜੋ ਭਾਵਨਾਤਮਕ ਪ੍ਰਤੀਕਿਰਿਆ ਪ੍ਰਗਟ ਕੀਤੀ, ਉਹ ਯਕੀਨਨ ਸ਼ਲਾਘਾਯੋਗ ਹੈ । ਵਾਇਰਲ ਹੋਈ ਉਕਤ ਵੀਡੀਓ ਕਲਿੱਪ ਵਿੱਚ ਕਿਸਾਨ ਪਰਿਵਾਰ ਦੇ ਚਿਹਰੇ ’ਤੇ ਪ੍ਰੇਸ਼ਾਨੀ ਸਪੱਸ਼ਟ ਦਿਖਾਈ ਦਿੰਦੀ ਹੈ, ਜੋ ਭਾਰੀ ਮੀਂਹ ਪੈਣ ਤੋਂ ਬਾਅਦ ਆਪਣੀ ਭਿੱਜੀ ਹੋਈ ਰੁੜ੍ਹ ਰਹੀ ਮੂੰਗਫਲੀ ਨੂੰ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਦਰਸ਼ਕਾਂ ਨੇ ਬੇਵੱਸ ਕਿਸਾਨ ਪ੍ਰਤੀ ਬਹੁਤ ਚਿੰਤਾ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ। ਸ਼ਾਇਦ ਸ਼ਿਵਰਾਜ ਸਿੰਘ ਨੂੰ ਵੀ ਇਸ ਗਰੀਬ ਕਿਸਾਨ ਦੀ ਬੇਵਸੀ ਦਾ ਅਹਿਸਾਸ ਹੋਇਆ ਹੋਵੇ ਤੇ ਉਨ੍ਹਾਂ ਹਮਦਰਦੀ ਪ੍ਰਗਟ ਕਰਨ ਲਈ ਕਿਸਾਨ ਨਾਲ ਗੱਲ ਕਰਨ ਦਾ ਫ਼ੈਸਲਾ ਕੀਤਾ ਅਤੇ ਉਨ੍ਹਾਂ ਨੇ ਕਿਸਾਨ ਨੂੰ ਭਰੋਸਾ ਦਿੱਤਾ ਕਿ ਉਸ ਦੇ ਨੁਕਸਾਨ ਦੀ ਭਰਪਾਈ ਰਾਜ ਸਰਕਾਰ ਕਰੇਗੀ।

ਆਜ਼ਾਦੀ ਦੇ ਕਰੀਬ 8 ਦਹਾਕੇ ਬੀਤਣ ਦੇ ਬਾਵਜੂਦ ਕਿਸਾਨਾਂ ਦੀ ਹਾਲਤ ਬਹੁਤ ਮਾੜੀ ਹੈ, ਕਿਸਾਨ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਐਮ.ਐਸ.ਪੀ. ’ਤੇ ਫਸਲ ਦੀ ਵਿਕਰੀ ਦੀ ਕੋਈ ਗਾਰੰਟੀ ਨਹੀਂ ਹੈ, ਪਰ ਅਪਮਾਨ, ਭੁੱਖਮਰੀ ਤੇ ਹੋਰ ਸਭ ਕੁਝ ਹੈ, ਜਿਨ੍ਹਾਂ ਦਾ ਕਿ ਕਿਸਾਨ ਨੂੰ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ । ਡਾ. ਸ਼੍ਰੀਨੁਬਾਬੂ ਗੇਡੇਲਾ ਨੇ ਸਭ ਤੋਂ ਪਹਿਲਾਂ ਐਕਸ ’ਤੇ ਮਹਾਰਾਸ਼ਟਰ ਦੇ ਕਿਸਾਨ ਪੰਵਾਰ ਨੂੰ ਇੱਕ ਕੱਚੀ ਮੰਡੀ ਦੇ ਅਹਾਤੇ ਵਿੱਚ ਬੇਮੌਸਮੀ ਬਾਰਿਸ਼ ਦੌਰਾਨ ਆਪਣੀ ਭਿੱਜ ਕੇ ਰੁੜ੍ਹ ਰਹੀ ਮੂੰਗਫਲੀ ਨੂੰ ਗੋਡਿਆਂ ਭਾਰ ਹੋ ਕੇ ਨੰਗੇ ਹੱਥਾਂ ਨਾਲ ਇਕੱਠੀ ਕਰਨ ਦੀ ਕੋਸ਼ਿਸ਼ ਕਰਨ ਦੀ ਵੀਡੀਓ ਨੂੰ ਵਾਇਰਲ ਕਰਕੇ ਕਿਸਾਨ ਦੇ ਦਰਦ ਤੇ ਪੀੜਾ ਨੂੰ ਪ੍ਰਗਟਾਇਆ ਹੈ ਇਹ ਵੀਡੀਓ ਉਸ ਕਠੋਰ ਹਕੀਕਤ ਨੂੰ ਬਿਆਨ ਕਰਦੀ ਹੈ ਕਿ ਕਿਸਾਨ ਹਰ ਹਾਲਤ ਵਿੱਚ ’ਚ ਕੰਮ ਕਰਨਾ ਜਾਰੀ ਰੱਖਦੇ ਹਨ।

ਇਸ ਤੋਂ ਕੁਝ ਦਿਨਾਂ ਬਾਅਦ ਮੈਂ ਇੱਕ ਹੋਰ ਵੀਡੀਓ ਦੇਖਿਆ, ਜਿਸ ਵਿੱਚ ਮਹਾਰਾਸ਼ਟਰ ਦਾ ਇੱਕ ਹੋਰ ਪ੍ਰੇਸ਼ਾਨ ਕਿਸਾਨ ਮੰਡੀ ਵਿੱਚ ਖੜ੍ਹਾ ਉੱਚੀ ਆਵਾਜ਼ ’ਚ ਲੋਕਾਂ ਨੂੰ ਆਪਣੀ ਪਿਆਜ਼ ਦੀ ਫਸਲ 1 ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਵੀ ਘੱਟ ਕੀਮਤ ’ਤੇ ਖਰੀਦਣ ਲਈ ਬੇਨਤੀ ਕਰ ਰਿਹਾ ਸੀ, ਤਾਂ ਜੋ ਉਸ ਵੱਲੋਂ ਮੰਡੀ ਵਿੱਚ ਆਪਣੇ ਪਿਆਜ਼ ਲਿਆਉਣ ਲਈ ਢੋਆ-ਢੁਆਈ ’ਤੇ ਹੋਏ ਖਰਚੇ ਦੀ ਪੂਰਤੀ ਹੋ ਸਕੇ। ਉਸ ਕਿਸਾਨ ਦੀ ਬੇਵੱਸੀ ’ਤੇ ਮੈਨੂੰ ਨਿਰਾਸ਼ਾ ਹੋਈ ਤੇ ਗੁੱਸਾ ਆ ਰਿਹਾ ਸੀ ਕਿ ਇਹ ਵੀਡੀਓ ਵਾਇਰਲ ਕਿਉਂ ਨਹੀਂ ਹੋਈ ? ਸ਼ਾਇਦ ਕੇਂਦਰੀ ਖੇਤੀਬਾੜੀ ਮੰਤਰੀ ਇਸ ਦਾ ਵੀ ਦਰਦ ਮਹਿਸੂਸ ਕਰਕੇ ਉਸ ਨੂੰ ਵੀ ਮੁਆਵਜ਼ਾ ਦੇਣ ਦੀ ਆਪਣੀ ਇੱਛਾ ਤੇ ਫਰਜ਼ ਦਾ ਇਜ਼ਹਾਰ ਕਰ ਦਿੰਦੇ। ਉਸੇ ਹਫ਼ਤੇ ਦੌਰਾਨ ‘ਨਿਊਜ਼ ਪੋਟਲੀ ਵੈੱਬ ਪੋਰਟਲ’ ’ਤੇ ਇੱਕ ਹੋਰ ਵੀਡੀਓ ਵਿੱਚ ਦਿਖਾਇਆ ਗਿਆ ਕਿ ਗੋਰਖਪੁਰ ਜ਼ਿਲ੍ਹੇ ਦੇ ਕੁਸ਼ੀਨਗਰ ਦੇ ਇੱਕ ਕਿਸਾਨ ਨੂੰ ਕਿਸ ਤਰ੍ਹਾਂ ਬਰਬਾਦੀ ਦਾ ਸਾਹਮਣਾ ਕਰਨਾ ਪਿਆ, ਜਦੋਂ ਤੇਜ਼ ਹਵਾਵਾਂ ਨੇ ਉਸ ਦੇ ਕੇਲਿਆਂ ਦੇ ਬਾਗ ਨੂੰ ਉਜਾੜ ਦਿੱਤਾ, ਜਿਸ ਨੂੰ ਉਸ ਨੇ ਇੱਕ ਲੱਖ ਰੁਪਏ ਦਾ ਭੁਗਤਾਨ ਕਰਕੇ ਠੇਕੇ/ਕਿਰਾਏ ਦੀ ਜ਼ਮੀਨ ’ਤੇ ਉਗਾਇਆ ਸੀ। ਜੇਕਰ ਤੂਫਾਨ ਨਾਲ ਉਸ ਦੀ ਫਸਲ ਖਰਾਬ ਨਾ ਹੁੰਦੀ ਤਾਂ ਉਹ 4 ਲੱਖ ਰੁਪਏ ਦੀ ਆਮਦਨ ਹੋਣ ਦੀ ਉਮੀਦ ਕਰ ਰਿਹਾ ਸੀ। ਰਿਪੋਰਟ ਅਨੁਸਾਰ ਇਸ ਖੇਤਰ ਦੇ ਲਗਭਗ 300 ਕਿਸਾਨਾਂ ਦੀ ਫਸਲ ਨੂੰ ਤੇਜ਼ ਹਨੇਰੀ ਨੇ ਤਬਾਹ ਕਰ ਦਿੱਤਾ ਸੀ।

ਮੈਂ ਸ਼ਿਵਰਾਜ ਸਿੰਘ ਦੀ ਟਾਈਮਲਾਈਨ ’ਤੇ ਇੱਕ ਟਵੀਟ ਪੜ੍ਹਿਆ। ਉਸ ਵੀਡੀਓ ਵਿੱਚ ਮੰਤਰੀ ਖੁਸ਼ੀ ਨਾਲ ਟਰੈਕਟਰ ਚਲਾਉਂਦੇ ਦਿਖਾਈ ਦੇ ਰਹੇ ਹਨ, ਜਿਸ ਦੇ ਨਾਲ ਸੁਨੇਹਾ ਲਿਖਿਆ ਹੈ- ‘ਖੇਤ ਮੇਂ ਜਬ ਪਸੀਨਾ ਬਹਿਤਾ ਹੈ, ਤੋਂ ਧਰਤੀ ਸੋਨਾ ਉਗਲਤੀ ਹੈ’ (ਜਦੋਂ ਕਿਸਾਨ ਖੇਤ ਵਿੱਚ ਪਸੀਨਾ ਵਹਾਉਂਦੇ ਹਨ, ਤਾਂ ਧਰਤੀ ਸੋਨਾ ਪੈਦਾ ਕਰਦੀ ਹੈ) । ਮੈਨੂੰ ਨਹੀਂ ਪਤਾ ਕਿ ਜਿਨ੍ਹਾਂ ਕਿਸਾਨਾਂ ਦਾ ਮੈਂ ਉੱਪਰ ਜ਼ਿਕਰ ਕੀਤਾ ਹੈ ਉਹ ਆਪਣੇ ਖੇਤਾਂ ਵਿੱਚ ਸੋਨਾ ਕਿਉਂ ਨਹੀਂ ਉਗਾ ਸਕੇ ? ਆਖ਼ਰਕਾਰ, ਤੁਸੀਂ ਪਸੀਨਾ ਵਹਾਏ ਬਿਨਾਂ ਫਸਲ ਪੈਦਾ ਨਹੀਂ ਕਰ ਸਕਦੇ। ਪਰ ਫਿਰ ਵੀ ਇਹ ਕਿਉਂ ਹੈ ਕਿ ਬਹੁਤੇ ਕਿਸਾਨ ਫਸਲਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਨਤੀਜੇ ਭੁਗਤਦੇ ਹਨ। ਬੀਤੇ ਦਿਨੀਂ ਮੈਨੂੰ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਤੋਂ ਇੱਕ ਸੇਵਾਮੁਕਤ ਖੇਤੀਬਾੜੀ ਵਿਗਿਆਨੀ ਮਿਲਣ ਆਇਆ। ਉਸ ਦੇ ਕੋਲ ਘਰ ਵਿੱਚ ਪਈ ਟਮਾਟਰ ਦੀ ਫਸਲ ਦਾ ਇੱਕ ਵੀਡੀਓ ਸੀ। ਉਸ ਨੇ ਦੱਸਿਆ ਕਿ ਉਹ ਆਪਣੀ ਫਸਲ 1 ਰੁਪਏ ਪ੍ਰਤੀ ਕਿਲੋ ਨੂੰ ਵੇਚਣ ਲਈ ਤਿਆਰ ਹੈ, ਪਰ ਕੋਈ ਖਰੀਦਦਾਰ ਨਹੀਂ ਮਿਲ ਰਿਹਾ.. ਉਸ ਦੀ ਇਹੀ ਬੇਨਤੀ ਸੀ ਕਿ ਉਸ ਨੂੰ ਕੋਈ ਖਰੀਦਦਾਰ ਮਿਲ ਜਾਵੇ, ਜੋ ਘੱਟੋ-ਘੱਟ ਟਮਾਟਰ ਦੀ ਫਸਲ ਨੂੰ ਤੋੜਨ ਤੇ ਸਟੋਰ ਕਰਨ ’ਤੇ ਹੋਈ ਲਾਗਤ ਦੀ ਭਰਪਾਈ ਕਰ ਸਕੇ। ਭਾਵੇਂ ਉਸ ਦੀ ਫਸਲ ਵਿਕ ਨਹੀਂ ਰਹੀ, ਪਰ ਅਸੀਂ ਸਭ ਜਾਣਦੇ ਹਾਂ ਕਿ ਪ੍ਰਚੂਨ ਮਾਰਕੀਟ ਵਿੱਚ ਟਮਾਟਰਾਂ ਦੀ ਫਸਲ ਮਹਿੰਗੀ ਹੋ ਰਹੀ ਹੈ ਤੇ ਇਸ ਦੀ ਪ੍ਰਚੂਨ ਕੀਮਤ ਲਗਭਗ 20 ਰੁਪਏ ਪ੍ਰਤੀ ਕਿਲੋ ਦੇ ਆਸ-ਪਾਸ ਹੈ । ਮੈਂ ਕਈ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਕੀਮਤਾਂ ਡਿਗਣ ’ਤੇ ਕਿਸਾਨਾਂ ਨੂੰ ਹੋਣ ਵਾਲੀ ਨਿਰਾਸ਼ਾ ਤੇ ਦੁਖਾਂਤ ਨੂੰ ਸਾਂਝਾ ਕਰਦਾ ਆ ਰਿਹਾ ਹਾਂ।

ਜਦੋਂ ਵੀ ਸ਼ੇਅਰ ਬਾਜ਼ਾਰ ਡਿਗਦਾ ਹੈ ਤਾਂ ਪੂਰੀ ਸਰਕਾਰੀ ਮਸ਼ੀਨਰੀ ਜੰਗ ਦੇ ਰੌਅ ਵਿੱਚ ਆ ਜਾਂਦੀ ਹੈ ਅਤੇ ਨਿਵੇਸ਼ਕਾਂ ਦੇ ਵਿੱਤੀ ਨੁਕਸਾਨ ਨੂੰ ਘੱਟ ਕਰਨ ਲਈ ਪਹਿਲੇ ਕੁਝ ਦਿਨਾਂ ਵਿੱਚ ਹੀ ਸੱਚਮੁੱਚ ‘ਵਾਰ ਰੂਮ’ ਉੱਭਰ ਆਉਂਦੇ ਹਨ। ਤਾਂ ਅਜਿਹਾ ਲੱਗਦਾ ਹੈ ਜਿਵੇਂ ਕਿ ਦੇਸ਼ ’ਤੇ ਕੋਈ ਪ੍ਰਮਾਣੂ ਹਮਲਾ ਹੋਇਆ ਹੋਵੇ। ਪਰ ਜਦੋਂ ਗੱਲ ਕਿਸਾਨ ਦੀ ਆਉਂਦੀ ਹੈ, ਤਾਂ ਕੋਈ ਵੀ ਇਸ ਦੀ ਪਰਵਾਹ ਨਹੀਂ ਕਰਦਾ ਤੇ ਦੂਰ-ਦੂਰ ਤੱਕ ਕੋਈ ਚਿੰਤਤ ਨਹੀਂ ਹੁੰਦਾ। ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਕਿ ਮੈਂ ਦਹਾਕਿਆਂ ਤੋਂ ਖੇਤੀ ਦੀ ਮਾੜੀ ਹਾਲਤ ਨੂੰ ਅਫ਼ਸੋਸ ਨਾਲ ਦੇਖਦਾ ਆ ਰਿਹਾ ਹਾਂ। ਲਗਾਤਾਰ ਸਰਕਾਰਾਂ ਮੌਜੂਦਾ ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਬਣਾਉਣ ਤੇ ਮਜ਼ਬੂਤ ਕਰਨ ਵਿੱਚ ਨਾਕਾਮ ਰਹੀਆਂ ਹਨ ਅਤੇ ਸਾਰਾ ਧਿਆਨ ਹਾਈਵੇਅ ਬਣਾਉਣ ਵੱਲ ਲਗਾ ਦਿੱਤਾ ਗਿਆ ਹੈ, ਜਿਸ ਨਾਲ ਕਿਸਾਨ ਮੁਸੀਬਤ ਵਿੱਚ ਹਨ। ਕਿਸੇ ਵੀ ਆਰਥਿਕ ਤੌਰ ’ਤੇ ਸੰਵੇਦਨਸ਼ੀਲ ਸਰਕਾਰ ਦੀ ਤਰਜੀਹ ਖੇਤੀਬਾੜੀ ਨੂੰ ਮੁੜ ਤੋਂ ਖੜ੍ਹਾ ਕਰਨੀ ਹੋਣੀ ਚਾਹੀਦੀ ਹੈ, ਕਿਸਾਨਾਂ ਨੂੰ ਆਫ਼ਤ ਰਾਹਤ ਦੇ ਨਾਲ ਮੁਆਵਜ਼ਾ ਦੇਣ ਲਈ ਢੁਕਵੇਂ ਜਨਤਕ ਸਰੋਤ ਪ੍ਰਦਾਨ ਕਰਵਾਉਣੇ ਚਾਹੀਦੇ ਹਨ। ਪਰ ਮੈਂ ਪਿਛਲੇ ਕਈ ਦਹਾਕਿਆਂ ਤੋਂ ਅਜਿਹਾ ਹੁੰਦਾ ਨਹੀਂ ਦੇਖਿਆ । ਕਿਸਾਨਾਂ ਦੇ ਹਿੱਤਾਂ ਦੀ ਗੱਲ ਸਿਰਫ਼ ਉਦੋਂ ਹੁੰਦੀ ਹੈ ਜਦੋਂ ਕੋਈ ਰਾਜਨੀਤਿਕ ਪਾਰਟੀ ਵਿਰੋਧੀ ਧਿਰ ਵਿੱਚ ਹੁੰਦੀ ਹੈ, ਉਦੋਂ ਬਹੁਤ ਸਾਰੇ ਸਮਝਦਾਰੀ ਭਰੇ ਵਾਅਦੇ ਕੀਤੇ ਜਾਂਦੇ ਹਨ ਪਰ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਭੁਲਾ ਦਿੱਤੇ ਜਾਂਦੇ ਹਨ।

ਹਾਲਾਂਕਿ ਮੈਨੂੰ ਖੇਤੀਬਾੜੀ ’ਤੇ ਛਾਏ ਕਾਲੇ ਬੱਦਲਾਂ ਵਿੱਚ ਉਮੀਦ ਦੀ ਕੋਈ ਕਿਰਨ ਦਿਖਾਈ ਨਹੀਂ ਦਿੰਦੀ, ਫਿਰ ਵੀ ਮੈਂ ਇੱਕ ਸੁਝਾਅ ਦੇਣ ਦੀ ਹਿੰਮਤ ਕਰਾਂਗਾ । ਇੱਕ ਕਿਸਾਨ ਨੂੰ ਹੋਏ ਫਸਲੀ ਨੁਕਸਾਨ ਦੇ ਲਈ ਮੁਆਵਜ਼ਾ ਦੇਣ ਦਾ ਵਾਅਦਾ ਕਰਨ ਦੀ ਬਜਾਏ, ਕਿਉਂ ਨਾ ਪੂਰੇ ਕਿਸਾਨ ਭਾਈਚਾਰੇ ਨੂੰ ਬਚਾਇਆ ਜਾਵੇ, ਜੋ ਵਾਰ-ਵਾਰ ਨੁਕਸਾਨ ਦਾ ਸਾਹਮਣਾ ਕਰ ਰਿਹਾ ਹੈ। ਫਲਾਂ ਤੇ ਸਬਜ਼ੀਆਂ ਵਰਗੀਆਂ ਜਲਦੀ ਖਰਾਬ ਹੋਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਨਿਰੰਤਰ ਆਉਂਦੇ ਉਤਰਾਅ-ਚੜ੍ਹਾਅ ਕਾਰਨ ਅਕਸਰ ਡਿੱਗਦੀਆਂ ਰਹਿੰਦੀਆਂ ਹਨ, ਇਨ੍ਹਾਂ ਨੂੰ ਕੇਰਲਾ ਦੇ ਵਿਲੱਖਣ ‘ਆਧਾਰ ਮੁੱਲ’ ਦੇ ਫਾਰਮੂਲੇ ਦੇ ਮੁਤਾਬਿਕ ਬਣਾਉਣ ਦੀ ਜ਼ਰੂਰਤ ਹੈ। ਕਿਸਾਨਾਂ ਨੂੰ ਘੱਟੋ-ਘੱਟ ਆਪਣੀ ਉਤਪਾਦਨ ਲਾਗਤ ਤੋਂ ਇਲਾਵਾ 20 ਫ਼ੀਸਦੀ ਮੁਨਾਫ਼ਾ ਜ਼ਰੂਰ ਮਿਲਣਾ ਚਾਹੀਦਾ ਹੈ। ਕੋਈ ਵੀ ਸਰਕਾਰ ਇਹ ਤਾਂ ਯਕੀਨੀ ਬਣਾ ਹੀ ਸਕਦੀ ਹੈ ਕਿ ਜਦੋਂ ਬਾਜ਼ਾਰ ਦੀਆਂ ਕੀਮਤਾਂ ਡਿੱਗਦੀਆਂ ਹਨ ਤਾਂ ਕਿਸਾਨ ਬਰਬਾਦ ਨਾ ਹੋਵੇ।

ਕੇਰਲਾ ਨੇ 2020 ਤੋਂ ਫਲ ਤੇ ਸਬਜ਼ੀ ਉਤਪਾਦਕਾਂ ਦੇ ਲਈ ਇੱਕ ਕੀਮਤ ਸਥਿਰਤਾ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ। ਉਥੇ 16 ਫਲਾਂ ਤੇ (**ਬਾਕੀ ਸਫ਼ਾ** 31 ’ਤੇ)

# ਸਨਅਤੀ ਵਿਕਾਸ ਵਿੱਚ ਕਿਉਂ ਪਛੜ ਰਿਹੈ ਪੰਜਾਬ ?

ਪ੍ਰੋ. ਕੇ.ਸੀ. ਸ਼ਰਮਾ




ਚੰਗੀ ਖੇਤੀਬਾੜੀ, ਭਰਪੂਰ ਕੁਦਰਤੀ ਸੋਮੇ ਅਤੇ ਸਿੱਖਿਅਕ ਲੋਕ ਕਿਸੇ ਦੇਸ਼ ਦੀ ਵਿੱਤੀ ਸਿਹਤ ਨਿਰਧਾਰਤ ਕਰਦੇ ਹਨ। ਪ੍ਰੰਤੂ ਅਰਥ ਸ਼ਾਸਤਰੀ ਸਨਅਤੀ ਵਿਕਾਸ ਨੂੰ ਇਸ ਦੀ ਗੀੜ੍ਹ ਦੀ ਹੱਡੀ ਆਖਦੇ ਹਨ। ਉਦਯੋਗ ਰੁਜ਼ਗਾਰ ਪੈਦਾ ਕਰਦੇ ਹਨ, ਰਹਿਣ ਸਹਿਣ ਦਾ ਪੱਧਰ ਚੁੱਕਦੇ ਹਨ ਅਤੇ ਵਧੀਆ ਸਿਹਤ ਸਹੂਲਤਾਂ ਅਤੇ ਵਿੱਦਿਆ ਪ੍ਰਾਪਤੀ ਪ੍ਰਦਾਨ ਕਰਦੇ ਹਨ। ਉਦਯੋਗਪਤੀ ਟੈਕਸਾਂ ਦੁਆਰਾ ਦੇਸ਼ ਦਾ ਖਜ਼ਾਨਾ ਵੀ ਭਰਦੇ ਹਨ। ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਦੇਸ਼ਾਂ ਨੇ ਇਸ ਖੇਤਰ ਵਿੱਚ ਪਹਿਲ ਕੀਤੀ ਉਹ ਸੰਸਾਰ ’ਤੇ ਛਾ ਗਏ। ਯੂਰਪ ਦੇ ਇੱਕ ਛੋਟੇ ਜਿਹੇ ਦੇਸ਼ ਇੰਗਲੈਂਡ ਨੇ 1740 ਵਿੱਚ ਕੱਪੜੇ ਦੇ ਘਰੇਲੂ ਉਦਯੋਗ ਰਾਹੀਂ ਇੱਕ ਕ੍ਰਾਂਤੀ ਸ਼ੁਰੂ ਕੀਤੀ। 19ਵੀਂ ਸਦੀ ਤੱਕ ਉਨ੍ਹਾਂ ਨੇ ਭਾਫ਼ ਅਤੇ ਪਣ ਬਿਜਲੀ ਪੈਦਾ ਕਰ ਕੇ ਮਸ਼ੀਨ ਟੂਲਜ਼, ਸਟੀਲ ਅਤੇ ਸਮੁੰਦਰੀ ਜਹਾਜ਼ਾਂ ਦੇ ਕਾਰਖਾਨੇ ਲਗਾ ਲਏ। ਹੁਣ ਉਨ੍ਹਾਂ ਨੂੰ ਸਸਤੇ ਕੱਚੇ ਮਾਲ ਅਤੇ ਬਣੇ ਹੋਏ ਮਾਲ ਲਈ ਵਿਦੇਸ਼ੀ ਮੰਡੀਆਂ ਦੀ ਜ਼ਰੂਰਤ ਸੀ। ਉਨ੍ਹਾਂ ਨੇ ਵਾਸਕੋ-ਡੀ-ਗਾਮਾ, ਕੋਲੰਬਸ, ਜੇਮਜ਼ ਕੁਕ ਆਦਿ ਦੀਆਂ ਖੋਜਾਂ ਦਾ ਭਰਪੂਰ ਫਾਇਦਾ ਉਠਾਇਆ ਅਤੇ ‘ਈਸਟ ਇੰਡੀਆ’ ਆਦਿ ਕੰਪਨੀਆਂ ਰਾਹੀਂ ਆਪਣਾ ਵਪਾਰ ਭਾਰਤ, ਆਸਟ੍ਰੇਲੀਆ, ਅਮਰੀਕਾ ਵਰਗੇ ਦੇਸ਼ਾਂ ਤੱਕ ਫੈਲਾ ਲਿਆ। ਦੇਖਦੇ ਹੀ ਦੇਖਦੇ ਮੁੱਠੀ ਭਰ ਅੰਗਰੇਜ਼ ਇੱਕ ਵੱਡੀ ਸ਼ਕਤੀ ਬਣ ਗਏ ਅਤੇ ਲਗਭਗ ਅੱਧੀ ਦੁਨੀਆ ਵਿੱਚ ਆਪਣਾ ਸਾਮਰਾਜ ਕਾਇਮ ਕਰ ਲਿਆ। ਦੂਜੇ ਯੂਰਪੀਅਨ ਦੇਸ਼ਾਂ ਨੇ ਵੀ ਇਨ੍ਹਾਂ ਦੇ ਪਿੱਛੇ ਪਿੱਛੇ ਚੱਲ ਕੇ ਅਜਿਹਾ ਹੀ ਬਹੁਤ ਕੁਝ ਕੀਤਾ।

ਹੁਣ ਭਾਰਤ ਵੀ ‘ਵਿਕਸਿਤ ਭਾਰਤ’ ਆਦਰਸ਼ ਅਧੀਨ ਨਿਵੇਸ਼, ਵਪਾਰ ਅਤੇ ਉਦਯੋਗਿਕ ਵਿਕਾਸ ਲਈ ਯਤਨਸ਼ੀਲ ਹੈ। ਉਹ ਵਿਸ਼ਵ ਦਾ ਤੀਜਾ ਜਾਂ ਚੌਥਾ ਅਰਥਚਾਰਾ ਬਣਨ ਲਈ ਵਚਨਬੱਧ ਹੈ। ਘਰੇਲੂ ਖਪਤ ਅਤੇ ਵਿਦੇਸ਼ੀ ਮੁਦਰਾ ਲਈ ਇਲੈਕਟ੍ਰੋਨਿਕਸ, ਸਮਾਰਟ ਫੋਨ, ਲੈਪਟਾਪ, ਸੈਮੀ ਕੰਡਕਟਰ ਆਦਿ ਵਸਤੂਆਂ ਨੂੰ ‘ਮੇਕ ਇਨ ਇੰਡੀਆ’ ਯੋਜਨਾਵਾਂ ਰਾਹੀਂ ਦੇਸ਼ ਵਿੱਚ ਹੀ ਬਣਾਉਣ ਲਈ ਅੱਗੇ ਵਧ ਰਿਹਾ ਹੈ। ਇਸੇ ਤਰ੍ਹਾਂ ਦੇਸ਼ ਦੇ ਫ਼ੌਜੀ ਅਮਲੇ ਲਈ ਡਰੋਨ, ਮਿਜ਼ਾਈਲਾਂ, ਹਵਾਈ ਜੈੱਟ ਅਤੇ ਹੋਰ ਹਥਿਆਰ ਬਣਾਉਣੇ ਸਰਕਾਰ ਦੇ ਉੱਚ ਏਜੰਡੇ ਵਿੱਚ ਸ਼ਾਮਿਲ ਹਨ। ਪਿੱਛੇ ਜਿਹੇ ਬੈਂਗਲੁਰੂ ਵਿਖੇ ‘ਐਰੋ ਸ਼ੋਅ’ ਵਿੱਚ ਕਰਨਾਟਕ ’ਚ ਐਚ.ਏ.ਐਲ., ਆਈ.ਐਸ.ਆਰ.ਓ. ਅਤੇ ਬੋਇੰਗ ਇੰਡੀਆ ਦੁਆਰਾ ਹਥਿਆਰਾਂ ਦੇ ਨਿਰਮਾਣ ਦੇ ਐਲਾਨ ਹੋਏ ਸਨ। ਜੰਗੀ ਹਥਿਆਰਾਂ ਲਈ ਨਿੱਜੀ ਖੇਤਰ ਨੂੰ ਵੀ ਪ੍ਰੇਰਿਆ ਜਾ ਰਿਹਾ ਹੈ। ਟਾਟਾ ਗਰੁੱਪ ਨੇ ‘ਐਡਵਾਂਸਡ ਲੋਇਟਰਿੰਗ ਸਿਸਟਮ’ ਵਾਲੇ ਡਰੋਨਾਂ ਦੇ ਉਤਪਾਦਨ ਦੀ ਪੇਸ਼ਕਸ਼ ਕੀਤੀ ਹੈ। ਇਸੇ ਤਰ੍ਹਾਂ ਦੇਸ਼ ਦੀਆਂ ਪ੍ਰੋਡਕਸ਼ਨ ਲਿੰਕਡ ਇਨਸੈਂਟਿਵ (ਪੀ.ਐਲ.ਆਈ.) ਅਤੇ ਐਮ.ਐਸ.ਐਮ.ਈ ਨੇ ਬਹੁਤ ਸ਼ਾਨਦਾਰ ਨਤੀਜੇ ਕੱਢੇ ਹਨ। ਪੀ.ਐਲ.ਆਈ. ਰਾਹੀਂ ਸਤੰਬਰ ਤੱਕ 4 ਲੱਖ ਕਰੋੜ ਦੀ ਬਰਾਮਦ ਹੋਈ ਅਤੇ ਅਣਗਿਣਤ ਨੌਕਰੀਆਂ ਪੈਦਾ ਕੀਤੀਆਂ ਗਈਆਂ।

ਉਦਯੋਗ ਨੂੰ ਵਧਾਉਣ ਵਾਸਤੇ ਵਿਦੇਸ਼ੀ ਪੂੰਜੀ ਲਈ ਬਾਹਰਲੇ ਦੇਸ਼ਾਂ ਨਾਲ ਸਿਰਤੋੜ ਸਮਝੌਤੇ ਹੋ ਰਹੇ ਹਨ। ਐਫ.ਟੀ.ਏ. ਅਧੀਨ ਇੰਗਲੈਂਡ ਨਾਲ ਦੁਵੱਲਾ ਵਪਾਰ ਵਰਤਮਾਨ 21.34 ਬਿਲੀਅਨ ਤੋਂ ਵਧਾ ਕੇ ਦੁੱਗਣਾ-ਤਿੱਗਣਾ ਕੀਤਾ ਜਾਵੇਗਾ। ਸਾਡੀ ਵਿੱਤ ਮੰਤਰੀ ਲੰਡਨ ਵਿੱਚ ਨਿਵੇਸ਼ੀ ਸਮਝੌਤੇ ਕਰ ਕੇ ਆਈ ਹੈ। ਈ.ਐਫ.ਟੀ.ਏ. ਰਾਹੀਂ ਯੂਰਪ ਯੂਨੀਅਨ ਦੇਸ਼ਾਂ ਨਾਲ ਵਪਾਰ ਨੂੰ 2039 ਤੱਕ 2 ਟ੍ਰਿਲੀਅਨ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਹੈ। ਇਸੇ ਤਰ੍ਹਾਂ ਓਮਾਨ, ਨਿਊਜ਼ੀਲੈਂਡ ਆਦਿ ਹੋਰ ਦੇਸ਼ਾਂ ਨਾਲ ਵੀ ਸਮਝੌਤੇ ਉੱਚ ਪੱਧਰ ’ਤੇ ਹਨ। ਪ੍ਰੰਤੂ ਵਰਤਮਾਨ ਗਲੋਬਲ ਟੈਰਿਫ ਯੁੱਧ (ਜੋ ਕਿ ਵੱਡੇ ਵਪਾਰੀ ਦੇਸ਼ ਅਮਰੀਕਾ ਅਤੇ ਨਿਰਮਾਣਕਾਰੀ ਚੀਨ ਵਿਚਕਾਰ ਹੈ) ਦੇ ਹਾਲਾਤ ਵਿੱਚ (ਦੁਵੱਲਾ ਵਪਾਰ ਸਮਝੌਤਾ) ਬੀ.ਟੀ.ਏ. ਰਾਹੀਂ ਅਮਰੀਕਾ ਨਾਲ ਸਮਝੌਤਾ ਕਾਫੀ ਸੂਝ-ਬੂਝ ਦਾ ਕੰਮ ਹੋ ਗਿਆ ਹੈ। ਸਾਡੇ ਦੂਰਅੰਦੇਸ਼ੀ ਨੀਤੀਵੇਤਾ ਇਸ ਜਵਾਰਭਾਟੇ ਦਾ ਰੁਖ਼ ਆਪਣੇ ਪੱਖ ਵੱਲ ਮੋੜਨ ਲਈ ਯਤਨਸ਼ੀਲ ਹਨ। ਟਕਰਾਅ ਦੀ ਕੋਸ਼ਿਸ਼ ਤੋਂ ਬਚਣ ਲਈ ਯਤਨਸ਼ੀਲ ਹਨ। ਸਾਡਾ ਇਲੈਕਟ੍ਰੋਨਿਕਸ ਖੇਤਰ ਪਹਿਲਾਂ ਹੀ ਕਾਫੀ ਬਰਾਮਦ ਕਰ ਰਿਹਾ ਹੈ। ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ (ਵਿਸ਼ਵ ਬੈਂਕ), ਆਈ.ਐਮ.ਐਫ., ਮਾਰਗਨ ਸਟੈਨਲੀ ਆਦਿ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਨੇ ਸਾਡੇ ਅਰਥ ਚਾਰੇ ਬਾਰੇ ਸਕਾਰਾਤਮਕ ਬਿਆਨ ਦਿੱਤੇ ਹਨ। 2026 ਵਿੱਚ ਸਾਡਾ ਜੀ.ਡੀ.ਪੀ. 6.5 ਫ਼ੀਸਦੀ ਐਲਾਨਿਆ ਗਿਆ ਹੈ। ਬੀਤੇ ਵਿੱਤੀ ਸਾਲ ’ਚ ਸਾਡੀ ਬਰਾਮਦ ਵਿੱਚ 6 ਫ਼ੀਸਦੀ ਵਾਧਾ ਹੋਇਆ ਹੈ। ਆਸਟ੍ਰੇਲੀਆ ਵੀ ਬਹੁਤ ਨਿਵੇਸ਼ ਲਈ ਤਿਆਰ ਹੈ। ਦੱਖਣੀ ਕੋਰੀਆ ਸਮੁੰਦਰੀ ਜਹਾਜ਼ਾਂ ਦਾ ਦੇਸ਼ ਵਿੱਚ ਕਾਰਖਾਨਾ ਲਾਉਣਾ ਚਾਹੁੰਦਾ ਹੈ। ਇਨ੍ਹਾਂ ਸਮਝੌਤਿਆਂ ਵਿੱਚ ਇਮੀਗ੍ਰੇਸ਼ਨ ਅਤੇ ਤਕਨਾਲੋਜੀ ਦਾ ਆਦਾਨ-ਪ੍ਰਦਾਨ ਵੀ ਸ਼ਾਮਿਲ ਹੈ। ਦੇਸ਼ ਵਿੱਚ ਸਨਅਤੀ ਵਿਕਾਸ ਲਈ ਲੋੜੀਂਦਾ ਬੁਨਿਆਦੀ ਢਾਂਚਾ ਪੈਦਾ ਕਰਨ ਦੀਆਂ ਵਿਆਪਕ ਯੋਜਨਾਵਾਂ ਹਨ। ਆਵਾਜਾਈ, ਢੋਆ-ਢੁਆਈ ਲਈ ਦੇਸ਼ ਵਿੱਚ ਬੁਲਟ ਗੱਡੀਆਂ, ਆਈ.ਆਈ.ਟੀ. ਮਦਰਾਸ ਦੁਆਰਾ ਹਾਈਪਰ ਲੂਪ ਟਰੇਨਾਂ, ਮਾਲ ਭਾੜੇ ਲਈ ਰੇਲ ਕਾਰੀਡੋਰਾਂ, ਮੁੱਖ ਮਾਰਗੀ ਸੜਕਾਂ, ਸੁਰੰਗਾਂ ਅਤੇ ਹਵਾਈ ਅੱਡਿਆਂ ਦਾ ਜਾਲ ਵਿਛ ਰਿਹਾ ਹੈ। ਸਨਅਤੀ ਪਹੀਏ ਲਈ ‘ਪੈਰਿਸ ਜਲਵਾਯੂ ਸੰਧੀ’ ਅਧੀਨ ਜ਼ੀਰੋ ਕਾਰਬਨ ਵਾਲੀ ਬਿਜਲੀ ਦੇ ਟੀਚੇ ਹਨ। ਧੂਆਂ ਛੱਡਣ ਵਾਲੇ ਕੋਲੇ, ਤੇਲ ਤੇ ਜੈਵਿਕ ਈਂਧਨ ਤੋਂ ਪੈਦਾ ਹੋਣ ਵਾਲੀ ਬਿਜਲੀ ਦੀ ਥਾਂ ਸੌਰ ਊਰਜਾ, ਵਿੰਡ ਪਾਵਰ, ਪਣ ਬਿਜਲੀ, ਪ੍ਰਮਾਣੂ, ਲਿਥੀਅਮ ਬੈਟਰੀਆਂ, ਕੁਦਰਤੀ ਗੈਸਾਂ ਅਤੇ ਗ੍ਰੀਨ ਹਾਈਡ੍ਰੋਜਨ ਦੁਆਰਾ ਸਾਫ ਊਰਜਾ ਪੈਦਾ ਕੀਤੀ ਜਾਵੇਗੀ। ਊਰਜਾ ਸੁਰੱਖਿਆ ਯੋਜਨਾ ਰਾਹੀਂ ਤੁਰਕਮੇਨਿਸਤਾਨ, ਇਰਾਨ, ਇਰਾਕ, ਸਾਊਦੀ ਅਰਬ, ਯੂ.ਏ.ਈ., ਕਤਰ, ਓਮਾਨ ਆਦਿ ਦੇਸ਼ਾਂ ਤੋਂ ਅਰਬ ਸਾਗਰ ਥੱਲੇ ਵੱਡੀ ਪਾਈਪ ਲਾਈਨ ਵਿਛਾ ਕੇ ਦੇਸ਼ ਵਿੱਚ ਕੁਦਰਤੀ ਗੈਸ ਦਰਾਮਦ ਕੀਤੀ ਜਾਵੇਗੀ। ਵਿੱਤੀ ਖ਼ਰਚਿਆਂ ਲਈ ਨੀਤੀ ਆਯੋਗ ਨੇ ਜ਼ਰੂਰੀ ਪ੍ਰਬੰਧ ਕਰ ਲਏ ਹਨ। ਊਰਜਾ ਨਵਿਆਉਣ ਰਾਹੀਂ 2030 ਤੱਕ ਦੇਸ਼ ਵਿੱਚ 500 ਗੀਗਾਵਾਟ ਸਾਫ਼ ਊਰਜਾ ਪੈਦਾ ਕੀਤੀ ਜਾਵੇਗੀ। ਸਨਅਤੀ ਵਿਕਾਸ ਲਈ ਹਰ ਪੱਖੋਂ ਲੋੜੀਂਦੀਆਂ ਕਾਰਵਾਈਆਂ ਵਿੱਢੀਆਂ ਜਾ ਰਹੀਆਂ ਹਨ। (**ਬਾਕੀ ਸਫ਼ਾ** 31 ’ਤੇ)

# ਸਰਕਾਰ ਅਜਿਹੀ ਵਿਵਸਥਾ ਨੂੰ ਲਾਗੂ ਕਰੇ, ਜੋ ਸਾਰਿਆਂ ਲਈ ਬਰਾਬਰ ਆਮਦਨੀ ਦੇ ਮੌਕੇ ਪੈਦਾ ਕਰੇ



ਡਾ. ਸ. ਸ. ਛੀਨਾ



ਭਾਰਤ ਦੇ ਮਹਾਨ ਸਮਾਜਵਾਦੀ ਨੇਤਾ ਡਾ. ਰਾਮ ਮਨੋਹਰ ਲੋਹੀਆ, ਜਿਸ ਨੇ ਸਾਰੀ ਜ਼ਿੰਦਗੀ ਸੁਤੰਤਰਤਾ ਦੀ ਲੜਾਈ ਲੜੀ ਅਤੇ ਉਹ ਦੁਨੀਆ ਦੇ 5 ਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਵੀ ਰਹੇ ਸਨ। ਪਹਿਲੀ ਵਾਰ ਅੰਗਰੇਜ਼ ਸਰਕਾਰ ਦੀ ਜੇਲ੍ਹ ਵਿੱਚ ਉਨ੍ਹਾਂ ’ਤੇ ਲਾਹੌਰ ਦੇ ਕਿਲ੍ਹੇ ’ਚ ਕਈ ਦਿਨ ਬਹੁਤ ਤਸ਼ੱਦਦ ਹੁੰਦਾ ਰਿਹਾ। ਇਸ ਤੋਂ ਬਾਅਦ ਉਹ ਨਿਪਾਲ ਦੀ ਜੇਲ੍ਹ ਵਿੱਚ ਬੰਦ ਸਨ ਪਰ ਆਪਣੇ ਸਾਥੀਆਂ ਦੀ ਮਦਦ ਨਾਲ ਜੇਲ੍ਹ ਤੋੜ ਕੇ ਭੱਜ ਗਏ ਸਨ।ਉਹ ਤੀਜੀ ਵਾਰ ਸੁਤੰਤਰ ਭਾਰਤ ਦੀ ਜੇਲ੍ਹ ’ਚ ਵੀ ਕੈਦ ਰਹੇ, ਜਦੋਂ ਕਿ ਉਨ੍ਹਾਂ ਤੋਂ ਹੇਠਲੀ ਪੱਧਰ ਦੇ ਕਈ ਨੇਤਾ ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ, ਕੇਂਦਰੀ ਮੰਤਰੀ ਤੇ ਹੋਰ ਉੱਚ ਅਹੁਦਿਆਂ ਦਾ ਸੁੱਖ ਮਾਣ ਰਹੇ ਸਨ। ਉਨ੍ਹਾਂ ਚੌਥੀ ਵਾਰ ਪੁਰਤਗਾਲ ਦੀ ਜੇਲ੍ਹ ਕੱਟੀ, ਜਦੋਂ ਗੋਆ ਪੁਰਤਗਾਲ ਦੇ ਅਧੀਨ ਸੀ ਤੇ ਡਾ. ਲੋਹੀਆ ਉਸ ਦੀ ਸੁਤੰਤਰਤਾ ਲਈ ਸੰਘਰਸ਼ ਕਰ ਰਹੇ ਸਨ।ਉਨ੍ਹਾਂ 5ਵੀਂ ਵਾਰ ਅਮਰੀਕਾ ’ਚ ਉਸ ਸਮੇਂ ਜੇਲ੍ਹ ਕੱਟੀ, ਜਦੋਂ ਉਹ ਸੰਸਦ ਮੈਂਬਰ ਸਨ ਪਰ ਇਸ ਬਦਲੇ ਕੋਈ ਵਿਸ਼ੇਸ਼ ਸਹੂਲਤ ਨਹੀਂ ਲੈਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਭਾਰਤ ਸਮਾਜਵਾਦੀ ਢਾਂਚਾ ਅਪਨਾਏ, ਜਿਸ ਤੋਂ ਬਗੈਰ ਭਾਰਤ ਕਦੀ ਵੀ ਵਿਕਾਸ ਨਹੀਂ ਕਰ ਸਕਦਾ।

ਡਾ. ਲੋਹੀਆ ਨੇ 1948 ’ਚ ਆਜ਼ਾਦੀ ਤੋਂ ਬਾਅਦ ਮਹਿਸੂਸ ਕੀਤਾ ਕਿ ਅੰਗਰੇਜ਼ਾਂ ਦੇ ਸਮੇਂ ’ਚ ਜਾਰੀ ਪ੍ਰਣਾਲੀ/ਵਿਵਸਥਾ ਨਾਲ ਸਭ ਦੀ ਆਮਦਨ ਬਰਾਬਰ ਨਹੀਂ ਹੋ ਸਕਦੀ। ਉਨ੍ਹਾਂ ਪਾਰਟੀ ਵਿੱਚ ਰਹਿ ਕੇ ਕੋਈ ਉੱਚਾ ਅਹੁਦਾ ਲੈਣ ਦੀ ਬਜਾਏ ਆਮਦਨ ਤੇ ਸਮਾਜਿਕ ਬਰਾਬਰੀ ਲਿਆਉਣ ਲਈ ਵਿਵਸਥਾ ਨੂੰ ਬਦਲਣ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਉਸ ਪ੍ਰਣਾਲੀ ਦੀ ਵਿਆਖਿਆ ਕੀਤੀ, ਜੋ ਉਸ ਸਮੇਂ ਦੀ ਕਮਿਊਨਿਸਟ ਸ਼ਾਸਨ ਦੀ ਪ੍ਰਣਾਲੀ ਤੋਂ ਬਿਲਕੁਲ ਵੱਖ ਸੀ, ਕਿਉਂਕਿ ਇਹ ਜਾਤੀ ਮਾਲਕੀ ਨੂੰ ਨਹੀਂ ਨਿਕਾਰਦੀ ਸੀ। ਕਮਿਊਨਿਸਟ ਵਿਚਾਰਧਾਰਾ ਅਨੁਸਾਰ ਉਪਜ ਦੇ ਸਾਧਨਾਂ ’ਤੇ ਨਿੱਜੀ ਮਾਲਕੀ ਦੇ ਖਾਤਮੇ ਤੋਂ ਬਗੈਰ ਸਮਾਜਿਕ ਬਰਾਬਰੀ ਹੋ ਹੀ ਨਹੀਂ ਸਕਦੀ, ਪਰ ਪੱਛਮੀ ਦੇਸ਼ਾਂ-ਯੂਰਪੀਨ, ਅਮਰੀਕਨ ਤੇ ਆਸਟ੍ਰੇਲੀਆ ਨੇ ਸਾਬਿਤ ਕਰ ਦਿੱਤਾ ਹੈ ਕਿ ਧਨ ਦੀ ਨਾਬਰਾਬਰੀ ਭਾਵੇਂ ਰਹੇ, ਪਰ ਪ੍ਰਣਾਲੀ ’ਚ ਤਬਦੀਲੀ ਕਰ ਕੇ ਆਮਦਨ ਬਰਾਬਰੀ ਪੈਦਾ ਕੀਤੀ ਜਾ ਸਕਦੀ ਹੈ। ਇਨ੍ਹਾਂ ਦੇਸ਼ਾਂ ’ਚ ਭਾਵੇਂ ਧਨ ਦੀ ਬਹੁਤ ਜ਼ਿਆਦਾ ਨਾਬਰਾਬਰੀ ਹੈ, ਪਰ ਆਮਦਨ ਦੀ ਨਾਬਰਾਬਰੀ ਨਹੀਂ ਹੈ। ਇਸ ਦਾ ਇਹ ਸਬੂਤ ਹੈ ਕਿ ਵਿਕਸਿਤ ਦੇਸ਼ਾਂ ਵਿਚ ਕੋਈ ਵਜ਼ੀਰ ਵੀ ਡਰਾਈਵਰ ਜਾਂ ਘਰੇਲੂ ਨੌਕਰ ਨਹੀਂ ਰੱਖ ਸਕਦਾ, ਇਸ ਬਰਾਬਰੀ ਦਾ ਅਰਥ ਲਗਾਤਾਰ ਚੱਲਣ ਵਾਲਾ ਵਿਕਾਸ ਹੈ। ਇਹ ਵਿਕਾਸ ਲਗਾਤਾਰ ਚੱਲਣ ਵਾਲੇ ਉਪਭੋਗ ਨਾਲ ਹੀ ਹੋ ਸਕਦਾ ਹੈ। ਲੋਕਾਂ ਦੀ ਖਰੀਦ ਸ਼ਕਤੀ, ਵਸਤੂਆਂ ਤੇ ਸੇਵਾਵਾਂ ਦੇ ਉਪਭੋਗ ’ਤੇ ਆਧਾਰਿਤ ਹੁੰਦੀ ਹੈ। ਭਾਰਤ ਵਿਚ ਖਰੀਦ ਸ਼ਕਤੀ ਬਹੁਤ ਘੱਟ ਹੈ। ਕੁਝ ਲੋਕਾਂ ਕੋਲ ਇੰਨੀ ਦੌਲਤ ਹੁੰਦੀ ਹੈ ਜੋ ਕਿਤੇ ਖਰਚ ਨਹੀਂ ਹੁੰਦੀ। ਜਦੋਂ ਦੌਲਤ ਖ਼ਰਚ ਨਹੀਂ ਹੁੰਦੀ ਤਾਂ ਉਹ ਵਸਤੂਆਂ ਤੇ ਸੇਵਾਵਾਂ ਦੀ ਮੰਗ ਨੂੰ ਅੱਗੇ ਨਹੀਂ ਵਧਾਉਂਦੀ। ਜਦੋਂ ਮੰਗ ਨਹੀਂ ਤਾਂ ਵਸਤੂਆਂ ਨੂੰ ਬਣਾਉਣ ਤੇ ਕਿਰਤੀਆਂ ਦੀ ਕੀ ਲੋੜ ਹੈ, ਇਸ ਤਰ੍ਹਾਂ ਹੀ ਬੇਰੁਜ਼ਗਾਰੀ ਵਧਦੀ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਉਪਭੋਗ ਜਾਂ ਖਰੀਦ ਸ਼ਕਤੀ ਵਧਾਉਣ ਲਈ ਇਕ ਨਵਾਂ ਤਰੀਕਾ ਅਪਣਾਇਆ ਗਿਆ ਹੈ। ਚੋਣਾਂ ਵੇਲੇ ਵਾਅਦੇ ਕੀਤੇ ਜਾਂਦੇ ਹਨ, ਮੁਫਤ ਰਾਸ਼ਨ, ਮੁਫਤ ਸਫ਼ਰ ਤੇ ਮੁਫ਼ਤ ਬਿਜਲੀ ਦਿੱਤੀ ਜਾਂਦੀ ਹੈ, ਜਦੋਂ ਸਭ ਕੁਝ ਮੁਫ਼ਤ ਮਿਲ ਰਿਹਾ ਹੈ ਤਾਂ ਫਿਰ ਕਿਸੇ ਨੂੰ ਕੰਮ ਕਰਨ ਦੀ ਕੀ ਲੋੜ ਹੈ ? ਮੁਫ਼ਤ ਬਿਜਲੀ, ਮੁਫ਼ਤ ਸਫ਼ਰ ਨਾਲ ਕਿਵੇਂ ਖਰੀਦ ਸ਼ਕਤੀ ਵਧੇਗੀ ? ਦੂਸਰਾ ਇਨ੍ਹਾਂ ਮੁਫ਼ਤ ਸਹੂਲਤਾਂ ਦੇ ਬਿੱਲ ਕਿਹੜਾ ਮੰਤਰੀ ਆਪਣੀ ਜੇਬ ’ਚੋਂ ਦਿੰਦਾ ਹੈ। ਇਹ ਤਾਂ ਉਨ੍ਹਾਂ ਲੋਕਾਂ ਨੂੰ ਦੇਣਾ ਪੈਂਦਾ ਹੈ, ਜੋ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਲਗਾਏ ਪ੍ਰਤੱਖ ਤੇ ਅਪ੍ਰਤੱਖ ਟੈਕਸ ਦਿੰਦੇ ਹਨ। ਪ੍ਰਤੱਖ ਟੈਕਸਾਂ ’ਚ ਆਮਦਨ ਟੈਕਸ ਤੇ ਵੈੱਲਥ ਟੈਕਸ ਸ਼ਾਮਿਲ ਹਨ, ਜੋ ਜ਼ਿਆਦਾਤਰ ਅਮੀਰ ਵਰਗ ਦਿੰਦਾ ਹੈ। ਜਦਕਿ ਅਪ੍ਰਤੱਖ ਟੈਕਸ-ਹਰ ਅਮੀਰ ਤੇ ਗਰੀਬ ਨੂੰ ਇਕ ਬਰਾਬਰ ਦੇਣੇ ਪੈਂਦੇ ਹਨ। ਜਿਵੇਂ ਪੈਟਰੋਲ ਤੇ ਡੀਜ਼ਲ ’ਤੇ ਲੱਗਣ ਵਾਲਾ ਵੈਟ ਤੇ ਵਿਕਰੀ ਟੈਕਸ ਕੇਂਦਰ ਤੇ ਸੂਬਾ ਸਰਕਾਰਾਂ ਦੋਵੇਂ ਵਸੂਲਦੀਆਂ ਹਨ, ਇਸੇ ਤਰ੍ਹਾਂ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ’ਤੇ ਵਿਕਰੀ ਟੈਕਸ ਲੱਗਦਾ ਹੈ। ਸਰਕਾਰਾਂ ਆਪਣੇ ਸਾਲ ਭਰ ਵਿੱਚ ਹੋਣ ਵਾਲੇ ਖਰਚੇ ਇਨ੍ਹਾਂ ਟੈਕਸਾਂ ਨਾਲ ਪੂਰੇ ਕਰਦੀਆਂ ਹਨ, ਜਿਸ ਵਿੱਚ ਮੁਫਤ ਤੋਹਫਿਆਂ/ਸਹੂਲਤਾਂ ਦੇ ਖਰਚੇ ਵੀ ਸ਼ਾਮਿਲ ਹੁੰਦੇ ਹਨ। ਜਦੋਂ ਪੈਟਰੋਲ ਤੇ ਡੀਜ਼ਲ ਦੀ ਕੀਮਤ ਵਧਦੀ ਹੈ, ਤਾਂ ਇਸ ਦਾ ਬੋਝ ਸਭ ਨੂੰ ਚੁੱਕਣਾ ਪੈਂਦਾ ਹੈ, ਕਿਉਂਕਿ ਇਸ ਨਾਲ ਢੋਆ-ਢੁਆਈ, ਆਵਾਜਾਈ ਤੇ ਉਤਪਾਦਨ ਦੀ ਲਾਗਤ ਵਧਦੀ ਹੈ।


ਜਿਨ੍ਹਾਂ ਦੇਸ਼ਾਂ ਵਿੱਚ ਆਮਦਨ ਨਾਬਰਾਬਰੀ ਹੈ, ਉਹ ਦੇਸ਼ ਕਦੀ ਵੀ ਅਮੀਰ ਨਹੀਂ ਬਣ ਸਕਦੇ ਤੇ ਆਮਦਨ ਬਰਾਬਰੀ ਵਾਲੇ ਦੇਸ਼ ਕਦੀ ਵੀ ਗਰੀਬ ਨਹੀਂ ਰਹਿ ਸਕਦੇ। ਆਰਥਿਕਤਾ ਦੇ ਨਿਯਮ ਇੱਕ ਵਿਸ਼ੇਸ਼ ਤਰਕ ’ਤੇ ਆਧਾਰਿਤ ਹੁੰਦੇ ਹਨ। ਜਿਵੇਂ ਭਾਰਤ ’ਚ ਪਿਛਲੇ ਸਾਲ ਪ੍ਰਤੀ ਵਿਅਕਤੀ ਸਾਲਾਨਾ ਔਸਤ ਆਮਦਨ 1 ਲੱਖ 72 ਹਜ਼ਾਰ ਰੁਪਏ ਸੀ, ਫਿਰ ਦੇਸ਼ ਦਾ ਕੋਈ ਵੀ ਵਿਅਕਤੀ ਗਰੀਬੀ ਰੇਖਾ ਤੋਂ ਹੇਠਾਂ ਕਿਵੇ ਹੋ ਸਕਦਾ ਹੈ। ਪਰ ਭਾਰਤ ’ਚ ਤਾਂ 22 ਫ਼ੀਸਦੀ ਜਾਂ ਲਗਭਗ 30 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ, ਕਿਉਂਕਿ ਗਰੀਬੀ ਰੇਖਾ ਦੀ ਪਰਿਭਾਸ਼ਾ ਅਨੁਸਾਰ ਸ਼ਹਿਰ ’ਚ ਖਰੀਦ ਸ਼ਕਤੀ 32 ਰੁਪਏ ਤੇ ਪਿੰਡ ’ਚ 27 ਰੁਪਏ ਤੋਂ ਘੱਟ ਹੋਣਾ ਗਰੀਬੀ ਦੀ ਰੇਖਾ ਹੈ, ਹਾਲਾਂਕਿ ਇੰਨੇ ਕੁ ਪੈਸਿਆਂ ਨਾਲ ਕੋਈ ਇੱਕ ਵਕਤ ਦੀ ਰੋਟੀ ਵੀ ਨਹੀਂ ਖਾ ਸਕਦਾ।

ਪਿਛਲੇ ਤਕਰੀਬਨ ਇੱਕ ਦਹਾਕੇ ਤੋਂ ਭਾਰਤ ਹਰ ਸਾਲ 6 ਫ਼ੀਸਦੀ ਵਿਕਾਸ ਕਰ ਰਿਹਾ ਹੈ, ਪਰ ਜੇਕਰ ਹਰ ਵਿਅਕਤੀ ਦੀ ਖਰੀਦ ਸ਼ਕਤੀ 6 ਫ਼ੀਸਦੀ ਵਧ ਰਹੀ ਹੁੰਦੀ ਤਾਂ ਕੋਈ ਸਮੱਸਿਆ ਹੀ ਨਹੀਂ ਰਹਿਣੀ ਸੀ। ਦਰਅਸਲ ਥੋੜ੍ਹੇ ਜਿਹੇ ਲੋਕਾਂ ਦੀ ਆਮਦਨ ਜਾਂ ਖਰੀਦ ਸ਼ਕਤੀ ਕਰੋੜਾਂ ਰੁਪਏ ਸਾਲਾਨਾ ਵਧ ਰਹੀ ਹੈ, ਜਦਕਿ ਜ਼ਿਆਦਾਤਰ ਲੋਕਾਂ ਦੀ ਆਮਦਨ ਜਾਂ ਤਾਂ ਸਥਿਰ ਹੈ ਜਾਂ ਘੱਟ ਰਹੀ ਹੈ। ਭਾਰਤ ਭਾਵੇਂ ਗਰੀਬ ਦੇਸ਼ ਹੈ, ਫਿਰ ਵੀ ਅਮਰੀਕਾ ਦੀ ਮਸ਼ਹੂਰ ਅਖਬਾਰ ‘ਵਾਲ ਸਟਰੀਟ ਜਨਰਲ’ ਦੇ ਅਨੁਸਾਰ ਦੁਨੀਆ ਦੇ 24 ਸਭ ਤੋਂ ਅਮੀਰ ਵਿਅਕਤੀਆਂ ਦੀ ਕੁੱਲ ਜਾਇਦਾਦ 3.3 ਲੱਖ ਕਰੋੜ ਅਮਰੀਕੀ ਡਾਲਰ ਹੈ ਤੇ ਇਨ੍ਹਾਂ ਵਿੱਚ 2 ਭਾਰਤੀ ਮੁਕੇਸ਼ ਅੰਬਾਨੀ ਤੇ ਗੌਤਮ ਅਡਾਨੀ ਵੀ ਸ਼ਾਮਿਲ ਹਨ।

ਭਾਰਤੀ ਆਰਥਿਕਤਾ ਦੇ ਉਹ ਪੱਖ ਜੋ ਦੇਸ਼ ਵਿੱਚ ਵਿਕਾਸ ਲਈ ਰੁਕਾਵਟ ਬਣਦੇ ਹਨ, ਉਨ੍ਹਾਂ ਵਿੱਚ ਵਧਦੀ ਆਮਦਨ ਅਸਮਾਨਤਾ ਨੂੰ ਦੂਰ ਕਰਨ ਲਈ ਸੁਧਾਰ ਕਰਨੇ ਜ਼ਰੂਰੀ ਹਨ। ਸ਼ੇਅਰਾਂ ਦੀ ਖਰੀਦ-ਵੇਚ ਕਰਨ ਵਾਲੀ ਕੰਪਨੀ ‘ਬਲੂਮ ਵੈਂਚਰਜ਼’ ਦੀ ਰਿਪੋਰਟ ਅਨੁਸਾਰ 100 ਕਰੋੜ ਭਾਰਤੀਆਂ ਦੀ ਆਮਦਨ ਇੰਨੀ ਕੁ ਹੈ ਕਿ ਜਿਸ ਨਾਲ ਉਹ ਆਪਣੇ ਵਾਸਤੇ ਅਤਿ ਜ਼ਰੂਰੀ ਵਸਤੂਆਂ- ਰੋਟੀ, ਕੱਪੜਾ ਹੀ ਖਰੀਦ ਸਕਦੇ ਹਨ। ਜਦਕਿ 13-14 ਕਰੋੜ ਅਜਿਹੇ ਭਾਰਤੀ ਹਨ, ਜਿਨ੍ਹਾਂ ਨੂੰ ‘ਖਪਤਕਾਰ ਜਮਾਤ’ ਕਿਹਾ ਜਾ ਸਕਦਾ ਹੈ। ਹਾਲਾਂਕਿ ਵਿਦੇਸ਼ਾਂ ਵਿੱਚ ਇਹ ਪ੍ਰਭਾਵ ਹੈ ਕਿ ਭਾਰਤ ’ਚ 142 ਕਰੋੜ ਖਪਤਕਾਰ ਹੋਣ ਕਰਕੇ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਹੈ। ਭਾਰਤ ਵਿਚ ਦੌਲਤ ਦੀ ਨਾ ਬਰਾਬਰੀ ਲਗਾਤਾਰ ਵਧ ਰਹੀ ਹੈ। 1990 ’ਚ 10 ਫ਼ੀਸਦੀ ਭਾਰਤੀਆਂ ਕੋਲ ਦੇਸ਼ ਦੀ ਕੁੱਲ ਆਮਦਨ ਦਾ 34 ਫ਼ੀਸਦੀ ਸੀ, ਜੋ ਹੁਣ 57.7 ਫ਼ੀਸਦੀ ਹੋ ਚੁੱਕਾ ਹੈ ਅਤੇ ਇਹ ਸਭ ਦੋਸ਼ਪੂਰਨ ਟੈਕਸ ਪ੍ਰਣਾਲੀ ਕਰਕੇ ਹੈ।

(ਬਾਕੀ ਸਫ਼ਾ 31 ’ਤੇ)

# ਕੀ ਭਾਰਤੀ ਰਾਸ਼ਟਰਵਾਦ ਬਹੁਤ ਜ਼ਿਆਦਾ ਵਿਖਾਵਾ ਕਰਨ ਵਾਲਾ ਹੋ ਗਿਆ ?



ਯੋਗੇਂਦਰ ਯਾਦਵ



ਜੇਕਰ ਤੁਹਾਨੂੰ ਭਾਰਤੀ ਰਾਸ਼ਟਰਵਾਦ ਦੇ ਪਤਨ ਦੇ ਸਬੂਤ ਦੀ ਲੋੜ ਹੈ ਤਾਂ ਹਾਲ ਹੀ ਵਿਚ ਭਾਰਤ-ਪਾਕਿਸਤਾਨ ਵਿਚਕਾਰ ਹੋਏ ਟਕਰਾਅ ਅਤੇ ਇਸ ਦੇ ਨਤੀਜੇ ਤੁਹਾਨੂੰ ਇਸ ਦੇ ਕਾਫ਼ੀ ਹੱਦ ਤੱਕ ਸਬੂਤ ਪ੍ਰਦਾਨ ਕਰ ਦੇਣਗੇ।ਅਜਿਹਾ ਨਹੀਂ ਹੈ ਕਿ ਅਸੀਂ ‘ਅਤਿ ਰਾਸ਼ਟਰਵਾਦੀ’ ਹੋ ਗਏ ਹਾਂ। ਸਗੋਂ ਅਸਲ ਸਮੱਸਿਆ ਇਹ ਹੈ ਕਿ ਸਾਡਾ ਰਾਸ਼ਟਰਵਾਦ ਬਹੁਤ ਜ਼ਿਆਦਾ ਨਕਲਚੀ (ਵਿਖਾਵਾ ਕਰਨ ਵਾਲਾ) ਹੋ ਗਿਆ ਹੈ। ਭਾਰਤੀ ਰਾਸ਼ਟਰਵਾਦ ਦੀ ਅਮੀਰ ਵਿਰਾਸਤ ਨੂੰ ਇੱਕ ਨਕਲਚੀ (ਕਾਪੀਕੈਟ) ਰਾਸ਼ਟਰਵਾਦ ਨੇ ਖੋਹ ਲਿਆ ਹੈ, ਜੋ ਇੱਕ ਜਰਮਨ ਰਾਖਸ਼ ਦੀ ਨਕਲ ਕਰਦਾ ਹੈ, ਇਜ਼ਰਾਈਲੀ ਰਾਜ ਦੀ ਨਕਲ ਕਰਦਿਆਂ ਇੱਕ ਹਿੰਦੂ ਪਾਕਿਸਤਾਨ ਬਣਨ ਦੀ ਕੋਸ਼ਿਸ਼ ਕਰਦਾ ਹੈ, ਪਰ ਅਸੀਂ ਇਸ ਲਈ ਸਿਰਫ਼ ਨਰਿੰਦਰ ਮੋਦੀ, ਭਾਜਪਾ ਅਤੇ ਆਰ.ਐਸ.ਐਸ. ਨੂੰ ਦੋਸ਼ੀ ਨਹੀਂ ਠਹਿਰਾਅ ਸਕਦੇ।

ਅਲੀ ਖਾਨ ਮਹਿਮੂਦਾਬਾਦ ਕੇਸ ਬਾਰੇ ਹੈਰਾਨ ਕਰਨ ਵਾਲੀ ਗੱਲ ਸੁਪਰੀਮ ਕੋਰਟ ਦਾ ਸਿਰਫ਼ ਅੰਤਿਮ ਆਦੇਸ਼ ਨਹੀਂ ਸੀ, ਜੋ ਇੱਕ ਰਾਜਨੀਤਿਕ ਨਿਸ਼ਾਨੇਬਾਜ਼ੀ ਲਈ ਕਾਨੂੰਨੀ ਆਧਾਰ ਪ੍ਰਦਾਨ ਕਰਦਾ ਹੈ। ਇਸ ਆਦੇਸ਼ ਤੋਂ ਪਹਿਲਾਂ ਜੋ ਕੁਝ ਵਾਪਰਿਆ ਉਹ ਵਧੇਰੇ ਹੈਰਾਨ ਕਰਨ ਵਾਲਾ ਸੀ। ਬਾਰ ਤੋਂ ਲੈ ਕੇ ਬੈਂਚ ਤੱਕ ਕਾਨੂੰਨ ਦੇ ਰਾਜ ’ਚ ਸੰਵਿਧਾਨਕ ਤੌਰ ’ਤੇ ਸੁਰੱਖਿਅਤ ਅਧਿਕਾਰਾਂ ਜਾਂ ਪ੍ਰਗਟਾਵੇ ਦੀ ਆਜ਼ਾਦੀ ਦੇ ਵਿਚਾਰ ਦੀਆਂ ਧਾਰਨਾਵਾਂ ਸਪੱਸ਼ਟ ਤੌਰ ’ਤੇ ਗ਼ੈਰਹਾਜ਼ਰ ਸਨ । ਸ਼ਾਇਦ ਚਲਾਕ ਵਕੀਲ ਨੇ ਅਦਾਲਤ ਦੇ ਮਨ ਨੂੰ ਪੜ੍ਹ ਕੇ ਅਜਿਹੇ ਸੰਖੇਪ ਮੁੱਦੇ ਨੂੰ ਉਠਾਉਣ ਬਾਰੇ ਬਿਹਤਰ ਢੰਗ ਨਾਲ ਸੋਚਿਆ ਸੀ। ਸਰਬਉੱਚ ਅਦਾਲਤ ਦੀ ਕਾਰਵਾਈ ਕਿਸੇ ਚਾਚਿਆਂ ਦੀ ਗੱਲਬਾਤ ਜਾਂ ਹੈੱਡਮਾਸਟਰ ਤੇ ਮਾਪਿਆਂ ਵਿਚਕਾਰ ਬਹਿਸ ਵਾਂਗ ਲੱਗ ਰਹੀ ਸੀ ਕਿ, ਕੀ ਮੁੰਡਾ ਚੰਗਾ ਵਿਵਹਾਰ ਕਰ ਰਿਹਾ ਹੈ ਜਾਂ ਨਹੀਂ। ਇਸ ਮਾਮਲੇ ਵਿੱਚ ਸਮਝਿਆ ਗਿਆ ਕਿ ਰਾਸ਼ਟਰੀ ਹਿਤ ਸਾਰੇ ਅਧਿਕਾਰਾਂ ਤੋਂ ਉੱਪਰ ਹਨ, ਯੁੱਧ ਸਮੇਂ ਇੱਕ ਰਾਸ਼ਟਰ ਕਿਸੇ ਵੀ ਅਸਹਿਮਤੀ ਨੂੰ ਬਰਦਾਸ਼ਤ ਨਹੀਂ ਕਰਦਾ। ਦੇਸ਼ ਦੇ ਸਟੈਂਡ ਤੋਂ ਵੱਖ ਕੋਈ ਅਰਥਪੂਰਨ ਬਿਆਨ ਨੂੰ ਵੀ ਨਹੀਂ। ਰਾਸ਼ਟਰਵਾਦ ਤੇ ਨਾਗਰਿਕ ਸੁਤੰਤਰਤਾ ਵਿਚਕਾਰ ਅਜਿਹੀ ਮਜਬੂਰੀ ਭਰੀ ਚੋਣ ਭਾਰਤੀ ਰਾਸ਼ਟਰਵਾਦ ਦੀ ਪਰੰਪਰਾ ਨਹੀਂ ਹੈ। ਨਾਗਰਿਕਾਂ ਦੀ ਸੁਤੰਤਰਤਾ ਦੇ ਵਿਰੁੱਧ ਰਾਸ਼ਟਰਵਾਦ ਨੂੰ ਖੜ੍ਹਾ ਰੱਖਣਾ ਲੋਕਤੰਤਰ ਦੇ ਵਿਰੁੱਧ ਰਾਸ਼ਟਰਵਾਦ ਨੂੰ ਸਥਾਪਤ ਕਰਨ ਲਈ ਜ਼ਮੀਨ ਤਿਆਰ ਕਰਨਾ ਹੈ। ਇੱਥੋਂ ਤੱਕ ਕਿ ਜਿਨ੍ਹਾਂ ਲੋਕਾਂ ਨੇ ‘ਅਪਰੇਸ਼ਨ ਸੰਧੂਰ’ ਦਾ ਦਿਲੋਂ ਸਮਰਥਨ ਕੀਤਾ ਸੀ, ਉਨ੍ਹਾਂ ਨੂੰ ਵੀ ਰਾਸ਼ਟਰ ਵਿਰੋਧੀ ਦੱਸਿਆ ਜਾਂਦਾ ਹੈ। ਅਮਰੀਕੀ ਰਾਸ਼ਟਰਪਤੀ ਨੇ ਲਗਾਤਾਰ ਕਈ ਹੋਰ ਸ਼ਰਮਨਾਕ ਜਨਤਕ ਦਾਅਵੇ ਕੀਤੇ ਹਨ, ਜੋ ਜੰਗਬੰਦੀ ’ਤੇ ਸਾਡੀ ਸਰਕਾਰ ਦੇ ਅਧਿਕਾਰਤ ਸਟੈਂਡ ਦਾ ਖੰਡਨ ਕਰਦੇ ਹਨ। ਫਿਰ ਵੀ ਸਵਾਲ ਸਰਕਾਰ ’ਤੇ ਨਹੀਂ, ਸਗੋਂ ਉਨ੍ਹਾਂ ਲੋਕਾਂ ’ਤੇ ਉਠਾਏ ਜਾ ਰਹੇ ਹਨ ਜੋ ਸਰਕਾਰ ਦੀ ਚੁੱਪੀ ’ਤੇ ਸਵਾਲ ਉਠਾਉਂਦੇ ਹਨ। ਜਦੋਂ ਸਰਕਾਰ ਇੱਕ ਵਾਰ ਰਾਸ਼ਟਰ ਦਾ ਸਮਾਨਾਰਥੀ ਬਣ ਜਾਂਦੀ ਹੈ ਤਾਂ ‘ਸਰਬਉੱਚ ਨੇਤਾ’ ਦਖ਼ਲ ਦੇ ਸਕਦਾ ਹੈ ਪਰ ਜੇ ਕੋਈ ਉਸ ’ਤੇ ਸਵਾਲ ਉਠਾਉਂਦਾ ਹੈ ਤਾਂ ਉਸ ’ਤੇ ਰਾਜਨੀਤੀ ਕਰਨ ਦੇ ਦੋਸ਼ ਲੱਗਦੇ ਹਨ, ਜਦਕਿ ਉਹ ਫ਼ੌਜੀ ਪਹਿਰਾਵੇ ’ਚ ਪ੍ਰਚਾਰ ਯੁੱਧ ਤੇ ਹੋਰ ਸਭ ਕੁਝ ਕਰਨ ਲਈ ਸੁਤੰਤਰ ਹੈ। ਇਹ ਸਾਡੀ ਪਰੰਪਰਾ ਨਹੀਂ ਹੈ । ਜ਼ਰਾ! ਅਟਲ ਬਿਹਾਰੀ ਵਾਜਪਾਈ ਬਾਰੇ ਸੋਚੋ, ਜਿਨ੍ਹਾਂ ਨੇ 1962 ਦੀ ਹਾਰ ਲਈ ਜਵਾਬਦੇਹੀ ਦੀ ਮੰਗ ਕਰਦਿਆਂ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਨੂੰ ਯਕੀਨੀ ਬਣਾਇਆ ਸੀ ਜਾਂ ਰਾਮ ਮਨੋਹਰ ਲੋਹੀਆ, ਜੋ ਜਵਾਹਰ ਲਾਲ ਨਹਿਰੂ ਦੀ ਚੀਨ ਨੀਤੀ ਦੇ ਕੱਟੜ ਆਲੋਚਕ ਸਨ, ਉਨ੍ਹਾਂ ਨੂੰ ਕਿਸੇ ਨੇ ਵੀ ਕਦੇ ਰਾਸ਼ਟਰ ਵਿਰੋਧੀ ਨਹੀਂ ਕਿਹਾ ਸੀ। ਇਸ ਸਿਤਮਜ਼ਰੀਫੀ ਦਾ ਆਖਰੀ ਕਦਮ ਦੇਸ਼ ਨੂੰ ਆਪਣੇ ਹੀ ਲੋਕਾਂ ਦੇ ਵਿਰੁੱਧ ਖੜ੍ਹਾ ਕਰਨਾ ਹੈ। ਵਿਚਾਰਧਾਰਕ, ਸੱਭਿਆਚਾਰਕ ਜਾਂ ਖੇਤਰੀ ਅੰਤਰ ਦਾ ਕੋਈ ਵੀ ਪ੍ਰਗਟਾਵਾ ‘ਰਾਸ਼ਟਰ ਵਿਰੋਧੀ’ ਹੋਣ ਦਾ ਰੌਲਾ ਪਾਉਣ ਲਈ ਕਾਫ਼ੀ ਹੈ । ਇੱਕ ਵਾਰ ਜਦੋਂ ਤੁਸੀਂ ਅਜਿਹੇ ਪੱਧਰ ਨੂੰ ਲਾਗੂ ਕਰਦੇ ਹੋ, ਤਾਂ ਤਰਕ ਨੂੰ ਸਿਰ ਭਾਰ ਖੜ੍ਹਾ ਕੀਤਾ ਜਾ ਸਕਦਾ ਹੈ। ਧਾਰਮਿਕ ਵੰਡ ਪੈਦਾ ਕਰਨ ਦੇ ਦੋਸ਼ ਦਾ ਸਾਹਮਣਾ ਮਹਿਮੂਦਾਬਾਦ ਨੂੰ ਕਰਨਾ ਪੈਂਦਾ ਹੈ, ਨਾ ਕਿ ਉਨ੍ਹਾਂ ਨੂੰ ਜਿਨ੍ਹਾਂ ਨੇ ਪਹਿਲਗਾਮ ਕਤਲੇਆਮ ਤੋਂ ਬਾਅਦ ਮੁਸਲਮਾਨਾਂ ਤੇ ਕਸ਼ਮੀਰੀਆਂ ਨੂੰ ਨਿਸ਼ਾਨਾ ਬਣਾਇਆ । ਉਹ (ਮਹਿਮੂਦਾਬਾਦ) ਕਰਨਲ ਸੋਫੀਆ ਕੁਰੈਸ਼ੀ ਦਾ ਅਪਮਾਨ ਕਰਨ ਦਾ ਦੋਸ਼ੀ ਗਰਦਾਨਿਆ ਜਾ ਰਿਹਾ ਹੈ, ਨਾ ਕਿ ਭਾਜਪਾ ਦਾ ਉਹ ਮੰਤਰੀ ਜਿਸ ਨੇ ਉਨ੍ਹਾਂ (ਕਰਨਲ ਕੁਰੈਸ਼ੀ) ਨੂੰ ਪਾਕਿਸਤਾਨ/ਅੱਤਵਾਦੀਆਂ ਦੀ ਭੈਣ ਤੱਕ ਕਿਹਾ ਸੀ। ਜਦੋਂ ਇੱਕ ਰਾਸ਼ਟਰ ਕਿਸੇ ਇੱਕ ਮੁੱਦੇ ਬਾਰੇ ਜਨੂੰਨੀ ਏਕਤਾ ਦੀ ਜਗ੍ਹਾ ਇਕਰੂਪਤਾ ਧਾਰਨ ਕਰ ਲੈਂਦਾ ਹੈ ਤਾਂ ਅਜਿਹੇ ਪ੍ਰੋਜੈਕਟ ਲਈ ਇੱਕ ਅੰਦਰੂਨੀ ਦੁਸ਼ਮਣ ਦੀ ਲੋੜ ਹੁੰਦੀ ਹੈ। ਬਿਨਾਂ ਸ਼ੱਕ ਪਹਿਲਗਾਮ ਕਤਲੇਆਮ ਨੇ ਸਾਰੇ ਭਾਰਤੀਆਂ ਨੂੰ ਇੱਕਠਾ ਕਰ ਦਿੱਤਾ ਸੀ, ਪਰ ਇਹ ਭਾਰਤੀ ਰਾਸ਼ਟਰਵਾਦ ਨਹੀਂ ਹੈ। ਸਰਦਾਰ ਪਟੇਲ ਬਾਰੇ ਸੋਚੋ, ਜਿਸ ਨੇ ਪ੍ਰਤੀਕੂਲ ਸਮੇਂ ਵਿੱਚ ਵੀ ਵੱਖ-ਵੱਖ ਭਾਈਚਾਰਿਆਂ ਤੇ ਖੇਤਰਾਂ ਨੂੰ ਜੋੜਨ ਦਾ ਕੰਮ ਕੀਤਾ ਸੀ। ਸਾਨੂੰ ਸਾਡੇ ਆਜ਼ਾਦੀ ਸੰਗਰਾਮ ਦੀ ਵਿਰਾਸਤ ’ਚੋਂ ਮਿਲਿਆ ਰਾਸ਼ਟਰਵਾਦ ਬਹੁਤ ਵੱਖਰਾ ਸੀ। ਜਿਸ ਨੇ ਬਾਹਰੀ ਜਾਂ ਅੰਦਰੂਨੀ ਦੁਸ਼ਮਣਾਂ ਦੀ ਖੋਜ ਕੀਤੇ ਬਿਨਾਂ ਰਾਸ਼ਟਰਵਾਦ ਦੀ ਡੂੰਘੀ ਭਾਵਨਾ ਪੈਦਾ ਕਰਦਿਆਂ ਰਾਸ਼ਟਰ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਵਿਰੋਧ ਬਸਤੀਵਾਦ ਨਾਲ ਸੀ ਅਤੇ ਇਹ ਵਿਰੋਧ ਇੱਕ ਦੇਸ਼ ਜਾਂ ਨਸਲ ਦੀ ਬਜਾਏ ਇੱਕ ਵਿਵਸਥਾ ਦਾ ਵਿਰੋਧ ਸੀ। ਭਾਰਤੀ ਰਾਸ਼ਟਰਵਾਦ ਨੇ ਸਾਨੂੰ ਆਪਣੇ ਗੁਆਂਢੀਆਂ ਦੇ ਵਿਰੁੱਧ ਖੜ੍ਹਾ ਨਹੀਂ ਕੀਤਾ, ਇਸ ਨੇ ਸਾਨੂੰ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਵਿੱਚ ਬਸਤੀਵਾਦ ਵਿਰੋਧੀ ਸੰਘਰਸ਼ਾਂ ਅਤੇ ਦੱਖਣੀ ਅਫਰੀਕਾ ਵਿੱਚ ਰੰਗਭੇਦ ਵਿਰੋਧੀ ਸੰਘਰਸ਼ ਨਾਲ ਜੋੜਿਆ । ਭਾਰਤੀ ਰਾਸ਼ਟਰਵਾਦ ਭਾਰਤੀ ਲੋਕਾਂ ਵਿੱਚ ਏਕਤਾ ਦੀ ਡੂੰਘੀ ਭਾਵਨਾ ਨੂੰ ਉਤਸ਼ਾਹਿਤ ਕਰਨ ’ਤੇ ਕੇਂਦਰਿਤ ਸੀ। ਜੋ ਸਭ ਭਾਸ਼ਾਵਾਂ, ਖੇਤਰਾਂ ਤੇ ਧਰਮਾਂ ਦੀ ਬਹੁਲਤਾ ਦਾ ਸਤਿਕਾਰ ਕਰਦਾ ਸੀ। ਇਸ ਨੇ ਰਾਸ਼ਟਰੀ ਏਕਤਾ ਨੂੰ ਹਲਕੇ ਵਿੱਚ ਨਹੀਂ ਲਿਆ, ਪਰ ਇਕਸਾਰਤਾ ਦੀ ਮੰਗ ਕੀਤੇ ਬਿਨਾਂ ਇਸ ’ਤੇ ਕੰਮ ਕੀਤਾ । ਬਹੁਗਿਣਤੀ ਭਾਈਚਾਰੇ ਦੁਆਰਾ ਘੱਟ ਗਿਣਤੀ ਦੇ ਹਿਤਾਂ ਦੀ ਵਕਾਲਤ ਕੀਤੀ ਗਈ। ਇਸ ਰਾਸ਼ਟਰਵਾਦ ਨੇ ਹਿੰਦੀ ਬੋਲਣ ਵਾਲਿਆਂ ਨੂੰ ਗੈਰ-ਹਿੰਦੀ ਖੇਤਰਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਪ੍ਰੇਰਿਤ ਕੀਤਾ, ਜਦੋਂ ਕਿ ਗੈਰ-ਹਿੰਦੀ ਬੋਲਣ ਵਾਲਿਆਂ ਨੇ ਨਾਗਰੀ ਪ੍ਰਚਾਰਿਨੀ ਸਭਾ ਦੇ ਲਈ ਕੰਮ ਕੀਤਾ।

(ਬਾਕੀ ਸਫ਼ਾ 31 ’ਤੇ)

# ਮੰਝਧਾਰ ਵਿੱਚ ਫ਼ਸੇ ਪੰਜਾਬ ਦਾ ਹੱਲ ਕੀ ਹੈ?

ਗੁਨਬੀਰ ਸਿੰਘ

ਅੱਜ ਪੰਜਾਬ ਦੀ ਆਰਥਿਕ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ। ਨੌਜਵਾਨਾਂ ਦਾ ਵਿਦੇਸ਼ਾਂ ਨੂੰ ਕੂਚ ਅਤੇ ਪਿਛਲੇ ਦਿਨੀਂ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਬੇਰਹਿਮੀ ਨਾਲ ਦੇਸ਼ ਨਿਕਾਲੇ ਦਾ ਦੁੱਖ ਅਜਿਹੇ ਨਵੇਂ-ਨੀਵੇਂ ਵਰਤਾਰੇ ਹਨ ਜੋ ਇਨਸਾਨ ਨੂੰ ਝੰਜੋੜਦੇ ਹਨ। ਪਹਿਲਾਂ ਰਾਸ਼ਟਰੀ ਪੱਧਰ ’ਤੇ ਨੰਬਰ ਇੱਕ ਰਾਜ ਦਾ ਦਰਜਾ ਹਾਸਲ ਕਰਨ ਵਾਲਾ ਪੰਜਾਬ ਪਿਛਲੇ ਦੋ ਦਹਾਕਿਆਂ ਵਿੱਚ ਬੁਨਿਆਦੀ ਤੌਰ ’ਤੇ ਡਿੱਗ ਗਿਆ ਹੈ। ਵਧੇਰੇ ਚਿੰਤਾਜਨਕ ਤੱਥ ਇਹ ਹੈ ਕਿ ਇਹ ਪਿਛਲੇ ਦਸ ਸਾਲਾਂ ਤੋਂ ਰਾਸ਼ਟਰੀ ਪੱਧਰ ’ਤੇ ਲਗਾਤਾਰ ਅਠਾਰਵੇਂ ਸਥਾਨ ’ਤੇ ਬਣਿਆ ਹੋਇਆ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਖਾੜਕੂਵਾਦ ਦੇ ਦੌਰ ਦੌਰਾਨ ਵੀ ਰਾਜ ਦੀ ਖੇਤੀ ਆਰਥਿਕਤਾ ਆਪਣੇ ਪੈਰਾਂ ’ਤੇ ਖੜ੍ਹੀ ਰਹੀ ਸੀ।

ਇਤਿਹਾਸਕ ਤੌਰ ’ਤੇ ਰਾਜ ਦੇ ਲੋਕ ਖ਼ੁਸ਼ਹਾਲ, ਪ੍ਰਗਤੀਸ਼ੀਲ ਅਤੇ ਬਹੁਤ ਮਿਹਨਤੀ ਰਹੇ ਹਨ। ਨੌਜਵਾਨਾਂ ਨੇ ਹਥਿਆਰਬੰਦ ਸੈਨਾਵਾਂ, ਪ੍ਰਸ਼ਾਸਕੀ ਸੇਵਾਵਾਂ, ਉਦਯੋਗ ਅਤੇ ਨਵੀਨਤਾਕਾਰੀ ਖੇਤੀ ਕੀਤੀ ਅਤੇ ਫ਼ਿਰ ਵੀ ਪੰਜਾਬ ਦੇ ਅਗਾਂਹਵਧੂ ਲੋਕ ਹੁਣ ਮਨਫ਼ੀ ਹੁੰਦੇ ਨਜ਼ਰ ਆ ਰਹੇ ਹਨ ਅਤੇ ਬਚਣ ਲਈ ਰਾਹ ਲੱਭ ਰਹੇ ਹਨ। ਸੰਨ 1947 ਦੀ ਵੰਡ ਤੋਂ ਬਾਅਦ ਭਾਰਤ-ਪਾਕਿ ਜੰਗਾਂ ਵਿੱਚ ਅਤੇ ਇੱਕ ਦਹਾਕੇ ਤੋਂ ਵੱਧ ਪੰਜਾਬ ਸੰਤਾਪ ਦੇ ਦੌਰ ਦੌਰਾਨ ਪੰਜਾਬ ਦੀ ਉਦਯੋਗਿਕ ਸ਼ਕਤੀ ਅਤੇ ਇਸ ਦੇ ਵਪਾਰ ਤੇ ਕਾਰੋਬਾਰ ਦੇ ਮੌਕਿਆਂ ਨੂੰ ਬਹੁਤ ਢਾਹ ਲੱਗੀ ਹੈ।

ਰਾਜ ਦਾ ਮਾਲੀਆ ਘਟਦਾ ਗਿਆ ਅਤੇ ਦੇਸ਼ ਦੇ ਇਸ ਰੱਖਿਅਕ ਨੇ ਕਰਜ਼ੇ ਦੇ ਭਾਰੀ ਬੋਝ ਨੂੰ ਵਧਾਉਣਾ ਜਾਰੀ ਰੱਖਿਆ। ਮਾਲੀਏ ਨੂੰ ਜ਼ਿਆਦਾ ਵਧਾਉਣ ਵਿੱਚ ਅਸਮਰੱਥ ਪੰਜਾਬ ਦਾ ਕਰਜ਼ਾ ਹੁਣ 3,50,000 ਕਰੋੜ ਰੁਪਏ ਤੋਂ ਵਧ ਗਿਆ ਹੈ ਅਤੇ ਸਾਲ-ਦਰ-ਸਾਲ ਆਧਾਰ ’ਤੇ ਉਧਾਰ ਲੈ ਕੇ ਇਸ ਵਿਚ 10% ਜੋੜਦਾ ਜਾ ਰਿਹਾ ਹੈ। ਇਹ ਤਾਂ ਸਿਰਫ਼ ਸਾਲਾਨਾ ਵਿਆਜ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਲਈ ਵੀ ਕਰਜ਼ੇ ’ਤੇ ਪੈਸਾ ਲੈਂਦਾ ਜਾ ਰਿਹਾ ਹੈ



ਪੰਜਾਬ ਸਿਰਫ਼ ਆਰਥਿਕ ਪੱਖੋਂ ਹੀ ਹੇਠਾਂ ਨਹੀਂ ਖਿਸਕ ਰਿਹਾ ਹੈ, ਸਿਆਸੀ ਪੱਖੋਂ ਵੀ ਭਰੋਸੇ ਦੀ ਭਾਰੀ ਘਾਟ ਨਾਲ ਜੂਝ ਰਿਹਾ ਹੈ। ਪੰਜਾਬ ਦੀਆਂ ਅੱਜ ਦੀਆਂ ਸਮੱਸਿਆਵਾਂ ਨੂੰ ਹੋਂਦ ਦਾ ਹਾਣੀ ਕਰਾਰ ਦੇਣਾ ਕੋਈ ਵਧੀਕੀ ਨਹੀਂ ਹੋਵੇਗੀ। ਬਹੁਤ ਲੰਬੇ ਸਮੇਂ ਤੋਂ ਲੋਕਾਂ ਨੇ ਆਪਣੇ ਨੇਤਾਵਾਂ ਨੂੰ ਰਾਸ਼ਟਰੀ ਰਾਜਧਾਨੀ ਵੱਲ ਵਧਦੇ ਦੇਖਿਆ ਹੈ, ਆਪਣੀਆਂ ਛਾਤੀਆਂ ਠੋਕਦੇ ਹੋਏ, ਮੰਨੀਆਂ ਹੋਈਆਂ ਜਿੱਤਾਂ ਨੂੰ ਸਿਹਰੇ ਪਾ ਮਨਾਉਂਦਿਆਂ ਵੇਖਿਆ ਹੈ। ਅਫ਼ਸੋਸ, ਵਾਅਦਾ ਖ਼ਿਲਾਫ਼ੀ, ਆਸਾਨੀ ਨਾਲ ਪੰਜਾਬ ਵਿਰੋਧੀ ਸ਼ਕਤੀਆਂ ਦੁਆਰਾ ਦਿੱਤੇ ਧੋਖੇ ਅਤੇ ਬੇਵਕੂਫ਼ ਬਣ ਕੇ ਵਾਪਸ ਪਰਤਣ ਕਾਰਨ ਇੱਕ ਹੋਰ ਨਿਘਾਰ ਵਾਲਾ ਸੂਬਾ ਹੋਂਦ ’ਚ ਆ ਚੁੱਕਾ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੀਆਂ ਕੇਂਦਰ ਵਿੱਚ ਬੇਲੋੜੀਆਂ ਸਿਫ਼ਾਰਸ਼ਾਂ ਨਜ਼ਰ ਆਉਂਦੀਆਂ ਹਨ।

ਜ਼ਿਆਦਾਤਰ ਸਿਆਸਤਦਾਨਾਂ ਦੇ ਨਿੱਜੀ ਲਾਲਚ ਹਨ। ਜਦਕਿ ਦੇਸ਼ ਦੇ ‘ਬਿਮਾਰੂ’ ਰਾਜਾਂ ਨੇ ਰਾਜਨੀਤੀ ਦੇ ਨੰਬਰਾਂ ਦੀ ਖੇਡ ਵਿੱਚ ਬਹੁਤ ਸਾਰੇ ਲਾਭ ਪ੍ਰਾਪਤ ਕੀਤੇ ਹਨ। ਪਰ ਅੱਜ ਪੰਜਾਬ ਇੱਕ ਲਾਚਾਰ, ਰਾਜਨੀਤਕ ਤੌਰ ’ਤੇ ਮਹੱਤਵਹੀਣ ਅਤੇ ਕਰਜ਼ੇ ਵਿੱਚ ਡੁੱਬਿਆ ਹੋਇਆ ਰਾਜ ਹੈ।


ਇਸ ਤਰ੍ਹਾਂ ਅੱਗੇ ਵਧਣ ਲਈ ਸਪਸ਼ਟ ਸੋਚ, ਭਵਿੱਖ ਦੀ ਦ੍ਰਿਸ਼ਟੀ ਅਤੇ ਹਕੀਕਤ ਨੂੰ ਗ੍ਰਹਿਣ ਕਰਨ ਦੀ ਸਮਝਦਾਰੀ ਦੀ ਲੋੜ ਹੈ।

ਅੱਜ ਪੰਜਾਬ ਦੀ ਵਿਡੰਬਨਾ ਦੇਖੋ ਕਿ ਜਿਵੇਂ ਅਸੀਂ ਅਸਲੀਅਤ ਨੂੰ ਪਛਾਣਨ ਤੋਂ ਅਸਮਰੱਥ ਹਾਂ। ਪੰਜਾਬ ਕਣਕ ਅਤੇ ਚਾਵਲ ਨੂੰ ਇੰਨੇ ਵੱਡੇ ਪੱਧਰ ’ਤੇ ਉਗਾਉਂਦਾ ਹੈ ਪਰ ਫ਼ਿਰ ਵੀ ਇਸ ਦੀ ਮਾਮੂਲੀ ਜਿਹੀ ਮਾਤਰਾ ਨੂੰ ਹੀ ਭੋਜਨ ਪਦਾਰਥਾਂ ਵਿੱਚ ਤਬਦੀਲ ਕਰਦਾ ਹੈ। ਇੱਕ ਹੋਰ ਉਦਾਹਰਨ ਦੇ ਤੌਰ ’ਤੇ ਪਵਿੱਤਰ ਹਰਿਮੰਦਿਰ ਸਾਹਿਬ ਦੇ ਸ਼ਹਿਰ ਅੰਮ੍ਰਿਤਸਰ ਵਿਖੇ ਬਹੁ-ਗਿਣਤੀ ਸ਼ਰਧਾਲੂ ਆਉਂਦੇ ਹਨ ਜਿਨ੍ਹਾਂ ਦੀ ਗਿਣਤੀ ਪ੍ਰਤੀ ਸਾਲ 40 ਮਿਲੀਅਨ ਦੇ ਲਗਪਗ ਹੈ ਪਰ ਇੱਥੇ ਸੈਰ-ਸਪਾਟੇ ਲਈ ਕੋਈ ਕਨਵੈਨਸ਼ਨ ਸੈਂਟਰ ਨਹੀਂ ਹੈ ਅਤੇ ਰਾਜ ਭਰ ਵਿੱਚ ਸਹਿਯੋਗੀ ਯਾਤਰਾਵਾਂ ਲਈ ਕੋਈ ਵੀ ਯੋਜਨਾ ਨਹੀਂ ਹੈ। ਪੰਜਾਬ ਦੀ ਸਰਹੱਦ ਭਾਰਤੀ ਉਪ-ਮਹਾਦੀਪ ਨੂੰ ਸਮੁੱਚੇ ਏਸ਼ੀਆ ਨਾਲ ਜੋੜਦੀ ਹੈ ਪਰ ਇੱਥੇ ਵਪਾਰ ਨਾਮਾਤਰ ਹੁੰਦਾ ਹੈ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਪਰ ਇਸ ਦਾ ਪਾਣੀ ਲਗਾਤਾਰ ਘਟਦਾ ਹੀ ਨਹੀਂ ਜਾ ਰਿਹਾ ਹੈ ਸਗੋਂ ਅਸ਼ੁੱਧ ਵੀ ਹੋ ਚੁੱਕਾ ਹੈ। ਇੱਥੋਂ ਦੇ ਲੋਕ ਉੱਦਮੀ ਹਨ, ਪਰ ਇਸ ਦੇ ਕਾਰੋਬਾਰੀਆਂ ਨੇ ਆਪਣੇ ਵੱਡੇ ਨਿਵੇਸ਼ ਹੋਰ ਰਾਜਾਂ ’ਚ ਕੀਤੇ ਹਨ।

ਇਹ ਦੇਸ਼ ਲਈ ਭੋਜਨ ਦੀ ਟੋਕਰੀ ਹੈ ਪਰ ਇਸ ਦੇ ਕਿਸਾਨ ਕੰਗਾਲ ਹਨ। ਛੋਟੀਆਂ ਜ਼ਮੀਨਾਂ, ਸੁੱਕੇ ਖ਼ੂਹ ਅਤੇ ਝੀਲਾਂ ਵਾਲੇ ਇਸ ਰਾਜ ਵਿੱਚ ਹਾਈਡਰੋਪੋਨਿਕਸ ਅਤੇ ਐਕਵਾਪੋਨਿਕਸ ਵਰਗੀਆਂ ਨਵੀਆਂ ਤਕਨੀਕਾਂ ਵੱਲ ਕੋਈ ਧਿਆਨ ਨਹੀਂ ਹੈ ਤੇ ਨਾ ਹੀ ਸਰਕਾਰੀ ਸਹਾਇਤਾ ਦਿੱਤੀ ਜਾ ਰਹੀ ਹੈ। ਪੰਜਾਬ ਇੱਕ ਵੱਡਾ ਦੁੱਧ ਉਤਪਾਦਕ ਰਾਜ ਹੈ ਅਤੇ ਪੰਜਾਬੀ ਇਟਲੀ ਵਿੱਚ ਸਭ ਤੋਂ ਵਧੀਆ ‘ਚੀਜ਼’ ਬਣਾਉਂਦੇ ਹਨ ਪਰ ‘ਚੀਜ਼ ਪ੍ਰੋਸੈਸਿੰਗ’ ਦੀ ਇਹ ਵਿਧੀ ਇੱਥੇ ਪੰਜਾਬ ਵਿੱਚ ਕਿਤੇ ਨਹੀਂ ਦਿਸਦੀ।

ਇਸ ਦੇ ਪਕਵਾਨ ਵਿਸ਼ਵ ਪੱਧਰ ’ਤੇ ਪਸੰਦ ਕੀਤੇ ਜਾਂਦੇ ਹਨ ਜਿਵੇਂ ਕਿ ਸਰ੍ਹੋਂ ਦਾ ਸਾਗ ਜਿਸ ਦੇ ਪਰਵਾਸੀ ਅਤੇ ਗੋਰੇ ਲੋਕ ਦੀਵਾਨੇ ਹਨ ਪਰ ਇਸ ਦੀ ਮੰਗ ਨੂੰ ਪੂਰਾ ਕਰਨ ਤੇ ਇਸ ਖੇਤਰ ਦੀ ਉਪਜ ਵਿੱਚ ਮੁੱਲ ਜੋੜਨ ਪ੍ਰਤੀ ਕੋਈ ਠੋਸ ਕੋਸ਼ਿਸ਼ ਨਹੀਂ ਕੀਤੀ ਜਾਂਦੀ ਹੈ। ਇਤਿਹਾਸ ਭਾਵੇਂ ਕਿੰਨਾ ਵੀ ਅਮੀਰ ਹੋਵੇ, ਵਰਤਮਾਨ ਤੇ ਭਵਿੱਖ ਨੂੰ ਸ਼ਿੰਗਾਰਨ ਦੀ ਲੋੜ ਹਮੇਸ਼ਾ ਰਹਿੰਦੀ ਹੈ। ਇਸ ਲਈ ਪੰਜਾਬੀ ਪੁਨਰ-ਜਾਗਰਣ ਦੀ ਲੋੜ ਹੈ। ਸੂਝਵਾਨ ਅਤੇ ਦੂਰਅੰਦੇਸ਼ੀ ਵਾਲੀ ਲੀਡਰਸ਼ਿਪ ਦੀ ਪੂਰੀ ਘਾਟ ਦੇ ਨਾਲ-ਨਾਲ ਸਵਾਲ ਇਹ ਹੈ ਕਿ ਗਿਰਾਵਟ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? ਕੌਣ ਇਸ ਹਾਰੇ ਹੋਏ ਘੋੜੇ ਨੂੰ ਸੰਭਾਲੇਗਾ ਅਤੇ ਅਗਾਂਹਵਧੂ ਸੋਚ ਦਾ ਧਾਰਨੀ ਬਣੇਗਾ?

# ਸਮਝਦਾਰ ਹਿੰਦੂਆਂ ਦੀ ਗਿਣਤੀ ਵਧੇਗੀ ਤਾਂ ਹਿੰਦੂਤਵਵਾਦੀ ਸਿਆਸਤ ਕਿਵੇਂ ਫ਼ੈਲੇਗੀ?



ਅਪੂਰਵਾਨੰਦ



ਭਾਰਤ ਵਿੱਚ ਦੂਜਿਆਂ ਪ੍ਰਤੀ ਹਮਦਰਦੀ ਅਤੇ ਸਦਭਾਵਨਾ ਅਪਰਾਧ ਬਣ ਗਿਆ ਹੈ। ਛੱਤੀਸਗੜ੍ਹ ਦੇ ਬਿਲਾਸਪੁਰ ਸਥਿਤ ਗੁਰੂ ਘਾਸੀਦਾਸ ਵਿਸ਼ਵਵਿਦਿਆਲਿਆ ਵਿੱਚ ਰਾਸ਼ਟਰੀ ਸੇਵਾ ਯੋਜਨਾ ਨਾਲ ਜੁੜੇ 4 ਅਧਿਆਪਕਾਂ ਵਿਰੁੱਧ ਮੁਕੱਦਮੇ ਅਤੇ ਉਨ੍ਹਾਂ ਵਿੱਚੋਂ ਇੱਕ ਦੀ ਗ੍ਰਿਫਤਾਰੀ ਤੋਂ ਸਪਸ਼ਟ ਹੈ ਕਿ ਭਾਰਤ ਵਿੱਚ ਇੱਕ ਸੰਗਠਨ ਹੈ ਜੋ ਇਸ ਗੱਲ ਲਈ ਅੜਿਆ ਹੋਇਆ ਹੈ ਕਿ ਕਿਸੇ ਵੀ ਤਰ੍ਹਾਂ ਹਿੰਦੂਆਂ ਨੂੰ ਮੁਸਲਮਾਨਾਂ ਦੇ ਨੇੜੇ ਨਾ ਆਉਣ ਦਿੱਤਾ ਜਾਵੇ ਅਤੇ ਉਨ੍ਹਾਂ ਬਾਰੇ ਕੁਝ ਵੀ ਜਾਣਨ ਨਾ ਦਿੱਤਾ ਜਾਵੇ।ਜਦੋਂ ਖਬਰ ਪੜ੍ਹੀ ਕਿ ਘਾਸੀਦਾਸ ਵਿਸ਼ਵਵਿਦਿਆਲਿਆ ਦੇ ਰਾਸ਼ਟਰੀ ਸੇਵਾ ਯੋਜਨਾ ਦੇ ਇੱਕ ਕੈਂਪ ਵਿੱਚ ਕੁਝ ਅਧਿਆਪਕਾਂ ਨੇ ਭਾਗ ਲੈਣ ਵਾਲਿਆਂ ਨੂੰ ਜਬਰਦਸਤੀ ਨਮਾਜ਼ ਪੜ੍ਹਵਾਈ, ਤਾਂ ਤੁਰੰਤ ਸਮਝ ਆ ਗਿਆ ਕਿ ਇਹ ਸਿਰੇ ਤੋਂ ਝੂਠ ਹੈ। ਬਿਹਤਰ ਹੁੰਦਾ ਜੇ ਅਖਬਾਰ ਲਿਖਦੇ ਕਿ ਨਮਾਜ਼ ਪੜ੍ਹਵਾਉਣ ਦੇ ਇਲਜ਼ਾਮ ਵਿੱਚ 5 ਹਿੰਦੂ ਅਧਿਆਪਕਾਂ ’ਤੇ ਐਫ ਆਈ ਆਰ ਦਰਜ ਕੀਤੀ ਗਈ ਹੈ। ਹਿੰਦੂ ਅਧਿਆਪਕਾਂ ’ਤੇ ਇਲਜ਼ਾਮ ਹੈ ਕਿ ਉਨ੍ਹਾਂ ਨੇ ਇੱਕ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ, ਰਾਸ਼ਟਰੀ ਏਕਤਾ ਨੂੰ ਤੋੜਨ ਦਾ ਕੰਮ ਕੀਤਾ। ਇੱਥੋਂ ਤੱਕ ਕਿ ਉਨ੍ਹਾਂ ’ਤੇ ਗੈਰ-ਕਾਨੂੰਨੀ ਤਰੀਕੇ ਨਾਲ ਲੋਕਾਂ ਨੂੰ ਇਕੱਠੇ ਕਰਨ ਦਾ ਵੀ ਇਲਜ਼ਾਮ ਹੈ।ਇਹ ਕੈਂਪ ਰਾਸ਼ਟਰੀ ਸੇਵਾ ਯੋਜਨਾ ਦਾ ਸੀ। ਯੋਗ ਕਰਨ ਲਈ ਲੋਕ ਇਕੱਠੇ ਹੋਏ ਸਨ। ਮੌਕਾ ਈਦ ਦਾ ਵੀ ਸੀ। ਹਿਸਾ ਲੈਣ ਵਾਲਿਆਂ ਵਿੱਚ ਕੁੱਲ 3 ਮੁਸਲਮਾਨ ਸਨ। ਕਿਸੇ ਨੇ ਪੁੱਛਿਆ ਕਿ ਨਮਾਜ਼ ਕਿਵੇਂ ਪੜ੍ਹਦੇ ਹਨ। ਕੈਂਪ ਵਿੱਚ ਮੌਜੂਦ ਮੁਸਲਮਾਨਾ ਨੇ ਕਿਹਾ ਕਿ ਨਮਾਜ਼ ਦੇ ਆਸਣ ਲਗਭਗ ਯੋਗ ਦੇ ਆਸਣਾਂ ਵਰਗੇ ਹੀ ਹੁੰਦੇ ਹਨ। ਸੈਸ਼ਨ ਦਾ ਸੰਚਾਲਨ ਕਰਨ ਵਾਲੇ ਨੇ ਕਿਹਾ ਹੋਵੇਗਾ ਕਿ ਕੀ ਤੁਸੀਂ ਦਿਖਾ ਸਕਦੇ ਹੋ ਕਿ ਨਮਾਜ਼ ਕਿਵੇਂ ਪੜ੍ਹੀ ਜਾਂਦੀ ਹੈ।

ਹੋ ਸਕਦਾ ਹੈ ਕਿ ਕੁਝ ਭਾਗੀਦਾਰਾਂ ਨੇ ਨਮਾਜ਼ ਦੇ ਆਸਣਾਂ ਦੀ ਨਕਲ ਕੀਤੀ ਹੋਵੇ। ਤੁਸੀਂ ਸਮਝ ਸਕਦੇ ਹੋ ਕਿ 150 ਹਿੰਦੂ ਵਿਦਿਆਰਥੀਆਂ ਨੂੰ ਕੋਈ ਨਮਾਜ਼ ਪੜ੍ਹਨ ਲਈ ਮਜਬੂਰ ਨਹੀਂ ਕਰ ਸਕਦਾ। ਕੋਈ ਮੁਸਲਮਾਨ ਅਧਿਆਪਕ ਆਪਣੇ ਹਿੰਦੂ ਵਿਦਿਆਰਥੀਆਂ ਨੂੰ ਅਜਿਹਾ ਕਰਨ ਲਈ ਕਹੇ, ਇਹ ਵੀ ਨਾ ਮੰਨਣਯੋਗ ਹੈ। ਜੇ ਉਹ ਮੁਸਲਮਾਨ ਹੁੰਦੇ ਤਾਂ ਇਲਜ਼ਾਮ ਦਾ ਇੱਕ ਆਧਾਰ ਵੀ ਬਣਦਾ। ਪਰ ਹਿੰਦੂ ਅਧਿਆਪਕ ਹਿੰਦੂ ਵਿਦਿਆਰਥੀਆਂ ਨੂੰ ਨਮਾਜ਼ ਪੜ੍ਹਨ ਲਈ ਕਹਿਣਗੇ, ਉਹ ਵੀ ਸਾਰੇ ਮਿਲ ਕੇ, ਇਸ ਤੋਂ ਵਧੇਰੇ ਬੇਤੁਕੀ ਗੱਲ ਸ਼ਾਇਦ ਹੀ ਹੋਵੇ।

ਕੈਂਪ ਖਤਮ ਹੋਣ ਤੋਂ ਇੱਕ ਪੰਦਰਵਾੜੇ ਬਾਅਦ ਇਨ੍ਹਾਂ ਵਿੱਚੋਂ 3 ਵਿਦਿਆਰਥੀਆਂ ਨੇ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾਈ ਕਿ ਉਨ੍ਹਾਂ ਦੇ ਅਧਿਆਪਕਾਂ ਨੇ ਉਨ੍ਹਾਂ ਤੋਂ ਜਬਰਦਸਤੀ ਨਮਾਜ਼ ਪੜ੍ਹਵਾਈ। ਪੁਲਿਸ ਨੇ ਤੁਰੰਤ ਇਸ ਸ਼ਿਕਾਇਤ ਨੂੰ ਐਫ ਆਈ ਆਰ ਵਿੱਚ ਬਦਲ ਦਿੱਤਾ। ਦੱਸਿਆ ਜਾਂਦਾ ਹੈ ਕਿ ਇਸ ਸ਼ਿਕਾਇਤ ਪਿੱਛੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦਾ ਹੱਥ ਸੀ। ਜੋ ਵੀ ਹੋਵੇ, ਪੁਲਿਸ ਨੇ ਨਾ ਸਿਰਫ ਅਧਿਆਪਕਾਂ ’ਤੇ ਧਾਰਮਿਕ ਨਫਰਤ ਫੈਲਾਉਣ, ਇੱਕ ਧਾਰਮਿਕ ਸਮੂਹ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਰਗੇ ਇਲਜ਼ਾਮ ਲਗਾਏ, ਸਗੋਂ ਰਾਸ਼ਟਰੀ ਸੇਵਾ ਯੋਜਨਾ ਦੇ ਇੰਚਾਰਜ ਅਧਿਆਪਕ ਨੂੰ ਗ੍ਰਿਫਤਾਰ ਵੀ ਕਰ ਲਿਆ।

ਮਜੇ ਦੀ ਗੱਲ ਇਹ ਹੈ ਕਿ ਉਹ ‘ਘਟਨਾ ਸਥਾਨ’ ’ਤੇ ਖੁਦ ਮੌਜੂਦ ਵੀ ਨਹੀਂ ਸਨ। ਇਹ ਤਾਂ ਅਦਾਲਤ ਦਾ ਭਲਾ ਹੋਇਆ ਕਿ ਉਸ ਨੇ ਉਨ੍ਹਾਂ ਨੂੰ ਜਮਾਨਤ ਦੇ ਦਿੱਤੀ। ਪਰ ਵਿਸ਼ਵਵਿਦਿਆਲਿਆ ਨੇ ਜਲਦਬਾਜੀ ਵਿੱਚ ਨਾ ਸਿਰਫ ਉਨ੍ਹਾਂ ਤੋਂ ਰਾਸ਼ਟਰੀ ਸੇਵਾ ਯੋਜਨਾ ਦੀਆਂ ਜਿੰਮੇਵਾਰੀਆਂ ਖੋਹ ਲਈਆਂ, ਸਗੋਂ ਉਨ੍ਹਾਂ ਨੂੰ ਮੁਅੱਤਲ ਵੀ ਕਰ ਦਿੱਤਾ। ਵਿਸ਼ਵਵਿਦਿਆਲਿਆ ਨੇ ਅਜਿਹਾ ਕਿਉਂ ਕੀਤਾ?

ਹਿੰਦੂਤਵਵਾਦੀ ਸੰਗਠਨਾਂ ਨੇ ਇਨ੍ਹਾਂ ਅਧਿਆਪਕਾਂ ਵਿਰੁੱਧ ਵਿਰੋਧ ਪ੍ਰਦਰਸ਼ਨ ਵੀ ਕੀਤੇ। ਵਿਸ਼ਵਵਿਦਿਆਲਿਆ ਦੇ ਅੰਦਰੋਂ ਅਧਿਆਪਕਾਂ ਲਈ ਕੋਈ ਆਵਾਜ਼ ਨਾ ਉੱਠੀ। ਸ਼ਹਿਰ ਦੇ ਭਾਈਚਾਰਾ ਮੰਚ ਨੇ ਜ਼ਰੂਰ ਉਨ੍ਹਾਂ ਲਈ ਪ੍ਰਦਰਸ਼ਨ ਕੀਤਾ। ਵਧੇਰੇ ਚਿੰਤਾ ਦੀ ਗੱਲ ਹੈ ਕਿ ਸ਼ਿਵਿਰ ਦੇ ਬਾਕੀ ਭਾਗੀਦਾਰਾਂ ਵਿੱਚੋਂ ਕਿਸੇ ਨੇ ਜਰੂਰੀ ਨਾ ਸਮਝਿਆ ਕਿ ਇਨ੍ਹਾਂ ਅਧਿਆਪਕਾਂ ਵਿਰੁੱਧ ਇਨ੍ਹਾਂ ਮਨਘੜਤ ਇਲਜ਼ਾਮਾਂ ਦਾ ਵਿਰੋਧ ਕਰਨ।ਇਹ ਅਧਿਆਪਕ ਹੁਣ ਆਪਣੀ ਸੁਰੱਖਿਆ ਖੁਦ ਕਰਨ ਲਈ ਮਜਬੂਰ ਹਨ। ਜਿਨ੍ਹਾਂ ਵਿਦਿਆਰਥੀਆਂ ਲਈ ਉਨ੍ਹਾਂ ਨੇ ਇੰਨਾ ਸਮਾਂ ਕੱਢਿਆ ਅਤੇ ਜਿਨ੍ਹਾਂ ਲਈ ਇੰਨੀ ਮਿਹਨਤ ਕੀਤੀ, ਉਨ੍ਹਾਂ ਨੇ ਇੰਨੀ ਵੀ ਹਿੰਮਤ ਨਾ ਚੁੱਕੀ ਕਿ ਸਾਹਮਣੇ ਆ ਕੇ ਸੱਚ ਦੱਸਣ। ਸ਼ਾਇਦ ਉਹ ਡਰ ਗਏ ਹੋਣਗੇ। ਕੌਣ ਏ.ਬੀ.ਪੀ.ਵੀ. ਦੇ ਸਾਹਮਣੇ ਖੜ੍ਹਾ ਹੋਵੇ! ਪੁਲਿਸ ਨੇ ਬਿਨਾਂ ਸੋਚੇ-ਸਮਝੇ ਰਿਪੋਰਟ ਕਿਉਂ ਦਰਜ ਕੀਤੀ? ਵਿਸ਼ਵਵਿਦਿਆਲਿਆ ਨੇ ਆਪਣੇ ਅਧਿਆਪਕਾਂ ਨੂੰ ਤੁਰੰਤ ਕਿਉਂ ਸਜ਼ਾ ਦਿੱਤੀ? ਬਾਕੀ ਅਧਿਆਪਕ ਭਾਈਚਾਰਾ ਅਤੇ ਵਿਦਿਆਰਥੀ ਸਮਾਜ ਖਾਮੋਸ਼ ਕਿਉਂ ਰਿਹਾ? ਇਹ ਅਧਿਆਪਕ ਇਕੱਲੇ ਕਿਉਂ ਛੱਡ ਦਿੱਤੇ ਗਏ? ਇਸ ਘਟਨਾ ਤੋਂ ਕਈ ਗੱਲਾਂ ਸਾਹਮਣੇ ਆਉਂਦੀਆਂ ਹਨ। ਇੱਕ ਤਾਂ ਇਹ ਕਿ ਬੁੱਧੀਜੀਵੀ ਕਹੇ ਜਾਣ ਵਾਲੇ ਸਾਡੇ ਸਮਾਜ ਵਿੱਚ ਕਿੰਨੇ ਡਰਪੋਕ ਹਨ। ਦੂਜਾ, ਸਾਡੇ ਨੌਜਵਾਨ ਝੂਠ ਦੇ ਸਾਹਮਣੇ ਇੰਨੀ ਅਸਾਨੀ ਨਾਲ ਗੋਡੇ ਟੇਕ ਦਿੰਦੇ ਹਨ ਜਾਂ ਹਿੰਦੂਤਵਵਾਦੀਆਂ ਦਾ ਡਰ ਇੰਨਾ ਜਿਆਦਾ ਹੈ ਕਿ ਕੋਈ ਮੂੰਹ ਨਹੀਂ ਖੋਲਣਾ ਚਾਹੁੰਦਾ। ਪਰ ਸ਼ਹਿਰ ਦੇ ਇੱਕ ਸੰਗਠਨ ਨੇ ਤਾਂ ਅਵਾਜ ਉਠਾਈ। ਇਸ ਦਾ ਮਤਲਬ ਹੈ ਕਿ ਇਹ ਇੰਨਾ ਵੀ ਮੁਸ਼ਕਲ ਨਹੀਂ।ਇਨ੍ਹਾਂ ਸਭ ਤੋਂ ਇਲਾਵਾ ਮਹੱਤਵਪੂਰਨ ਗੱਲ ਇਹ ਹੈ ਕਿ ਹੁਣ ਸਾਡੇ ਸਮਾਜ ਅਤੇ ਰਾਜਤੰਤਰ ’ਤੇ ਇੱਕ ਅਜਿਹੀ ਸੰਗਠਿਤ ਤਾਕਤ ਇੰਨੀ ਹਾਵੀ ਹੈ ਕਿ ਉਹ ਪੁਲਿਸ ਦੀ ਮਦਦ ਨਾਲ ਅਪਰਾਧ ਦੀ ਖੋਜ ਕਰਵਾ ਸਕਦੀ ਹੈ। ਇਹ ਹਿੰਦੂਤਵਵਾਦੀ ਤਾਕਤ ਹੈ। ਇਹੀ ਅਸੀਂ ਅਲੀ ਖਾਨ ਮਹਮੂਦਾਬਾਦ ਦੇ ਮਾਮਲੇ ਵਿੱਚ ਵੇਖਿਆ। ਜੋ ਅਪਰਾਧ ਉਨ੍ਹਾਂ ਨੇ ਕੀਤਾ ਹੀ ਨਹੀਂ, ਉਸ ਦੀ ਖੋਜ ਕੀਤੀ ਗਈ ਅਤੇ ਉਸ ਦੇ ਇਲਜ਼ਾਮ ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ।ਰਾਸ਼ਟਰੀ ਸੇਵਾ ਯੋਜਨਾ ਦੇ ਇਸ ਕੈਂਪ ਦੇ ਮਾਮਲੇ ਵਿੱਚ ਵੀ ਅਸੀਂ ਸਮਝ ਸਕਦੇ ਹਾਂ ਕਿ ਧਾਰਮਿਕ ਨਫਰਤ ਫੈਲਾਉਣ ਵਰਗਾ ਕੋਈ ਅਪਰਾਧ ਹੋਇਆ ਹੀ ਨਹੀਂ ਸੀ, ਪਰ ਉਸ ਦੀ ਖੋਜ ਕਰ ਲਈ ਗਈ ।ਅਪਰਾਧ ਅਤੇ ਗਵਾਹ ਪੈਦਾ ਕਰਨ ਦੀ ਇੱਕ ਮੁਹਿੰਮ ਸੀ ਇਸ ਦੇਸ਼ ਵਿੱਚ ਪਿਛਲੇ 11 ਸਾਲਾਂ ਤੋਂ ਚੱਲ ਰਹੀ ਹੈ। ਜਿਵੇਂ ਅਸੀਂ ਕਿਹਾ, ਹਿੰਦੂਤਵਵਾਦੀ ਸੰਗਠਨ ਅਤੇ ਪੁਲਿਸ ਮਿਲ ਕੇ ਇਹ ਕੰਮ ਕਰਦੇ ਹਨ। ਅਕਸਰ ਇਸ ਦਾ ਸ਼ਿਕਾਰ ਮੁਸਲਮਾਨ ਹੁੰਦੇ ਹਨ। ਜਿਵੇਂ, ਇੰਦੌਰ ਦੇ ਇੱਕ ‘ਲਾਅ-ਕਾਲਜ’ ਦੀ ਲਾਇਬ੍ਰੇਰੀ ਵਿੱਚ ਇੱਕ ਕਿਤਾਬ ਦੀ ਮੌਜੂਦਗੀ ’ਤੇ ਹਿੰਦੂਤਵਵਾਦੀਆਂ ਨੂੰ ਇਤਰਾਜ ਹੋਇਆ ਅਤੇ ਉਸ ਲਈ ਉਸ ਕਾਲਜ ਦੇ ਪ੍ਰਿੰਸੀਪਲ ਅਤੇ ਦੋ ਅਧਿਆਪਕਾਂ ’ਤੇ ਮੁਕੱਦਮਾ ਦਰਜ ਕਰ ਦਿੱਤਾ ਗਿਆ। ਉਨ੍ਹਾਂ ਵਿੱਚੋਂ ਇੱਕ ਦੀ ਗ੍ਰਿਫਤਾਰੀ ਵੀ ਹੋਈ ਅਤੇ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਅਜਿਹੇ ਕਈ ਮਾਮਲੇ ਹਨ ਜਿਨ੍ਹਾਂ ਵਿੱਚ ਮੁਸਲਮਾਨ ਅਧਿਆਪਕਾਂ ’ਤੇ, ਭਾਵੇਂ ਉਹ ਸਕੂਲ ਦੇ ਹੋਣ ਜਾਂ ਕਾਲਜ ਦੇ, ਝੂਠੇ ਇਲਜ਼ਾਮ ਲਗਾਏ ਜਾਂਦੇ ਹਨ, ਉਨ੍ਹਾਂ ਵਿਰੁੱਧ ਪ੍ਰਦਰਸ਼ਨ ਕੀਤਾ ਜਾਂਦਾ ਹੈ ਅਤੇ ਫਿਰ ਪੁਲਿਸ ਉਨ੍ਹਾਂ ਵਿਰੁੱਧ ਰਿਪੋਰਟ ਦਰਜ ਕਰਦੀ ਹੈ। ਕਈ ਮਾਮਲਿਆਂ ਵਿੱਚ ਉਨ੍ਹਾਂ ਦੀ ਨੌਕਰੀ ਚਲੀ ਜਾਂਦੀ ਹੈ।ਇਸ ਦੇ ਨਾਲ ਹੀ ਦੂਜੀ ਗੱਲ ਹੈ ਕਿ ਅਜਿਹੀ ਕਿਸੇ ਵੀ ਗਤੀਵਿਧੀ ਦਾ ਵਿਰੋਧ ਕਰਨਾ ਜਿਸ ਵਿੱਚ ਹਿੰਦੂਆਂ ਨੂੰ ਮੁਸਲਮਾਨਾਂ ਦੇ ਨੇੜੇ ਆਉਣ ਦਾ ਮੌਕਾ ਮਿਲੇ। ਜਾਂ ਉਹ ਉਨ੍ਹਾਂ ਦੀ ਜੀਵਨ ਸ਼ੈਲੀ, ਉਨ੍ਹਾਂ ਦੇ ਧਰਮ, ਰੀਤੀ-ਰਿਵਾਜਾਂ ਬਾਰੇ ਕੁਝ ਜਾਣ ਸਕਣ।

ਬੜੌਦਾ ਦੇ ਇੱਕ ਸਕੂਲ ਨੇ ਆਪਣੇ ਵਿਦਿਆਰਥੀਆਂ ਨੂੰ ਮਸਜਿਦ ਦਿਖਾਉਣ ਦਾ ਪ੍ਰੋਗਰਾਮ ਬਣਾਇਆ। ਤੁਰੰਤ ਹਿੰਦੂਤਵਵਾਦੀ ਸਰਗਰਮ ਹੋ ਗਏ ਅਤੇ ਉਨ੍ਹਾਂ ਨੇ ਸਕੂਲ ’ਤੇ ਹਿੰਦੂ ਬੱਚਿਆਂ ਦੇ ਇਸਲਾਮੀਕਰਨ ਦਾ ਇਲਜ਼ਾਮ ਲਗਾਇਆ। ਸਕੂਲ ਨੇ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ, ਹਾਲਾਂਕਿ ਕਈ ਬੱਚੇ ਅਤੇ ਮਾਪੇ ਇਹ ਚਾਹੁੰਦੇ ਸਨ। ਉਨ੍ਹਾਂ ਨਾਲ ਕੁਝ ਅਧਿਆਪਕ ਵੀ ਸ਼ਾਮਲ ਹੋ ਗਏ। ਮੈਨੂੰ ਪੁਣੇ ਦੀ ਇੱਕ ਮਿੱਤਰ ਨੇ ਦੱਸਿਆ ਕਿ ਈਦ ਦੇ ਮੌਕੇ ’ਤੇ ਸ਼ੀਰ ਖੁਰਮਾ ਖਵਾਉਣ ਦੇ ਪ੍ਰੋਗਰਾਮ ’ਤੇ ਇਤਰਾਜ ਕੀਤਾ ਗਿਆ।

(ਬਾਕੀ ਸਫ਼ਾ 31 ’ਤੇ)



# ਬਾਪੂ ਕੋਲੋਂ ਮਿਲੀ ਸਰਦਾਰੀ ਮਿੱਤਰੋ...

## ਬੱਚਿਆਂ ਦਾ ਪਹਿਲਾ ਸਕੂਲ ਘਰ ਤੇ ਪਹਿਲਾ ਅਧਿਆਪਕ ਹੁੰਦੈ ਪਿਤਾ

## ਪਰਿਵਾਰ ਰੂਪੀ ਬਾਗ ਨੂੰ ਮਾਲੀ ਬਣਕੇ ਆਪਣੇ ਖ਼ੂਨ ਪਸੀਨੇ ਨਾਲ ਸਾਰੀ ਉਮਰ ਸਿੰਜਦਾ ਹੈ ਪਿਤਾ




ਪਿਤਾ ਸਿਰਫ਼ ਸਰੀਰ ਦਾ ਨਾਂਅ ਨਹੀਂ ਸਗੋਂ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਦੇ ਵਿਹੜੇ ਦਾ ਵਿਸ਼ਾਲ ਰੁੱਖ ਹੁੰਦਾ ਹੈ, ਜਿਸ ਦੇ ਬੱਚੇ ਹੀ ਉਸ ਦੀਆਂ ਸ਼ਾਖਾਵਾਂ ਹੁੰਦੇ ਹਨ। ਅਸਲ ਵਿੱਚ ਪਿਤਾ ਹਰ ਸਮੇਂ ਸੰਘਣੀ ਛਾਂ ਦੇਣ ਵਾਲੇ ਬਾਬੇ ਬੋਹੜ ਵਰਗੇ ਵਿਸ਼ਾਲ ਰੁੱਖ ਦੀਆਂ ਜੜਾਂ ਹੁੰਦਾ ਹੈ ਅਤੇ ਤਨਾ ਮਾਂ ਹੁੰਦੀ ਹੈ। ਇਹਨਾਂ ਦੇ ਫਲ ਅਤੇ ਪੱਤੇ ਅਤੇ ਸ਼ਾਖਾਵਾਂ ਇਹਨਾਂ ਦੇ ਬੱਚੇ ਹੁੰਦੇ ਹਨ। ਮਾਂ ਅਤੇ ਪਿਤਾ ਦੇ ਜੋੜ ਨੂੰ ਮਾਪੇ ਕਿਹਾ ਜਾਂਦਾ ਹੈ। ਇਹ ਪਿਤਾ ਦੀ ਕਠੋਰਤਾ ਵਿੱਚ ਵਸੀ ਹੋਈ ਮਮਤਾ ਦਾ ਸਾਗਰ ਹੀ ਹੁੰਦਾ ਹੈ, ਜੋ ਕਿ ਆਪਣੇ ਬੱਚਿਆਂ ਨੂੰ ਬੋਹੜ ਦੀ ਸੰਘਣੀ ਛਾਂ ਨਾਲੋਂ ਵੀ ਸੰਘਣੀ ਛਾਂ ਅਤੇ ਓਟ ਆਸਰਾ ਸਾਰੀ ਜਿੰਦਗੀ ਦਿੰਦਾ ਰਹਿੰਦਾ ਹੈ।

ਇਹ ਠੀਕ ਹੈ ਕਿ ਮਾਂ ਆਪਣੇ ਸਰੀਰ ਅੰਦਰ 9 ਮਹੀਨੇ ਬੱਚੇ ਨੂੰ ਪਾਲਦੀ ਹੈ, ਪਰ ਮਾਂ ਦੇ ਗਰਭਕਾਲ ਵਾਲੇ ਇਹਨਾਂ ਦਿਨਾਂ ਦੌਰਾਨ ਪਿਤਾ ਆਪਣੇ ਦਿਮਾਗ ਵਿੱਚ ਆਉਣ ਵਾਲੇ ਬੱਚੇ ਦੇ ਭਵਿੱਖ ਨੂੰ ਪਾਲਦਾ ਹੈ ਅਤੇ ਫਿਰ ਸਾਰੀ ਉਮਰ ਪਿਤਾ ਆਪਣੇ ਦਿਮਾਗ ਵਿੱਚ ਹੀ ਬੱਚਿਆਂ ਦਾ ਭਵਿੱਖ ਪਾਲਦਾ ਹੈ, ਪਿਤਾ ਬਣਨ ਤੋਂ ਬਾਅਦ ਹਰ ਪਿਤਾ ਨੂੰ ਸੁਪਨੇ ਵੀ ਫਿਰ ਬੱਚਿਆਂ ਦੇ ਚੰਗੇਰੇ ਭਵਿੱਖ ਦੇ ਹੀ ਆਉਂਦੇ ਹਨ। ਪਿਤਾ ਉਹ ਰੱਬੀ ਰਹਿਬਰ ਹੁੰਦਾ ਹੈ, ਜੋ ਕਿ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਆਪਣਾ ਚੰਗਾ ਵਰਤਮਾਨ ਦਾਅ 'ਤੇ ਲਾ ਦਿੰਦਾ ਹੈ। ਬੱਚੇ ਦੇ ਮਾਂ ਦੇ ਗਰਭ ਵਿੱਚ ਹੋਣ ਸਮੇਂ ਹੀ ਪਿਤਾ ਵਲੋਂ ਬੱਚੇ ਦੇ ਪਾਲਣ ਪੋਸ਼ਣ, ਸਿਖਿਆ, ਨੌਕਰੀ, ਵਿਆਹ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਅੱਜ ਕੱਲ੍ਹ ਜਿਸ ਤਰੀਕੇ ਨਾਲ ਪੰਜਾਬ ਦੇ ਵੱਡੀ ਗਿਣਤੀ ਬੱਚੇ ਪੜ੍ਹਾਈ ਲਈ ਵਿਦੇਸ਼ ਜਾ ਰਹੇ ਹਨ, ਉਸ ਕਾਰਨ ਅੱਜ ਕੱਲ ਵੱਡੀ ਗਿਣਤੀ ਪੰਜਾਬੀ ਪਿਤਾ ਆਪਣੇ ਬੱਚੇ ਦੇ ਇਸ ਦੂਨੀਆ ਵਿੱਚ ਆਉਣ ਤੋਂ ਪਹਿਲਾਂ ਹੀ ਦੂਨੀਆ ਦਾ ਨਕਸ਼ਾ ਖੋਲ ਕੇ ਵੱਖ -ਵੱਖ ਦੇਸ਼ਾਂ ਦਾ ਸਿਰਨਾਵਾਂ ਵੇਖਦੇ ਹੋਏ ਯੋਜਨਾਵਾਂ ਬਣਾਉਣ ਲੱਗਦੇ ਹਨ ਕਿ ਕਿਹੜੇ ਮੁਲਕ ਵਿੱਚ ਜਾ ਕੇ ਉਹਨਾਂ ਦਾ ਬੱਚਾ ਚੰਗੀ ਪੜ੍ਹਾਈ ਕਰ ਸਕੇਗਾ ਅਤੇ ਕਿਹੜੇ ਮੁਲਕ ਦਾ ਪੱਕਾ ਵਸਨੀਕ ਬਣ ਕੇ ਉਹਨਾਂ ਦਾ ਬੱਚਾ ਆਪਣੀ ਅਤੇ ਆਪਣੇ ਪਰਿਵਾਰ ਦੀ ਜੂਨ ਸੰਵਾਰ ਦੇਵੇਗਾ। ਜੀ ਹਾਂ! ਇਹੋ ਅੱਜ ਦੀ ਸੱਚਾਈ ਹੈ।

ਅਸਲ ਵਿੱਚ ਪਿਤਾ ਜਿਥੇ ਬੱਚਿਆਂ ਦਾ ਸੱਚਾ ਮਾਰਗ ਦਰਸ਼ਕ ਹੁੰਦਾ ਹੈ, ਉਥੇ ਦੁਨੀਆ ਦੀ ਊਚ ਨੀਚ ਸਿਖਾਉਣ ਵਾਲਾ ਪਹਿਲਾ ਅਧਿਆਪਕ ਵੀ ਪਿਤਾ ਹੀ ਹੁੰਦਾ ਹੈ। ਬੱਚਿਆਂ ਨੂੰ ਹਰ ਮੁਸੀਬਤ ਤੋਂ ਪਿਤਾ ਇਕ ਫੌਲਾਦੀ ਢਾਲ ਬਣ ਕੇ ਬਚਾਉਂਦਾ ਹੈ, ਪਿਤਾ ਉਹ ਪ੍ਰਾਣੀ ਹੈ ਜੋ ਕਿ ਬੱਚਿਆਂ ਦੇ ਦੁੱਖ ਵਿੱਚ ਆਪਣਾ ਦੁੱਖ ਅਤੇ ਬੱਚਿਆਂ ਦੇ ਸੁੱਖ ਵਿੱਚ ਹੀ ਆਪਣੀ ਖੁਸ਼ੀ ਮਹਿਸੂਸ ਕਰਦਾ ਹੈ। ਜਿਹੜੇ ਬੱਚਿਆਂ ਦੇ ਸਿਰ ਉਪਰ ਪਿਤਾ ਦਾ ਸਾਇਆ ਹੁੰਦਾ ਹੈ, ਉਹ ਬੱਚੇ ਹਰ ਇਮਤਿਹਾਨ ਵਿੱਚ ਅੱਧੇ ਤਾਂ ਪਹਿਲਾਂ ਹੀ



ਸਫ਼ਲ ਹੋ ਜਾਂਦੇ ਹਨ। ਬੱਚਿਆਂ ਲਈ ਪਿਤਾ ਤੋਂ ਵੱਡਾ ਸੱਚਾ ਮਾਰਗ ਦਰਸ਼ਕ ਅਤੇ ਸੱਚਾ ਹਿਤੈਸ਼ੀ ਅਤੇ ਸੱਚਾ ਅਧਿਆਪਕ ਹੋਰ ਕੋਈ ਨਹੀਂ ਹੁੰਦਾ। ਪਿਤਾ ਹੀ ਸੱਚਾ ਗੁਰੂ ਬਣਕੇ ਅਤੇ ਚਾਨਣ ਮੁਨਾਰਾ ਬਣਕੇ ਆਪਣੇ ਬੱਚਿਆਂ ਨੂੰ ਗਿਆਨ ਦਾ ਚਾਨਣ ਵੰਡਦਾ ਹੈ। ਇਹ ਪਿਤਾ ਹੀ ਹੁੰਦਾ ਹੈ, ਜਿਸ ਕੋਲ ਬੱਚਿਆਂ ਦੇ ਹਰ ਸਵਾਲ ਦਾ ਸਹੀ ਜਵਾਬ ਹੁੰਦਾ ਹੈ।

ਜੇ ਅੱਜ ਦੇ ਸਮੇਂ ਦੀ ਗਲ ਕਰੀਏ ਤਾਂ ਅੱਜ ਇੱਕ ਪਾਸੇ ਸਾਡੀ ਨੌਜਵਾਨ ਅਤੇ ਅਲ੍ਹੜ ਪੀੜ੍ਹੀ ਪਿਤਾ ਦਿਵਸ ਮਨਾਉਂਦੀ ਨਹੀਂ ਥੱਕਦੀ, ਪਰ ਦੂਜੇ ਪਾਸੇ ਸਾਡੇ ਸ਼ਹਿਰਾਂ, ਕਸਬਿਆਂ ਵਿੱਚ ਵੱਧ ਰਹੀ ਬਿਰਧ ਘਰਾਂ ਦੀ ਗਿਣਤੀ ਵੀ ਆਪਣੀ ਕਹਾਣੀ ਆਪ ਕਹਿ ਰਹੀ ਹੈ। ਇਹਨਾਂ ਬਿਰਧ ਘਰਾਂ ਵਿੱਚ ਉਹ ਬਿਰਧ ਪਿਤਾ /ਮਾਪੇ ਰਹਿ ਰਹੇ ਹਨ, ਜਿਨ੍ਹਾਂ ਨੇ ਆਪਣੀ ਸਾਰੀ ਜਿੰਦਗੀ ਅਤੇ ਸਾਰੀ ਜਮਾਂ ਪੂੰਜੀ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਅਤੇ ਚੰਗੇਰੇ ਆਸ਼ਿਆਨੇ ਨੂੰ ਬਣਾਉਣ ਦੇ ਲੇਖੇ ਲਾ ਦਿੱਤੀ ਪਰ ਬੁਢਾਪੇ ਵਿੱਚ ਹੁਣ ਅਜਿਹੇ ਪਿਤਾਵਾਂ ਦੇ ਪੁੱਤਰ ਸਰਵਣ ਪੁੱਤਰ ਬਣ ਕੇ ਬਹੁੜ ਨਹੀਂ ਰਹੇ ਅਤੇ ਸਮੇਂ ਦੀ ਘਾਟ ਦਾ ਬਹਾਨਾ ਲਾ ਕੇ ਅਜਿਹੇ ਪੁੱਤਰ ਆਪਣੇ ਆਪਣੇ ਪਿਤਾ/ਮਾਪਿਆਂ ਨੂੰ ਬਿਰਧ ਘਰਾਂ ਵਿੱਚ ਛੱਡ ਕੇ ਇਕ ਤਰਾਂ ਭੁੱਲ ਚੁੱਕੇ ਹਨ। ਬਿਰਧ ਘਰਾਂ ਵਿੱਚ ਆਪਣੀ ਜਿੰਦਗੀ ਦੀ ਆਖਰੀ ਸ਼ਾਮ ਬਤੀਤ ਕਰ ਰਹੇ ਅਨੇਕਾਂ ਪਿਤਾ /ਮਾਪੇ ਅਕਸਰ ਆਪਣੇ ਬੱਚਿਆਂ ਨੂੰ ਉਡੀਕਦੇ ਉਡੀਕਦੇ ਇਸ ਜਹਾਨੋਂ ਕੂਚ ਕਰ ਜਾਂਦੇ ਹਨ।




**ਪਿਤਾ ਆਪਣੇ ਆਪ ਵਿੱਚ ਪੂਰੀ ਸੰਸਥਾ ਹੁੰਦਾ ਹੈ, ਜੋ ਕਿ ਬੱਚੇ ਦੇ ਮਾਂ ਦੇ ਪੇਟ ਵਿੱਚ ਹੋਣ ਸਮੇਂ ਅਤੇ ਉਸ ਸਮੇਂ ਮਾਂ ਵਲੋਂ ਆਪਣੇ ਜਨਮ ਲੈਣ ਵਾਲੇ ਬੱਚੇ ਲਈ ਬੁਣੇ ਜਾ ਰਹੇ ਸਵੈਟਰ ਜਾਂ ਕੋਟੀਆਂ ਜਾਂ ਜੁਰਾਬਾਂ ਦੌਰਾਨ ਹੀ ਬੱਚੇ ਦੀ ਪੜ੍ਹਾਈ, ਉਚੇਰੀ ਸਿੱਖਿਆ, ਸਕੂਲ-ਕਾਲਜ, ਕੈਰੀਅਰ, ਨੌਕਰੀ ਅਤੇ ਵਿਆਹ ਸ਼ਾਦੀ ਬਾਰੇ ਆਪਣੇ ਦਿਮਾਗ ਵਿੱਚ ਖੁਦ ਆਪਣੀ ਬੁਣਤੀ ਬੁਣਨਾ ਭਾਵ ਸੋਚਣਾ ਸ਼ੁਰੂ ਕਰ ਦਿੰਦਾ ਹੈ ਅਤੇ ਫਿਰ ਸਾਰੀ ਜਿੰਦਗੀ ਉਹ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਆਪਣਾ ਵਰਤਮਾਨ ਕੁਰਬਾਨ ਕਰਦਾ ਹੋਇਆ ਦਿਨ ਰਾਤ ਮਿਹਨਤ ਕਰਦਾ ਹੈ ਅਤੇ ਬੱਚਿਆਂ ਲਈ ਆਦਰਸ਼ ਪਿਤਾ ਹੋਣ ਦਾ ਫਰਜ਼ ਨਿਭਾਉਂਦਾ ਹੈ।)**

ਪਰਿਵਾਰ ਰੂਪੀ ਬਾਗ ਨੂੰ ਪਿਤਾ ਵੱਲੋਂ ਮਾਲੀ ਬਣ ਕੇ ਆਪਣੇ ਖੂਨ ਪਸੀਨੇ ਨਾਲ ਸਾਰੀ ਉਮਰ ਸਿੰਜਿਆ ਜਾਂਦਾ ਹੈ, ਜਦੋਂ ਉਸ ਨੂੰ ਫੁੱਲ ਅਤੇ ਫ਼ਲ ਲੱਗ ਜਾਂਦੇ ਹਨ ਤਾਂ ਇਸ ਬਗੀਚੇ ਦਾ ਆਨੰਦ ਵੀ ਪਿਤਾ ਨੂੰ ਜਰੂਰ ਮਾਨਣ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਬੱਚਿਆਂ ਨੂੰ ਆਪਣੇ ਪਿਤਾ ਸਬੰਧੀ ਆਪਣੇ ਫਰਜ਼ ਹਮੇਸ਼ਾ ਯਾਦ ਰੱਖਣੇ ਚਾਹੀਦੇ ਹਨ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਦੇ ਆਧੁਨਿਕ ਸਮੇਂ ਦੌਰਾਨ ਹਰ ਪਿਤਾ ਦੀ ਜਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ , ਕਿਉਂਕਿ ਜਿਸ ਤਰ੍ਹਾਂ ਹਰ ਪਾਸੇ ਸੋਸ਼ਲ ਸਾਈਟਾਂ ਦਾ, ਨਸ਼ੇ ਦਾ, ਮਹਿੰਗੇ ਬਰਾਂਡਿਡ ਕੱਪੜੇ ਪਾਉਣ ਦਾ, ਮਹਿੰਗੇ ਮੋਬਾਇਲ, ਕੰਪਿਊਟਰ ਲੈਣ ਦਾ ਅਤੇ ਮਹਿੰਗੀਆਂ ਬਾਈਕਾਂ/ਕਾਰਾਂ ਲੈਣ ਦਾ ਭੂਤ ਅਨੇਕਾਂ ਬੱਚਿਆਂ ਉਪਰ ਚੜ੍ਹਿਆ ਹੋਇਆ ਹੈ, ਉਸ ਭੂਤ ਨੂੰ ਪਿਤਾ ਵੱਲੋਂ ਹੀ ਮਮਤਾ ਦੇ ਸਾਗਰ ਭਰੀ ਕਠੋਰਤਾ ਨਾਲ ਉਤਾਰਿਆ ਜਾ ਸਕਦਾ ਹੈ। ਇਸ ਤਰ੍ਹਾਂ ਅੱਜ ਦੇ ਆਧੁਨਿਕ ਸਮੇਂ ਵਿੱਚ ਹਰ ਪਿਤਾ ਦੀ ਜਿਥੇ ਜਿੰਮੇਵਾਰੀ ਵੱਧ ਗਈ ਹੈ, ਉਥੇ ਬੱਚਿਆਂ ਨੂੰ ਵੀ ਆਪਣੇ ਫਰਜ਼ ਪਛਾਣਨੇ ਅਤੇ ਨਿਭਾਉਣੇ ਚਾਹੀਦੇ ਹਨ। ਪਿਤਾ ਦਿਵਸ ਦੀ ਅਸਲ ਸਾਰਥਿਕਤਾ ਏਹੀ ਹੈ ਕਿ ਪਿਤਾ ਦੇ ਬੁਢਾਪੇ ਨੂੰ ਸੰਭਾਲਿਆ ਜਾਵੇ ਅਤੇ ਪਿਤਾ ਦੇ ਬੁਢਾਪੇ ਵਿੱਚ ਪਿਤਾ ਨੂੰ ਉਹ ਸਾਰੇ ਸੁੱਖ- ਸਹੂਲਤਾਂ ਮੁਹੱਈਆ ਕਰਵਾਈਆਂ ਜਾਣ, ਜਿਹੜੀਆਂ ਸੁੱਖ ਸਹੂਲਤਾਂ ਆਪਣੇ ਬੱਚਿਆਂ ਨੂੰ ਦੇਣ ਲਈ ਅਤੇ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਇਕ ਪਿਤਾ ਨੇ ਆਪਣੇ ਵਰਤਮਾਨ ਦੀ ਕੁਰਬਾਨੀ ਦਿੱਤੀ ਹੁੰਦੀ ਹੈ।

ਅੱਜ ਦੇ ਸਮੇਂ ਦੌਰਾਨ ਜੇ ਪਿਤਾ ਵੱਲੋਂ ਆਪਣੇ ਬੱਚਿਆਂ ਦੇ ਲਈ ਰੋਟੀ ਰੋਜ਼ੀ ਦੇ ਜੁਗਾੜ, ਚੰਗੀ ਸਿੱਖਿਆ, ਚੰਗੇਰੇ ਭਵਿੱਖ, ਚੰਗੇ ਪਹਿਰਾਵੇ ਅਤੇ ਹੋਰ ਸਹੂਲਤਾਂ ਲਈ ਆਪਣੇ ਮਨ ਦੀਆਂ ਰੀਝਾਂ ਨੂੰ ਮਾਰਿਆ ਜਾ ਰਿਹਾ ਹੈ ਤਾਂ ਬੱਚਿਆਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਆਪਣੇ ਪਿਤਾ ਨੂੰ ਬਣਦਾ ਮਾਣ ਸਤਿਕਾਰ ਦੇ ਕੇ, ਪਿਤਾ ਦੇ ਕੰਮਾਂ ਵਿੱਚ ਲੋੜੀਂਦੀ ਸਹਾਇਤਾ ਕਰਕੇ, ਘਰੇਲੂ ਕੰਮਾਂ ਵਿੱਚ ਖੁਦ ਵੀ ਜ਼ਿੰਮੇਵਾਰੀ ਲੈ ਕੇ, ਘੱਟ ਖਰਚੇ ਕਰਕੇ, ਚੰਗੀ ਪੜ੍ਹਾਈ ਕਰਕੇ ਆਪਣੇ ਪਿਤਾ ਦਾ ਹੌਂਸਲਾ ਵਧਾਉਣ ।





# ਮੋਦੀ ਸਰਕਾਰ ਦਾ 11 ਸਾਲਾ ਸਫ਼ਰ: ਵਿਕਾਸ ਦੀਆਂ ਉਚਾਈਆਂ ਤੇ ਦੋਸ਼ਾਂ ਦਾ ਘੇਰਾ

## ਵਿਰੋਧੀਆਂ ਨੇ ਮੋਦੀ ਸਰਕਾਰ ਨੂੰ 'ਜੁਮਲਿਆਂ ਦੀ ਸਰਕਾਰ' ਕਿਹਾ

## ਮਾਈਕਰੋ ਮੈਨੇਜਮੈਂਟ ਨਾਲ 2026 ਦੀ ਤਿਆਰੀ ਸ਼ੁਰੂ ਕੀਤੀ ਭਾਜਪਾ ਨੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ 11 ਸਾਲ ਪੂਰੇ ਕਰ ਲਏ ਹਨ। ਇਹ ਸਮਾਂ ਜਿੱਥੇ ਵਿਕਾਸ ਦੀਆਂ ਕਹਾਣੀਆਂ ਨਾਲ ਭਰਿਆ ਹੈ, ਉਥੇ ਵਿਰੋਧੀਆਂ ਦੇ ਦੋਸ਼ਾਂ ਨੇ ਵੀ ਸਰਕਾਰ ਨੂੰ ਘੇਰਿਆ ਹੋਇਆ ਹੈ। ਭਾਜਪਾ ਇਸ ਨੂੰ 'ਸੁਨਹਿਰੀ ਸਫ਼ਰ' ਦੱਸਦੀ ਹੈ, ਪਰ ਵਿਰੋਧੀ ਪਾਰਟੀਆਂ 'ਜੁਮਲਿਆਂ ਦਾ ਜੰਗਲ' ਕਹਿ ਕੇ ਸਵਾਲ ਖੜ੍ਹੇ ਕਰਦੀਆਂ ਹਨ। ਇਸ ਦੌਰਾਨ, ਪੰਜਾਬ ਦੇ ਸਿੱਖ ਭਾਈਚਾਰੇ ਵਿੱਚ ਸਰਕਾਰ ਪ੍ਰਤੀ ਨਿਰਾਸ਼ਤਾ ਵੀ ਡੂੰਘੀ ਹੋਈ, ਜਿਸ ਦੇ ਮੁੱਖ ਕਾਰਨ ਖੇਤੀ ਕਾਨੂੰਨ, ਫਿਰਕੂ ਵਿਵਾਦ ਤੇ ਸੂਬੇ ਤੇ ਸਿੱਖ ਪੰਥ ਦੀਆਂ ਸਮੱਸਿਆਵਾਂ ਨੂੰ ਨਜ਼ਰ ਅੰਦਾਜ਼ ਕਰਨਾ ਹੈ।

### ਮੋਦੀ ਸਰਕਾਰ ਦੀਆਂ ਪ੍ਰਾਪਤੀਆਂ

ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਮੁਤਾਬਕ, ਮੋਦੀ ਸਰਕਾਰ ਨੇ ਇਤਿਹਾਸਕ ਫੈਸਲਿਆਂ ਨਾਲ ਦੇਸ਼ ਨੂੰ ਨਵੀਂ ਉਚਾਈਆਂ 'ਤੇ ਪਹੁੰਚਾਇਆ। ਧਾਰਾ 370 ਦਾ ਖਾਤਮਾ, ਤਿੰਨ ਤਲਾਕ 'ਤੇ ਰੋਕ, ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.), ਮਹਿਲਾ ਰਾਖਵਾਂਕਰਨ, ਤੇ ਨੋਟਬੰਦੀ ਵਰਗੇ ਕਦਮਾਂ ਨੂੰ ਸਰਕਾਰ ਦੀਆਂ ਵੱਡੀਆਂ ਜਿੱਤਾਂ ਦੱਸਿਆ ਜਾਂਦਾ ਹੈ। ਨੱਢਾ ਦਾ ਕਹਿਣਾ ਹੈ ਕਿ ਆਰਥਿਕ ਤੌਰ 'ਤੇ ਭਾਰਤ ਅੱਜ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਿਆ ਹੋਇਆ ਹੈ। ਪੀ.ਐਮ. ਆਵਾਸ ਯੋਜਨਾ ਨਾਲ 4 ਕਰੋੜ ਪੱਕੇ ਮਕਾਨ, ਉਜਵਲਾ ਯੋਜਨਾ ਨਾਲ 10 ਕਰੋੜ ਗੈਸ ਕੁਨੈਕਸ਼ਨ ਤੇ ਆਯੁਸ਼ਮਾਨ ਭਾਰਤ ਨਾਲ 50 ਕਰੋੜ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਮਿਲੀਆਂ ਹਨ। ਜਨਧਨ ਯੋਜਨਾ ਨੇ ਕਰੋੜਾਂ ਲੋਕਾਂ ਨੂੰ ਬੈਂਕਿੰਗ ਨਾਲ ਜੋੜਿਆ ਹੈ, ਜਦਕਿ ਅਯੁੱਧਿਆ ਵਿੱਚ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਤੇ 'ਅਪਰੇਸ਼ਨ ਸੰਧੂਰ' ਨੇ ਮੋਦੀ ਦੀ ਸਖ਼ਤ ਨੇਤਾ ਵਾਲੀ ਤਸਵੀਰ ਨੂੰ ਮਜ਼ਬੂਤ ਕੀਤਾ ਹੈ। ਇਸਰੋ ਦੀਆਂ ਪੁਲਾੜ ਪ੍ਰਾਪਤੀਆਂ, 125 ਤੋਂ ਵੱਧ ਵੰਦੇ ਭਾਰਤ ਟਰੇਨਾਂ, ਮੈਟਰੋ ਦਾ ਵਿਸਥਾਰ, ਹਵਾਈ ਅੱਡਿਆਂ ਦੀ ਗਿਣਤੀ ਦੁੱਗਣੀ ਹੋਣਾ, 12 ਕਰੋੜ ਘਰਾਂ ਵਿੱਚ ਪਖਾਨੇ, ਤੇ 15 ਕਰੋੜ ਘਰਾਂ ਵਿੱਚ ਨਲਕਿਆਂ ਰਾਹੀਂ ਪਾਣੀ—ਇਹ ਸਭ ਮੋਦੀ ਸਰਕਾਰ ਦੀਆਂ ਮੁੱਢਲੀਆਂ ਪ੍ਰਾਪਤੀਆਂ ਹਨ, ਜਿਨ੍ਹਾਂ ਨੇ ਭਾਰਤ ਦੇ ਬੁਨਿਆਦੀ ਢਾਂਚੇ ਨੂੰ ਨਵੀਂ ਦਿਸ਼ਾ ਦਿੱਤੀ ਹੈ।



### ਵਿਰੋਧੀਆਂ ਦੇ ਮੋਦੀ ਸਰਕਾਰ ਉੱਪਰ ਦੋਸ਼

ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਮੋਦੀ ਸਰਕਾਰ ਨੂੰ 'ਜੁਮਲਿਆਂ ਦੀ ਸਰਕਾਰ' ਕਹਿੰਦੀਆਂ ਹਨ। ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਸਰਕਾਰ ਮਹਿੰਗਾਈ, ਬੇਰੁਜ਼ਗਾਰੀ, ਤੇ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਨਾਕਾਮ ਰਹੀ ਹੈ। ਨੋਟਬੰਦੀ ਨੂੰ 'ਆਰਥਿਕ ਤਬਾਹੀ' ਦੱਸਦਿਆਂ ਕਾਂਗਰਸ ਦਾਅਵਾ ਕਰਦੀ ਹੈ ਕਿ ਇਸ ਨੇ ਕਾਲੇ ਧਨ ਨੂੰ ਰੋਕਣ ਦੀ ਬਜਾਏ ਬੇਰੁਜ਼ਗਾਰੀ ਵਧਾਈ। ਕੋਵਿਡ ਮਹਾਂਮਾਰੀ ਨੇ ਆਰਥਿਕ ਸੰਕਟ ਨੂੰ ਹੋਰ ਗੰਭੀਰ ਕੀਤਾ ਹੈ। ਕਾਂਗਰਸ ਮੁਤਾਬਕ, ਸਰਕਾਰ ਦੀਆਂ 906 ਸਕੀਮਾਂ ਵਿੱਚੋਂ 71% ਨਾਕਾਮ ਰਹੀਆਂ, ਤੇ ਪੀ.ਐਮ. ਕਿਸਾਨ ਯੋਜਨਾ ਵਿੱਚ 2.25 ਕਰੋੜ ਲਾਭਪਾਤਰੀਆਂ ਨੂੰ ਲਿਸਟ ਵਿੱਚੋਂ ਹਟਾਇਆ ਗਿਆ। ਵਿਰੋਧੀ ਧਿਰਾਂ ਨੇ ਸਮਾਜਿਕ ਤੌਰ 'ਤੇ ਸਰਕਾਰ 'ਤੇ ਫਿਰਕੂ ਵੰਡ ਪੈਦਾ ਕਰਨ ਦੇ ਦੋਸ਼ ਵੀ ਲਗਾਏ ਹਨ। ਵਿਰੋਧੀ ਪਾਰਟੀਆਂ ਦਾ ਮੰਨਣਾ ਹੈ ਕਿ ਰਾਮ ਮੰਦਰ ਦੀ ਉਸਾਰੀ ਨੂੰ ਭਾਜਪਾ ਇਤਿਹਾਸਕ ਮੰਨਦੀ ਹੈ, ਪਰ ਘੱਟ ਗਿਣਤੀਆਂ, ਖਾਸ ਕਰ ਮੁਸਲਮਾਨ ਭਾਈਚਾਰੇ ਵਿੱਚ ਅਸਹਿਮਤੀ ਵਧੀ ਹੈ। ਰਾਹੁਲ ਗਾਂਧੀ ਅਨੁਸਾਰ ਮਣੀਪੁਰ ਵਿੱਚ ਹਿੰਸਾ, ਅੱਤਵਾਦੀ ਹਮਲੇ, ਤੇ ਅਮਰੀਕਾ ਵਿੱਚ 600 ਤੋਂ ਵੱਧ ਭਾਰਤੀਆਂ ਦੀ ਵਾਪਸੀ ਨੇ ਸਰਕਾਰ ਦੀ ਸੁਰੱਖਿਆ ਨੀਤੀ 'ਤੇ ਸਵਾਲ ਖੜ੍ਹੇ ਕੀਤੇ ਹਨ।

### ਭਾਜਪਾ ਦੀ ਮਾਈਕਰੋ ਮੈਨੇਜਮੈਂਟ

2024 ਦੀਆਂ ਲੋਕ ਸਭਾ ਚੋਣਾਂ ਵਿੱਚ 63 ਸੀਟਾਂ ਦੇ ਨੁਕਸਾਨ ਨੇ ਭਾਜਪਾ ਨੂੰ ਸਬਕ ਸਿਖਾਇਆ। ਪਾਰਟੀ ਨੇ ਮਾਈਕਰੋ ਮੈਨੇਜਮੈਂਟ 'ਤੇ ਜ਼ੋਰ ਦਿੱਤਾ ਹੈ। ਨਤੀਜੇ ਵਜੋਂ ਮਹਾਰਾਸ਼ਟਰ, ਹਰਿਆਣਾ, ਤੇ ਦਿੱਲੀ ਵਿੱਚ ਸਰਕਾਰਾਂ ਬਣੀਆਂ, ਜੰਮੂ-ਕਸ਼ਮੀਰ ਵਿੱਚ ਸੀਟਾਂ ਵਧੀਆਂ ਤੇ ਸਿਰਫ਼ ਝਾਰਖੰਡ ਵਿੱਚ ਹਾਰ ਹੋਈ ਸੀ। 2026 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਨੇ ਪੱਛਮੀ ਬੰਗਾਲ, ਅਸਾਮ, ਤਾਮਿਲਨਾਡੂ, ਕੇਰਲ, ਤੇ ਪੁਡੂਚੇਰੀ ਵਿੱਚ ਤਿਆਰੀ ਸ਼ੁਰੂ ਕਰ ਦਿੱਤੀ ਹੈ। ਮੋਦੀ ਤੇ ਅਮਿਤ ਸ਼ਾਹ ਦੇ ਦੌਰਿਆਂ, ਤਾਮਿਲਨਾਡੂ ਵਿੱਚ ਅੰਨਾ ਡੀ.ਐਮ.ਕੇ. ਨਾਲ ਗਠਜੋੜ ਤੇ ਪੱਛਮੀ ਬੰਗਾਲ ਵਿੱਚ ਮਮਤਾ ਸਰਕਾਰ ਨੂੰ ਨਿਸ਼ਾਨਾ ਬਣਾਉਣ ਦੀਆਂ ਕੋਸ਼ਿਸ਼ਾਂ ਇਸ ਦੀਆਂ ਮਿਸਾਲਾਂ ਹਨ।

### ਸਿੱਖ ਪੰਥ ਮੋਦੀ ਸਰਕਾਰ ਤੋਂ ਸੰਤੁਸ਼ਟ ਕਿਉਂ ਨਹੀਂ?

ਪੰਜਾਬ ਦੇ ਸਿੱਖ ਭਾਈਚਾਰੇ ਵਿੱਚ ਮੋਦੀ ਸਰਕਾਰ ਪ੍ਰਤੀ ਨਿਰਾਸ਼ਤਾ ਦੇ ਮੁੱਖ ਕਾਰਨ ਹਨ 'ਖੇਤੀ ਕਾਨੂੰਨ, ਫਿਰਕੂ ਵਿਵਾਦ, ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ ਤੇ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਅਨਉਚਿਤ ਵੰਡ।' 2020-21 ਦੇ ਖੇਤੀ ਕਾਨੂੰਨਾਂ ਨੇ ਕਿਸਾਨਾਂ ਵਿੱਚ ਰੋਸ ਪੈਦਾ ਕੀਤਾ, ਜਿਸ ਨੂੰ ਸਰਕਾਰ ਨੇ ਵਾਪਸ ਤਾਂ ਲਿਆ, ਪਰ ਕਿਸਾਨਾਂ ਦਾ ਵਿਸ਼ਵਾਸ ਨਹੀਂ ਜਿੱਤ ਸਕੀ। ਪੰਜਾਬ, ਜੋ ਭਾਰਤ ਦਾ 'ਅੰਨ ਭੰਡਾਰ' ਹੈ, ਨੂੰ ਪਾਣੀ ਦੀ ਵੰਡ ਕਾਰਨ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਨਦੀਆਂ ਦੇ ਪਾਣੀ ਦੀ ਕਾਣੀ ਵੰਡ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਦੀ ਉਲੰਘਣਾ ਮੰਨੀ ਜਾਂਦੀ ਹੈ, ਜਿਸ ਨੇ ਪੰਜਾਬ ਦੀ ਖੇਤੀ ਅਰਥਚਾਰੇ ਨੂੰ ਕਮਜ਼ੋਰ ਕੀਤਾ ਹੈ। ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਨੂੰ 'ਹਿੰਦੂ ਧਰਮ ਦੀ ਰੱਖਿਆ' ਨਾਲ ਜੋੜਨ ਦੀਆਂ ਕੋਸ਼ਿਸ਼ਾਂ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਬਾਲ ਦਿਵਸ' ਨਾਲ ਜੋੜਨਾ, ਤੇ ਸੋਸ਼ਲ ਮੀਡੀਆ 'ਤੇ ਸਿੱਖ ਵਿਰੋਧੀ ਪ੍ਰਚਾਰ ਕਾਰਨ ਸਿੱਖ ਪੰਥ ਵਿੱਚ ਮੋਦੀ ਸਰਕਾਰ ਵਿਰੁੱਧ ਰੋਸ ਵਧਿਆ ਹੈ। ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿੱਚ ਪ੍ਰਮੁੱਖਤਾ ਨਾ ਦੇਣਾ, ਧਾਰਮਿਕ ਸਿੱਖ ਅਸਥਾਨਾਂ 'ਤੇ ਵਿਵਾਦ, ਤੇ ਬੇਅਦਬੀ ਵਰਗੀਆਂ ਘਟਨਾਵਾਂ ਨੇ ਸਿੱਖ ਮਨਾਂ ਵਿੱਚ ਰੋਸ ਵਧਾਇਆ ਹੈ। 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਜ਼ਖ਼ਮ ਤੇ ਬੰਦੀ ਸਿੱਖਾਂ ਦੀਆਂ ਰਿਹਾਈਆਂ ਅਜੇ ਵੀ ਜਿਉਂ ਦੇ ਤਿਉਂ ਹਨ। ਭਾਵੇਂ ਸਰਕਾਰ ਨੇ ਕੁਝ ਦੋਸ਼ੀਆਂ ਨੂੰ ਸਜ਼ਾ ਦਿਵਾਈ, ਪਰ ਸਿੱਖ ਭਾਈਚਾਰੇ ਨੂੰ ਪੂਰਨ ਇਨਸਾਫ਼ ਨਹੀਂ ਮਿਲਿਆ।

ਸਿੱਖ ਭਾਈਚਾਰੇ ਦੀ ਨਿਰਾਸ਼ਤਾ ਨੂੰ ਦੂਰ ਕਰਨ ਲਈ ਸਰਕਾਰ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ। ਪੰਜਾਬ ਵਿੱਚ ਉਦਯੋਗਿਕ ਵਿਕਾਸ, ਖੇਤੀ ਇੰਡਸਟਰੀ ਸੂਚਨਾ ਤਕਨੀਕੀ ਹੱਬ (ਜਿਵੇਂ ਬੰਗਲੁਰੂ ਜਾਂ ਨੋਇਡਾ) ਸਥਾਪਤ ਕਰਕੇ, ਤੇ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ ਸਿਰਜਣ ਨਾਲ ਬੇਰੁਜ਼ਗਾਰੀ ਤੇ ਨਸ਼ਿਆਂ ਦੀ ਸਮੱਸਿਆ ਨੂੰ ਘਟਾਇਆ ਜਾ ਸਕਦਾ ਹੈ। ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਨਿਰਪੱਖ ਵੰਡ ਯਕੀਨੀ ਬਣਾਉਣੀ ਚਾਹੀਦੀ ਹੈ। ਮਿਨੀਮਮ ਸਪੋਰਟ ਪ੍ਰਾਈਸ ਨੂੰ ਕਾਨੂੰਨੀ ਮਾਨਤਾ ਦੇਣ 'ਤੇ ਵਿਚਾਰ ਕਰਕੇ ਕਿਸਾਨਾਂ ਦੀ ਜੀਵਿਕਾ ਸੁਰੱਖਿਅਤ ਕੀਤੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿੱਚ ਪ੍ਰਮੁੱਖਤਾ, ਸਿੱਖ ਧਾਰਮਿਕ ਸੰਸਥਾਵਾਂ ਦੀ ਸੁਤੰਤਰਤਾ, ਤੇ ਬੇਅਦਬੀ ਵਰਗੀਆਂ ਘਟਨਾਵਾਂ 'ਤੇ ਸਖ਼ਤ ਕਾਰਵਾਈ ਨਾਲ ਸਿੱਖ ਭਾਵਨਾਵਾਂ ਨੂੰ ਸਤਿਕਾਰ ਮਿਲ ਸਕਦਾ ਹੈ। ਸਿੱਖਾਂ ਵਿਰੁਧ 'ਅੱਤਵਾਦ' ਵਰਗੇ ਲੇਬਲਿੰਗ ਨੂੰ ਰੋਕਣ ਦੀ ਲੋੜ ਹੈ।

ਪੰਜਾਬ ਨੂੰ ਕੇਂਦਰੀ ਸਿਆਸਤ ਵਿੱਚ ਵਧੇਰੇ ਨੁਮਾਇੰਦਗੀ ਤੇ ਚੰਡੀਗੜ੍ਹ ਨੂੰ ਸੂਬੇ ਦੀ ਪੂਰੀ ਰਾਜਧਾਨੀ ਵਜੋਂ ਮਾਨਤਾ ਦੇਣ ਨਾਲ ਸਿਆਸੀ ਅਸੰਤੋਸ਼ ਘਟਾਇਆ ਜਾ ਸਕਦਾ।

ਸਰਕਾਰ ਨੂੰ ਸਿੱਖ ਭਾਈਚਾਰੇ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕਿਸਾਨ ਸੰਗਠਨਾਂ ਨਾਲ ਖੁੱਲ੍ਹਾ ਸੰਵਾਦ ਸ਼ੁਰੂ ਕਰਨਾ ਚਾਹੀਦਾ ਹੈ। 1984 ਦੇ ਕਤਲੇਆਮ ਦੇ ਪੀੜਤਾਂ ਨੂੰ ਪੂਰਨ ਇਨਸਾਫ ਦਿਵਾਉਣ ਲਈ ਸਮੇਂਬੱਧ ਕਦਮ ਚੁੱਕਣੇ ਹੋਣਗੇ। ਜੇਕਰ ਸਰਕਾਰ ਪੰਜਾਬ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦੀ ਹੈ, ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ, ਤੇ ਸੰਵਾਦ ਰਾਹੀਂ ਵਿਸ਼ਵਾਸ ਬਣਾਉਂਦੀ ਹੈ, ਤਾਂ ਨਿਰਾਸ਼ਤਾ ਨੂੰ ਸੰਭਾਵਨਾਵਾਂ ਵਿੱਚ ਬਦਲਿਆ ਜਾ ਸਕਦਾ ਹੈ।

# 'ਅਪਰੇਸ਼ਨ ਸੰਧੂਰ' ਦਾ ਕਿਉਂ ਕੀਤਾ ਜਾ ਰਿਹੈ ਸਿਆਸੀਕਰਨ



ਨਿਤਿਆ ਚਕਰਵਰਤੀ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਦੁਆਰਾ ਉਸ ਦੇ ਤੇ ਉਸ ਦੀ ਸਰਕਾਰ ਦੇ ਖ਼ਿਲਾਫ਼ ਕੀਤੇ ਗਏ ਹਮਲਿਆਂ ਦਾ ਜਵਾਬ ਦਿੰਦਿਆਂ ਠੀਕ ਹੀ ਕਿਹਾ ਹੈ ਕਿ ਨਰਿੰਦਰ ਮੋਦੀ 2026 ਦੇ ਸ਼ੁਰੂ 'ਚ ਸੂਬੇ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਲਈ ਸਸਤੇ 'ਚ ਸਿਆਸੀ ਲਾਭ ਹਾਸਲ ਕਰਨ ਲਈ ਅਪਰੇਸ਼ਨ ਸੰਧੂਰ ਦਾ ਇਸਤੇਮਾਲ ਕਰ ਰਹੇ ਹਨ। ਇਹ 10 ਮਈ ਨੂੰ ਭਾਰਤ-ਪਾਕਿਸਤਾਨ ਵਿਚਾਲੇ ਹੋਏ ਜੰਗਬੰਦੀ ਸਮਝੌਤੇ ਦੇ ਬਾਅਦ ਪ੍ਰਧਾਨ ਮੰਤਰੀ ਦੀ ਪੱਖਪਾਤੀ ਰਾਜਨੀਤੀ ਦੇ ਖ਼ਿਲਾਫ਼ ਪਹਿਲਾ ਅਜਿਹਾ ਸਪੱਸ਼ਟ ਹਮਲਾ ਸੀ, ਜਿਸ ਦੇ ਤਹਿਤ ਉਹ ਆਪਣੇ ਚੋਣਾਵੀ ਲੱਛੇਦਾਰ ਭਾਸ਼ਣਾਂ ਦੇ ਜ਼ਰੀਏ ਪਾਕਿਸਤਾਨ ਦੇ ਖ਼ਿਲਾਫ਼ ਅਪਰੇਸ਼ਨ ਸੰਧੂਰ 'ਚ ਭਾਰਤੀ ਫ਼ੌਜਾਂ ਦੀ ਕਾਮਯਾਬੀ ਨੂੰ ਭਾਜਪਾ ਦੇ ਲਈ ਸਿਆਸੀ ਲਾਭ 'ਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।

ਵਿਰੋਧੀ ਪਾਰਟੀਆਂ ਨੇ 10 ਮਈ ਤੋਂ ਲੈ ਕੇ 20 ਦਿਨਾਂ ਤੱਕ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਆਪਣਾ ਪੂਰਾ ਸਹਿਯੋਗ ਦਿੱਤਾ ਅਤੇ ਇਥੋਂ ਤੱਕ ਕਿ ਪ੍ਰਧਾਨ ਮੰਤਰੀ ਦੁਆਰਾ ਭਾਰਤ ਦੀ ਸਥਿਤੀ ਨੂੰ ਸਮਝਾਉਣ ਲਈ ਵਿਦੇਸ਼ਾਂ 'ਚ ਭੇਜੇ ਗਏ ਬਹੁ ਪਾਰਟੀ ਸੰਸਦੀ ਵਫਦ 'ਚ ਵੀ ਹਿੱਸਾ ਲਿਆ। ਪ੍ਰਧਾਨ ਮੰਤਰੀ ਨੇ ਉਸ ਸਮੇਂ ਰਾਸ਼ਟਰੀ ਏਕਤਾ ਦੀ ਜ਼ਰੂਰਤ ਦੀ ਗੱਲ ਕੀਤੀ ਤਾਂ ਭਾਰਤ ਦੀ ਹਰੇਕ ਰਾਜਨੀਤਕ ਪਾਰਟੀ ਨੇ ਇਸ 'ਤੇ ਅਨੁਕੂਲ ਪ੍ਰਤੀਕਿਰਿਆ ਦਿੱਤੀ ਸੀ। ਪ੍ਰੰਤੂ ਵਿਰੋਧੀ ਰਾਜਨੀਤਕ ਪਾਰਟੀਆਂ ਦੇ ਉਸ ਸ਼ਲਾਘਾਯੋਗ ਸਹਿਯੋਗ ਦੇ ਬਦਲੇ ਭਾਰਤ ਦੇ 142 ਕਰੋੜ ਲੋਕਾਂ ਦੇ ਆਗੂ ਪ੍ਰਧਾਨ ਮੰਤਰੀ ਨੇ ਪਿਛਲੇ ਦੋ ਹਫ਼ਤਿਆਂ ਦੌਰਾਨ ਆਪਣੀਆਂ ਜਨਤਕ ਬੈਠਕਾਂ ਦਾ ਇਸਤੇਮਾਲ ਵਿਰੋਧੀ ਧਿਰ ਨੂੰ ਬਦਨਾਮ ਕਰਨ ਤੇ ਅਪਰੇਸ਼ਨ ਸੰਧੂਰ ਨੂੰ ਭਾਜਪਾ ਦੇ ਹੋਰ ਆਪਰੇਸ਼ਨਾਂ ਵਾਂਗ, ਜਿਵੇਂ-ਅਪਰੇਸ਼ਨ ਬੰਗਾਲ ਨਾਲ ਜੋੜਨ ਲਈ ਕੀਤਾ ਹੈ।

ਜ਼ਰਾ ਸੋਚੋ, ਪਿਛਲੇ ਦਿਨੀਂ ਪੱਛਮੀ ਬੰਗਾਲ ਦੇ ਅਲੀਪੁਰਦੁਆਰ 'ਚ ਹੋਈ ਰੈਲੀ ਦੌਰਾਨ ਸੂਬੇ ਦੇ ਭਾਜਪਾ ਪ੍ਰਧਾਨ ਸੁਕਾਂਤ ਮਜੂਮਦਾਰ ਨੇ ਪ੍ਰਧਾਨ ਮੰਤਰੀ ਦੀ ਮੌਜੂਦਗੀ 'ਚ ਕਿਹਾ ਕਿ ਅਪਰੇਸ਼ਨ ਸੰਧੂਰ ਵਾਂਗ ਹੀ ਟੀ.ਐਮ.ਸੀ. ਸਰਕਾਰ ਨੂੰ ਉਖਾੜ ਕੇ ਬੰਗਾਲ ਦੀ ਖਾੜੀ 'ਚ ਸੁੱਟਣ ਲਈ ਅਪਰੇਸ਼ਨ ਬੰਗਾਲ ਕੀਤਾ ਜਾਵੇਗਾ। ਭਾਜਪਾ ਦੇ ਸੂਬਾ ਮੁਖੀ ਨੂੰ ਰਾਜਨੀਤਕ ਰੈਲੀ ਦੌਰਾਨ ਟੀ.ਐਮ.ਸੀ. ਸਰਕਾਰ ਨੂੰ ਉਖਾੜ ਕੇ ਸੁੱਟਣ ਦੀ ਗੱਲ ਕਰਨ ਦਾ ਪੂਰਾ ਅਧਿਕਾਰ ਹੈ, ਪਰ ਉਹ ਆਪ੍ਰੇਸ਼ਨ ਸੰਧੂਰ ਨੂੰ ਬੰਗਾਲ 'ਚ ਭਾਜਪਾ ਦੇ ਪੱਖਪਾਤੀ ਉਦੇਸ਼ ਦੇ ਨਾਲ ਇਕਮਿਕ ਕਰ ਰਹੇ ਸਨ ਅਤੇ ਉਹ ਇਹ ਰਾਸ਼ਟਰੀ ਏਕਤਾ ਦੇ ਕਥਿਤ ਪ੍ਰਤੀਕ ਨਰਿੰਦਰ ਮੋਦੀ ਦੀ ਮੌਜੂਦਗੀ 'ਚ ਬੋਲ ਰਹੇ ਸਨ।




ਵਿਰੋਧੀ ਧਿਰ ਦੇ ਨੇਤਾਵਾਂ ਨੂੰ ਹੁਣ ਤੱਕ ਸਮਝ ਆ ਗਿਆ ਹੋਵੇਗਾ ਕਿ ਪ੍ਰਧਾਨ ਮੰਤਰੀ ਇਹ ਕਹਿ ਕੇ ਆਪਣੀ ਸਿਆਸੀ ਖੇਡ ਖੇਡ ਰਹੇ ਹਨ ਕਿ ਅਪਰੇਸ਼ਨ ਸੰਧੂਰ ਰੁਕਿਆ ਹੋਇਆ ਹੈ ਤੇ ਕਦੇ ਵੀ ਮੁੜ ਸ਼ੁਰੂ ਹੋ ਸਕਦਾ ਹੈ। ਇਹ ਇੱਕ ਸੈਨਿਕ ਰਣਨੀਤੀ ਹੈ ਅਤੇ ਇਸ ਦਾ ਐਲਾਨ ਜਨਤਕ ਰੈਲੀਆਂ ਦੌਰਾਨ ਨਹੀਂ ਕੀਤਾ ਜਾਣਾ ਚਾਹੀਦਾ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਦੇਸ਼ 'ਚ ਯੁੱਧ ਦੀ ਚਰਚਾ ਜਾਰੀ ਰਹੇ, ਤਾਂ ਜੋ ਬਿਹਾਰ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੇ ਉਸ ਦੇ ਬਾਅਦ ਬੰਗਾਲ, ਕੇਰਲਾ, ਅਸਾਮ, ਤਾਮਿਲਨਾਡੂ ਤੇ ਪੁਡੂਚੇਰੀ 'ਚ ਹੋਣ ਵਾਲੀਆਂ ਚੋਣਾਂ ਦੌਰਾਨ ਭਾਜਪਾ ਨੂੰ ਇਸ ਦਾ ਸਿਆਸੀ ਲਾਭ ਮਿਲ ਸਕੇ। ਹਾਲ ਹੀ ਦਿਨਾਂ 'ਚ ਬਿਹਾਰ ਤੇ ਗੁਜਰਾਤ 'ਚ ਜਿਸ ਤਰ੍ਹਾਂ ਨਾਲ ਉਨ੍ਹਾਂ ਦੇ ਰੋਡਸ਼ੋਅ ਕਰਵਾਏ ਗਏ ਹਨ, ਉਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ।

ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਦੀ ਜਨਤਕ ਰੈਲੀ ਦੇ 2 ਘੰਟੇ ਬਾਅਦ ਉਨ੍ਹਾਂ ਨੂੰ ਜਵਾਬ ਦਿੰਦਿਆਂ ਠੀਕ ਹੀ ਕਿਹਾ, ਮੋਦੀ ਜੀ ਨੇ ਅੱਜ ਜੋ ਕੁਝ ਵੀ ਕਿਹਾ ਹੈ ਉਸ ਤੋਂ ਅਸੀਂ ਸਿਰਫ਼ ਸਦਮੇ 'ਚ ਹੀ ਨਹੀਂ, ਸਗੋਂ ਪ੍ਰਧਾਨ ਮੰਤਰੀ ਦੀ ਆਵਾਜ਼ ਸੁਣ ਕੇ ਬਹੁਤ ਦੁਖੀ ਵੀ ਹਾਂ। ਜਦੋਂ ਸਭ ਵਿਰੋਧੀ ਧਿਰ ਦੇ ਆਗੂ ਦੁਨੀਆ ਦੇ ਸਾਹਮਣੇ ਦੇਸ਼ ਦੀ ਪ੍ਰਤੀਨਿਧਤਾ ਕਰਦਿਆਂ ਦੇਸ਼ ਹਿੱਤ, ਰਾਸ਼ਟਰ ਹਿੱਤ ਦੀ ਰੱਖਿਆ ਲਈ ਦਲੇਰਾਨਾ ਨਿਰਣੇ ਲੈ ਰਹੇ ਹਨ ਕਿ ਅਸੀਂ ਦੇਸ਼ ਦੀ ਰੱਖਿਆ ਕਰਾਂਗੇ, ਕਿਉਂਕਿ ਇਹ ਸਾਡੀ ਮਾਤਭੂਮੀ ਹੈ। ਪਰ ਕੀ ਇਹ ਸਮਾਂ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਮੌਜੂਦਗੀ 'ਚ ਉਨ੍ਹਾਂ ਦੇ ਮੰਤਰੀ ਕਹਿਣ ਕਿ ਅਪਰੇਸ਼ਨ ਸੰਧੂਰ ਵਾਂਗ ਹੀ ਅਪਰੇਸ਼ਨ ਬੰਗਾਲ ਵੀ ਕਰਾਂਗੇ? ਮੈਂ ਉਨ੍ਹਾਂ ਨੂੰ ਚੁਣੌਤੀ ਦਿੰਦੀ ਹਾਂ, ਜੇਕਰ ਉਨ੍ਹਾਂ 'ਚ ਹਿੰਮਤ ਹੈ ਤਾਂ ਭਲਕੇ ਚੋਣ ਮੈਦਾਨ 'ਚ ਆ ਜਾਣ ਅਸੀਂ ਤਿਆਰ ਹਾਂ ਅਤੇ ਬੰਗਾਲ ਤੁਹਾਡੀ ਚੁਣੌਤੀ ਨੂੰ ਸਵੀਕਾਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਇੱਕ ਸੀਨੀਅਰ ਵਿਰੋਧੀ ਧਿਰ ਦੀ ਆਗੂ ਦੁਆਰਾ ਪ੍ਰਧਾਨ ਮੰਤਰੀ ਨੂੰ ਇਸ ਤਰ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਸੀ, ਕਿਉਂਕਿ ਨਰਿੰਦਰ ਮੋਦੀ ਭਾਰਤ-ਪਾਕਿ ਤਣਾਅ ਦੇ ਮੌਜੂਦਾ ਦੌਰ 'ਚ ਇੰਡੀਆ ਬਲਾਕ ਦੇ ਭਾਈਵਾਲਾਂ ਦੀ ਨਿਮਰਤਾ ਦਾ ਫਾਇਦਾ ਉਠਾਉਂਦਿਆਂ ਵਿਰੋਧੀ ਧਿਰ ਦੇ ਖ਼ਿਲਾਫ਼ ਪੂਰੀ ਤਾਕਤ ਨਾਲ ਕੰਮ ਕਰ ਰਹੇ ਹਨ। ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਨੂੰ ਬਹੁਤ ਖੁੱਲ੍ਹ ਦਿੱਤੀ ਹੈ, ਪਰ ਉਨ੍ਹਾਂ ਨੇ ਇਸ ਦਾ ਕੋਈ ਸਨਮਾਨ ਨਹੀਂ ਕੀਤਾ। ਹੁਣ ਸਮਾਂ ਆ ਗਿਆ ਹੈ ਕਿ ਵਿਰੋਧੀ ਧਿਰ ਆਮ ਵਾਂਗ ਕੰਮ ਕਰਨਾ ਸ਼ੁਰੂ ਕਰਕੇ ਸੰਸਦ ਦਾ ਵਿਸ਼ੇਸ਼ ਸ਼ੈਸਨ ਬੁਲਵਾ ਕੇ ਸਥਿਤੀ 'ਤੇ ਚਰਚਾ ਕਰੇ ਅਤੇ ਮਹੱਤਵਪੂਰਨ ਮੁੱਦਿਆਂ 'ਤੇ ਸਪੱਸ਼ਟੀਕਰਨ ਮੰਗੇ, ਜਿਨ੍ਹਾਂ ਦਾ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ।

ਜਿਸ ਤਰ੍ਹਾਂ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ ਹੈ ਕਿ 22 ਅਪਰੈਲ ਨੂੰ ਪਹਿਲਗਾਮ 'ਚ ਕਤਲੇਆਮ ਕਰਨ ਵਾਲੇ ਅੱਤਵਾਦੀਆਂ ਨੂੰ ਅਜੇ ਤੱਕ ਕਿਉਂ ਨਹੀਂ ਫੜਿਆ ਗਿਆ? ਜਾਂ ਪ੍ਰਧਾਨ ਮੰਤਰੀ ਰਾਸ਼ਟਰਪਤੀ ਟਰੰਪ ਤੇ ਹੋਰ ਅਮਰੀਕੀ ਅਧਿਕਾਰੀਆਂ ਦੇ ਲਗਾਤਾਰ ਉਸ ਦਾਅਵੇ ਬਾਰੇ ਕਿਉਂ ਚੁੱਪ ਹਨ ਕਿ ਟਰੰਪ ਨੇ ਭਾਰਤ ਤੇ ਪਾਕਿਸਤਾਨ ਨੂੰ ਵਪਾਰ ਦੀ ਧਮਕੀ ਦੇ ਕੇ ਜੰਗਬੰਦੀ 'ਤੇ ਸਹਿਮਤੀ ਕਰਵਾਈ ਹੈ। ਇਹ ਭਾਰਤ ਦੇ ਪੱਖ 'ਚ ਨਹੀਂ ਸੀ, ਕਿਉਂਕਿ 10 ਮਈ ਦੀ ਸਵੇਰ ਤੱਕ ਭਾਰਤ ਜਿੱਤ ਰਿਹਾ ਸੀ। ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ 9 ਮਈ ਨੂੰ ਪ੍ਰਧਾਨ ਮੰਤਰੀ ਨੂੰ ਕੀ ਕਿਹਾ? ਕੀ ਉਸ ਨੇ ਟਰੰਪ ਦੁਆਰਾ ਦਿੱਤੀ ਗਈ ਧਮਕੀ ਦਾ ਸੁਨੇਹਾ ਉਨ੍ਹਾਂ ਤੱਕ ਪਹੁੰਚਾਇਆ ਸੀ? ਅਮਰੀਕੀ ਵਣਜ ਵਿਭਾਗ ਨੇ ਵੀ ਅਦਾਲਤ 'ਚ ਇਹੀ ਗੱਲ ਕਹੀ ਹੈ। ਉਨ੍ਹਾਂ ਕੋਲ ਲਾਜ਼ਮੀ ਇਸ ਦਾ ਕੋਈ ਰਿਕਾਰਡ ਹੋਵੇਗਾ। ਪ੍ਰਧਾਨ ਮੰਤਰੀ ਨੂੰ ਬਿਆਨ ਜਾਰੀ ਕਰਕੇ ਇਸ ਦਾ ਸਪੱਸ਼ਟ ਖੰਡਨ ਕਰਨਾ ਚਾਹੀਦਾ ਹੈ। ਉਹ ਚੁੱਪ ਕਿਉਂ ਹਨ ਤੇ ਦੂਜਿਆਂ ਨੂੰ ਕਿਉਂ ਬੋਲਣ ਨਹੀਂ ਦੇ ਰਹੇ? ਇਹ ਮੁੱਦੇ ਹੁਣ ਸਰਕਾਰ ਦੇ ਸਾਹਮਣੇ ਰੱਖੇ ਜਾਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਖੁਦ ਵਿਰੋਧੀ ਧਿਰਾਂ ਸਮੇਤ ਰਾਸ਼ਟਰੀ ਏਕਤਾ ਬਣਾਈ ਰੱਖਣ ਦੀ ਲਕਸ਼ਮਣ ਰੇਖਾ ਪਾਰ ਕਰ ਚੁੱਕੇ ਹਨ, ਇਸ ਲਈ ਹੁਣ ਇੰਡੀਆ ਬਲਾਕ ਦੀ ਪ੍ਰਧਾਨ ਮੰਤਰੀ ਦੁਆਰਾ ਨਿਰਧਾਰਤ ਨਿਯਮਾਂ ਦੇ ਅਨੁਸਾਰ ਚੱਲਣ ਦੀ ਕੋਈ ਨੈਤਿਕ ਜ਼ਿੰਮੇਵਾਰੀ ਨਹੀਂ ਹੈ। ਉਨ੍ਹਾਂ ਨੂੰ ਮਮਤਾ ਬੈਨਰਜੀ ਦਾ ਅਨੁਸਰਨ ਕਰਨਾ ਚਾਹੀਦਾ ਹੈ, ਜਿਸ ਨੇ ਏਜੰਡਾ ਤੈਅ ਕਰ ਦਿੱਤਾ ਹੈ। ਹੁਣ ਸਮਾਂ ਆ ਗਿਆ ਹੈ ਕਿ ਇੰਡੀਆ ਬਲਾਕ ਦੀਆਂ ਪਾਰਟੀਆਂ ਨੂੰ ਆਪ੍ਰੇਸ਼ਨ ਸੰਧੂਰ 'ਤੇ ਚਰਚਾ ਕਰਨ ਅਤੇ ਅਸਲ ਵਿਰੋਧੀ ਧਿਰ ਵਾਂਗ ਵਿਵਹਾਰ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

# ਕਾ.ਫ਼ੀ ਮਹੱਤਵਪੂਰਨ ਰਹੀ ਕਿੰਗ ਚਾਰਲਸ ਦੀ ਕੈਨੇਡਾ .ਫ਼ੇਰੀ



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)

ਡੋਨਾਲਡ ਟਰੰਪ ਨੇ ਅਮਰੀਕੀ ਮਹਾ-ਸ਼ਕਤੀ ਦੀ ਫ਼ੌਜੀ, ਯੁੱਧਨੀਤਕ, ਆਰਥਿਕ ਅਤੇ ਤਕਨੀਕੀ ਸ਼ਕਤੀ ਬਲਬੂਤੇ ਆਪਣੇ ਭਰੋਸਯੋਗ, ਪੱਕੇ ਭਾਈਵਾਲ ਅਤੇ ਸਹਿਯੋਗੀ ਗੁਆਂਢੀ, ਨਾਟੋ ਸੰਗਠਨ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ’ਤੇ ਬੇਰਹਿਮ, ਹਮਲਾਵਰ ਤੇ ਡਿਪਲੋਮੈਟਿਕ ਕਾਰਵਾਈ ਸ਼ੁਰੂ ਕੀਤੀ ਹੋਈ ਹੈ।

ਸ਼ਰਮਨਾਕ ਸਾਮਰਾਜਵਾਦੀ ਪ੍ਰਸਾਰਵਾਦ ਅਧੀਨ ਉਹ ਉਸ ਦੇ ਉੱਤਰੀ ਸਰਹੱਦੀ ਖ਼ੂਬਸੂਰਤ ਪ੍ਰਭੂਸੱਤਾ ਸੰਪੰਨ ਦੇਸ਼ ਕੈਨੇਡਾ ਨੂੰ ਆਪਣੇ 51ਵੇਂ ਸੂਬੇ ਵਜੋਂ ਧੱਕੇ ਨਾਲ ਸ਼ਾਮਲ ਕਰਨਾ ਚਾਹੁੰਦਾ ਹੈ। ਮੱਧ ਅਮਰੀਕੀ ਦੇਸ਼ ਪਨਾਮਾ ਵਿੱਚ ਉਸ ਵੱਲੋਂ ਉਸਾਰੀ ਨਹਿਰ ਪਨਾਮਾ ’ਤੇ ਮੁੜ ਕਬਜ਼ਾ ਕਰਨ, ਡੈਨਮਾਰਕ ਦੇ ਖ਼ੁਦਮੁਖਤਾਰ ਖੇਤਰ ਗਰੀਨਲੈਂਡ ਜਜ਼ੀਰੇ ’ਤੇ ਯੁੱਧਨੀਤਕ ਦ੍ਰਿਸ਼ਟੀਕੋਣ ਕਾਰਨ ਅਧਿਕਾਰ ਜਮਾਉਣ, ਮੈਕਸੀਕੋ ਖਾੜੀ ਦਾ ਜ਼ੋਰਾ-ਜਬਰੀ ਨਾਂ ਬਦਲ ਕੇ ਅਮਰੀਕੀ ਖਾੜੀ ਰੱਖਣ ’ਤੇ ਬਜ਼ਿੱਦ ਹੈ। ਇਵੇਂ ਹੀ ਵਿਸ਼ਵ ਭਰ ਦੇ ਦੇਸ਼ਾਂ ’ਤੇ 10 ਤੋਂ 30 ਪ੍ਰਤੀਸ਼ਤ ਟੈਰਿਫ਼ ਠੋਕਣ ’ਤੇ ਲਈ ਅੜਿਆ ਹੋਇਆ ਹੈ।

ਹਕੀਕਤ ਵਿੱਚ ਉਹ ਦੂਸਰੇ ਵਿਸ਼ਵ ਯੁੱਧ ਦੀ ਸਮਾਪਤੀ ’ਤੇ ਜੋ ਬਰੈਟਨਵੁੱਡ ਸੰਸਥਾਵਾਂ ਅਤੇ ਸੁਰੱਖਿਆ ਸਬੰਧੀ ਨਿਜ਼ਾਮ ਗਠਿਤ ਕੀਤਾ ਸੀ, ਕੌਮਾਂਤਰੀ ਤੇ ਕੌਮੀਅਤਾਂ ਅੰਦਰ ਮਸਲਿਆਂ ਦੇ ਹੱਲ ਅਤੇ ਸਦੀਵੀ ਸ਼ਾਂਤੀ ਲਈ ਸਥਾਪਤ ਯੂਐੱਨਓ ਦੀ ਥਾਂ ਇੱਕ ਅਮਰੀਕਾ ਕੇਂਦਰਿਤ ਸੁਪਰ ਆਰਥਿਕ, ਸਮਾਜਿਕ ਅਤੇ ਵਪਾਰਕ ਨਿਜ਼ਾਮ ਖੜ੍ਹਾ ਕਰਨਾ ਚਾਹੁੰਦਾ ਹੈ। ਟਰੰਪ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਪਿਛਲੇ ਮਹੀਨੇ ਓਵਲ ਦਫ਼ਤਰ, ਵ੍ਹਾਈਟ ਹਾਊਸ ਵਾਸ਼ਿੰਗਟਨ ਵਿਖੇ ਹੋਈ ਬੈਠਕ ਵਿੱਚ ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਕਰਨ ਦਾ ਮੁੱਦਾ ਉਠਾਉਣੋਂ ਬਾਜ਼ ਨਹੀਂ ਆਇਆ। ਜੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਵਿਕਰੀ ਲਈ ਨਹੀਂ ਹੈ ਤਾਂ ਢੀਠਤਾਈ ਨਾਲ ਉਹ ਇਹ ਕਹਿਣੋਂ ਮੁੜ ਬਾਜ਼ ਨਾ ਆਇਆ ਕਿ ਇਹ ਤਾਂ ਸਮਾਂ ਦੱਸੇਗਾ।

ਕਾਰਨੀ ਸਮਝ ਚੁੱਕਾ ਸੀ ਕਿ ਜੋ ਪਿਛਲੇ 70 ਸਾਲਾਂ ਤੋਂ ਕੈਨੇਡਾ ਆਪਣੇ ਅਮਰੀਕੀਕਰਨ ਦੀ ਵੱਡੀ ਗ਼ਲਤੀ ਕਰ ਰਿਹਾ ਸੀ, ਉਹ ਏਨੀ ਮਹਿੰਗੀ ਪੈ ਰਹੀ ਹੈ ਕਿ ਅਮਰੀਕੀ ਪ੍ਰਸ਼ਾਸਨ ਅਤੇ ਅਮਰੀਕੀ ਰਾਸ਼ਟਰਪਤੀ ਟਰੰਪ ਜਿਵੇਂ ਕੈਨੇਡਾ ਨੂੰ ਆਪਣੇ ਦੇਸ਼ ਵਿੱਚ 51ਵੇਂ ਰਾਜ ਵਜੋਂ ਸ਼ਾਮਲ ਕਰਨ ਲਈ ਬਜ਼ਿੱਦ ਹੋ ਰਹੇ ਹਨ, ਇਸ ਨੂੰ ਰੋਕਣ ਦਾ ਸਮਾਂ ਆ ਗਿਆ ਹੈ।

ਇੱਕ ਤਾਂ ਸੱਤਾ ਸੰਭਾਲਣ ਤੋਂ ਤੁਰੰਤ ਬਾਅਦ ਉਸ ਨੇ ਯੂਰਪ ਅੰਦਰ ਮੁੜ ਤੋਂ ਭਰੋਸੇਯੋਗ ਸਹਿਯੋਗੀ ਰਾਸ਼ਟਰਾਂ ਦੀ ਭਾਲ ਆਰੰਭ ਦਿੱਤੀ ਹੈ। ਯੂਨਾਈਟਿਡ ਕਿੰਗਡਮ ਦੇ ਰਾਜਾ ਚਾਰਲਸ ਤੀਜੇ ਨੇ ਕੈਨੇਡਾ ਦੇ ਰਾਜੇ ਤੇ ਸੰਵਿਧਾਨਕ ਮੁਖੀ ਵਜੋਂ ਮੁਲਕ ਦੀ ਨਵੀਂ ਚੁਣੀ 45ਵੀਂ ਪਾਰਲੀਮੈਂਟ ਦੇ ਉਦਘਾਟਨੀ ਭਾਸ਼ਣ ਭਾਵ ‘ਤਾਜ ਤੋਂ ਭਾਸ਼ਣ’ ਬਹਾਨੇ ਕੈਨੇਡਾ ਦੀ ਯਾਤਰਾ ਕੀਤੀ।

ਕਾਰਨੀ ਦੀ ਯੂ.ਕੇ. ਤੇ ਫ਼ਰਾਂਸ ਯਾਤਰਾ ਨੇ ਅਮਰੀਕਾ ਅਤੇ ਰਾਸ਼ਟਰਪਤੀ ਟਰੰਪ ਨੂੰ ਸਪਸ਼ਟ ਸੰਦੇਸ਼ ਦਿੱਤਾ ਕਿ ਭਵਿੱਖ ਵਿੱਚ ਕਿਸੇ ਵੀ ਸੂਰਤ ਵਿੱਚ ਕੈਨੇਡਾ ਅਮਰੀਕਾ ’ਤੇ ਨਿਰਭਰ ਨਹੀਂ ਰਹੇਗਾ। ਹੁਣ ਕੈਨੇਡਾ ਯੂਰਪ, ਲਤੀਨੀ ਅਮਰੀਕਾ, ਏਸ਼ੀਆ ਤੇ ਅਫ਼ਰੀਕਾ ਅੰਦਰ ਸੁਰੱਖਿਆ, ਤਕਨੀਕੀ, ਵਪਾਰਕ, ਫ਼ਾਰਮੇਸੀ ਤੇ ਸਾਇੰਸੀ ਖੇਤਰਾਂ ਵਿਚ ਭਰੋਸੇਮੰਦ ਸਹਿਯੋਗੀ ਸਥਾਪਤ ਕਰੇਗਾ।

ਰਾਜਾ ਚਾਰਲਸ ਯੂ.ਕੇ. ਦਾ ਤਾਜ ਸੰਭਾਲਣ ਤੋਂ ਪਹਿਲਾਂ 19 ਵਾਰ ਕੈਨੇਡਾ ਆ ਚੁੱਕਾ ਸੀ ਲੇਕਿਨ ਰਾਜੇ ਵਜੋਂ ਰਾਣੀ ਕੈਮਿਲਾ ਨਾਲ ਇਹ ਉਨ੍ਹਾਂ ਦੀ 20ਵੀਂ ਪਰ ਕੈਨੇਡਾ ਦੇ ਸੰਵਿਧਾਨਕ ਮੁਖੀ ਵਜੋਂ ਪਹਿਲੀ ਫ਼ੇਰੀ ਸੀ।

ਪੂਰੇ ਸ਼ਾਹੀ ਰੰਗ-ਢੰਗ, ਜਾਹੋ-ਜਲਾਲ ਅਤੇ ਸਨਮਾਨ ਨਾਲ ਕੈਨੇਡਾ ਦੇ ਸਮੁੱਚੇ ਭਾਈਚਾਰੇ, ਫ਼ਸਟ ਨੇਸ਼ਨਜ਼ ਪ੍ਰਤੀਨਿਧਾਂ ਅਤੇ ਕਾਰਨੀ ਲਿਬਰਲ ਸਰਕਾਰ ਵੱਲੋਂ



ਇਸਤਕਬਾਲ ਕੀਤਾ ਗਿਆ। ‘ਨਿਊਯਾਰਕ ਟਾਈਮਜ਼’ ਅਖ਼ਬਾਰ ਅਨੁਸਾਰ ਰਾਜਾ ਚਾਰਲਸ ਦੀ ਕੈਨੇਡਾ ਫ਼ੇਰੀ ਰਾਸ਼ਟਰਪਤੀ ਟਰੰਪ ਲਈ ਸੂਖ਼ਮ ਫ਼ਿਟਕਾਰ ਸੀ। ਟਰੰਪ ਰਾਜੇ ਚਾਰਲਸ ਵੱਲੋਂ ਸ਼ਾਹੀ ਭੋਜ ਦੇ ਸੱਦੇ ਵੇਲੇ ਉਸ ਨੂੰ ਖ਼ੂਬਸੂਰਤ ਤੇ ਇੱਕ ਸ਼ਾਨਦਾਰ ਮਨੁੱਖ ਕਹਿ ਕੇ ਸਲਾਹੁੰਦਾ ਹੈ।

ਬਗ਼ੈਰ ਕੋਈ ਭੱਦਾ ਸ਼ਬਦ ਕਹੇ ਰਾਜਾ ਚਾਰਲਸ ਨੇ ਰਾਸ਼ਟਰਪਤੀ ਟਰੰਪ ਨੂੰ ਤਾੜਨਾ ਭਰਿਆ ਸੰਦੇਸ਼ ਦੇ ਦਿੱਤਾ ਕਿ ਉਹ ਕੈਨੇਡਾ ਦਾ ਰਾਜਾ ਹੈ। ਮੈਂ ਤੁਹਾਨੂੰ ਪੂਰੇ ਪਿਆਰ-ਸਤਿਕਾਰ ਨਾਲ ਦੱਸ ਦੇਣਾ ਚਾਹੁੰਦਾ ਹਾਂ ਕਿ ਕੈਨੇਡਾ ਕਦੇ ਵੀ ਤੁਹਾਡਾ ਹਿੱਸਾ ਨਹੀਂ ਹੋ ਸਕਦਾ। ਇਸ ਨਾਲ ਮੇਰਾ ਨਿੱਜ ਸਬੰਧਤ ਹੈ।ਸੋ, ਇੱਧਰ ਝਾਕਣਾ ਬੰਦ ਕਰੋ। ਜੇ ਤੁਸੀਂ ਇਸ ਨੂੰ ਹੜੱਪਣ ਦਾ ਮਨਸੂਬਾ ਕਾਇਮ ਰੱਖਦੇ ਹੋ ਤਾਂ ਮੈਂ ਤੁਹਾਡੀ ਬਰਤਾਨਵੀ ਯਾਤਰਾ ਰੱਦ ਕਰ ਦੇਵਾਂਗਾ। ਤੁਸੀਂ ਕੈਨੇਡਾ ਨੂੰ ਨਹੀਂ, ਮੈਨੂੰ ਧਮਕੀ ਦੇਵੋਗੇ ਜੇ ਅਜਿਹਾ ਕਰਦੇ ਹੋ।

ਭਾਵੇਂ ਰਾਜਾ ਚਾਰਲਸ ਦੀ ਕੈਨੇਡਾ ਅੰਦਰ ਮੌਜੂਦਗੀ ਸਮੇਂ 27 ਮਈ ਨੂੰ ਟਰੰਪ ਇਹ ਕਹਿਣੋਂ ਬਾਜ਼ ਨਹੀਂ ਆਇਆ ਕਿ ਜੇਕਰ ਕੈਨੇਡਾ 51ਵਾਂ ਰਾਜ ਬਣਨਾ ਸਵੀਕਾਰ ਕਰ ਲਵੇ ਤਾਂ ਨਵੇਂ ਸੁਰੱਖਿਆ ਸਿਸਟਮ ‘ਗੋਲਡਨ ਡੋਮ’ ਲਈ ਉਸ ਦੇ ਹਿੱਸੇ ਦੇ 61 ਬਿਲੀਅਨ ਡਾਲਰ ਮਾਫ਼ ਕਰ ਦਿੱਤੇ ਜਾਣਗੇ। ਕੈਨੇਡਾ ਨੇ ਸਾਫ਼ ਦੁਹਰਾਇਆ ਕਿ ਅਜਿਹਾ ਕਦੇ ਨਹੀਂ ਹੋ ਸਕਦਾ। ਕੈਨੇਡਾ ਅੰਦਰ ਅਮਰੀਕੀ ਰਾਜਦੂਤ ਪੇਟੇ ਹੋਇਕਸਤਰਾ ਨੇ ਬਿਲਕੁਲ ਸਪਸ਼ਟ ਕਰ ਦਿੱਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਵੱਲੋਂ 51ਵਾਂ ਰਾਜ ਦਾ ਵਿਚਾਰ ਖ਼ਤਮ ਹੋ ਚੁੱਕਾ ਹੈ।

ਇਹ ਕੈਨੇਡਾ ’ਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਰਾਸ਼ਟਰੀ ਇਕਜੁੱਟਤਾ, ਦੇਸ਼ ਭਗਤੀ ਪ੍ਰਬਲਤਾ ਅਤੇ ਮਜ਼ਬੂਤੀ ਲਈ ਇੱਕ ਰਾਜਨੀਤਕ ਔਜ਼ਾਰ ਵਜੋਂ ਵਰਤਣਾ ਜਾਰੀ ਰੱਖੇ। ਅਕਸਰ ਨਵੀਂ ਪਾਰਲੀਮੈਂਟ ਦਾ ਆਗਾਜ਼ ‘ਕਰਾਊਨ ਭਾਸ਼ਣ’ ਕਰਾਊਨ ਦੇ ਕੈਨੇਡਾ ਅੰਦਰ ਪ੍ਰਤੀਨਿਧ ਗਵਰਨਰ ਜਨਰਲ ਵੱਲੋਂ ਦਿੱਤੇ ਜਾਣ ਨਾਲ ਹੁੰਦਾ ਹੈ। ਗਵਰਨਰ ਜਨਰਲ ਦੀ ਚੋਣ ਕੈਨੇਡਾ ਸਰਕਾਰ ਵੱਲੋਂ ਸੰਵਿਧਾਨਕ ਵਿਧੀ ਦੁਆਰਾ ਕੀਤੀ ਜਾਂਦੀ ਹੈ। ਪਰ ਅਮਰੀਕਾ ਤੇ ਉਸ ਦੇ ਰਾਸ਼ਟਰਪਤੀ ਟਰੰਪ ਨੂੰ ਕਰਾਰਾ ਤੇ ਢੁੱਕਵਾਂ ਜਵਾਬ ਦੇਣ ਲਈ ਇਸ ਵਾਰ ਗਵਰਨਰ ਜਨਰਲ ਮੇਰੀ ਸਇਮਾਂ ਦੀ ਥਾਂ ਰਾਜਾ ਚਾਰਲਸ ਕੈਨੇਡਾ ਦੇ ਸੰਵਿਧਾਨਕ ਮੁਖੀ ਦੁਆਰਾ ‘ਕਰਾਊਨ ਭਾਸ਼ਣ’ ਪੜ੍ਹਿਆ ਗਿਆ।

ਇਹ ਏਨਾ ਮਹੱਤਵਪੂਰਨ ਤੇ ਜ਼ਰੂਰੀ ਸਮਝਿਆ ਗਿਆ ਕਿ ਕੈਂਸਰ ਪੀੜਤ ਹੋਣ ਅਤੇ ਹਰ ਹਫ਼ਤੇ ਕੈਮੋਥ੍ਰੈਪੀ ਚੱਲਣ ਦੇ ਬਾਵਜੂਦ ਰਾਜਾ ਚਾਰਲਸ ਇਸ ਮੰਤਵ ਲਈ ਰਾਣੀ ਕੈਮਿਲਾ ਨਾਲ ਰਾਜਧਾਨੀ ਓਟਾਵਾ ਪੁੱਜੇ।

ਰਾਜੇ ਨੇ ਆਪਣੇ ਭਾਸ਼ਣ, ਜੋ ਪ੍ਰਧਾਨ ਮੰਤਰੀ ਕਾਰਨੀ ਅਤੇ ਰਾਜੇ ਦੇ ਦਫ਼ਤਰ ਵੱਲੋਂ ਮਿਲ ਕੇ ਤਿਆਰ ਕੀਤਾ ਗਿਆ ਸੀ, ਵਿੱਚ ਬਹੁਤ ਸੰਜੀਦਾ, ਭਾਵਪੂਰਵਕ, ਜ਼ਬਰਦਸਤ ਅਤੇ ਮਜ਼ਬੂਤ ਸੰਦੇਸ਼ ਦਿੱਤਾ ਕਿ ਕੈਨੇਡਾ ਇਕ ਪ੍ਰਭੂਸੱਤਾ ਸੰਪੰਨ ਦੇਸ਼ ਹੈ। ਕਰਾਊਨ ਇਸ ਦੀ ਏਕਤਾ ਅਤੇ ਇਕਜੁੱਟਤਾ ਦਾ ਪ੍ਰਤੀਕ ਹੈ।

ਕਾਰਨੀ ਦੀ ਲਿਬਰਲ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੇਗੀ ਜਿਵੇਂ ਕਿ ਮੱਧ ਵਰਗ ’ਤੇ ਟੈਕਸ ਕਟੌਤੀ, ਅੰਤਰਰਾਜੀ ਵਪਾਰਕ ਬੈਰੀਅਰ ਖੋਲ੍ਹਣਾ, ਕੈਨੇਡਾ ਨੂੰ ਵਿਸ਼ਵ ਵਿੱਚ ਸੁਪਰ ਊਰਜਾ ਸੰਪੰਨ ਦੇਸ਼ ਬਣਾਉਣਾ, ਮੁੱਢਲੇ ਢਾਂਚੇ ਸਬੰਧੀ ਪ੍ਰਾਜੈਕਟ ਪੂਰੇ ਕਰਨੇ, ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਕੈਨੇਡੀਅਨ ਆਰਥਿਕਤਾ ਨੂੰ ਵੱਡ ਆਕਾਰੀ ਬਣਾਉਣਾ ਆਦਿ। ਕੈਨੇਡਾ ਅਮਰੀਕਾ ਨਾਲ ਸੁਰੱਖਿਆ, ਉਤਪਾਦਕ ਅਤੇ ਵਪਾਰਕ ਸਬੰਧ ਜਾਰੀ ਰੱਖੇਗਾ ਪਰ ਹੋਰ ਸਹਿਯੋਗੀ ਤੇ ਮਿੱਤਰ ਰਾਸ਼ਟਰਾਂ ਨਾਲ ਨਵੇਂ ਵਪਾਰਕ, ਸੁਰੱਖਿਆ, ਤਕਨੀਕੀ, ਡਿਪਲੋਮੈਟਿਕ ਸਬੰਧਾਂ ਲਈ ਦਰਵਾਜ਼ੇ ਖੋਲ੍ਹ ਰਿਹਾ ਹੈ।

ਫ਼ਰੈਂਚ ਭਾਸ਼ਾ ’ਚ ਭਾਸ਼ਣ ਰਾਹੀਂ ਰਾਜੇ ਨੇ ਕੈਨੇਡੀਅਨ ਖ਼ੂਬਸੂਰਤ ਲੋਕਤੰਤਰ, ਸੰਵਿਧਾਨ ਕਾਨੂੰਨ, ਬਹੁ-ਖੇਤਰਵਾਦ, ਗਲੋਬਲ ਵਪਾਰਕ ਪੁਜ਼ੀਸ਼ਨ ’ਤੇ ਚਾਨਣਾ ਪਾਇਆ। ਕਿਵੇਂ ਕੈਨੇਡਾ ਆਪਣੀਆਂ ਉੱਚ ਨੈਤਿਕ ਕਦਰਾਂ-ਕੀਮਤਾਂ, ਕੌਮਾਂਤਰੀ ਵਿਵਹਾਰ ਤੇ ਚੰਗਿਆਈ ਕਰਕੇ ਪ੍ਰਸਿੱਧ ਹੈ, ਇਸ ਦਾ ਖ਼ੁਲਾਸਾ ਕੀਤਾ। ਕੈਨੇਡੀਅਨ ਫ਼ੌਜ ਨੂੰ ਨਵੇਂ ਸਿਰਿਓਂ ਉਸਾਰਨ, ਆਧੁਨਿਕ ਤਕਨੀਕ ਤੇ ਹਥਿਆਰਾਂ ਨਾਲ ਲੈਸ ਕਰਨ ਲਈ ਵੱਡਾ ਨਿਵੇਸ਼ ਕੀਤਾ ਜਾਵੇਗਾ। ਮੂਲ ਨੇਸ਼ਨਜ਼ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਅੱਜ ਵਿਸ਼ਵ ਬਹੁਤ ਹੀ ਖ਼ਤਰਨਾਕ ਤੇ ਅਨਿਸ਼ਚਿਤ ਦੌਰ ਵਿਚ ਖੜ੍ਹਾ ਹੈ। ਕੈਨੇਡਾ ਨੂੰ ਬਹੁਤ ਵੱਡੀਆਂ ਅਸਾਧਾਰਨ ਚੁਣੌਤੀਆਂ ਦਰਪੇਸ਼ ਹਨ ਜਿਨ੍ਹਾਂ ਨਾਲ ਹਮਲਾਵਰ ਢੰਗ ਨਾਲ ਨਜਿੱਠਿਆ ਜਾਵੇਗਾ।

(ਬਾਕੀ ਸਫ਼ਾ 30 ’ਤੇ)

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਭਾਰਤ ਕੁਦਰਤੀ ਖੇਤੀ ਨੂੰ ਅਪਣਾ ਕੇ ਇਨਕਲਾਬੀ ਪਰਿਵਰਤਨ ’ਤੇ ਧਿਆਨ ਕੇਂਦਰਿਤ ਕਰੇ

**ਹਰਪਿੰਦਰ ਸਿੰਘ ਸੰਧੂ**

145 ਕਰੋੜ ਦੀ ਆਬਾਦੀ ਵਾਲਾ ਭਾਰਤ ਆਪਣੀਆਂ ਖ਼ੁਰਾਕ ਅਤੇ ਪੋਸ਼ਣ ਸੰਬੰਧੀ ਜ਼ਰੂਰਤਾਂ ਪੂਰੀਆਂ ਕਰਨ ਦੇ ਮਾਮਲੇ ਵਿੱਚ ਆਤਮ-ਨਿਰਭਰ ਹੈ। ਪਿਛਲੇ 70 ਸਾਲਾਂ ਵਿੱਚ ਇਸ ਖੇਤੀਬਾੜੀ ਅਧੀਨ ਖੇਤਰ ਦਾ ਵਿਸਥਾਰ ਕਰਕੇ ਅਤੇ ਹਰੀ ਕ੍ਰਾਂਤੀ ਦੇ ਅਭਿਆਸਾਂ ਨੂੰ ਤੇਜ਼ ਕਰਕੇ ਪ੍ਰਾਪਤ ਕੀਤਾ ਗਿਆ ਹੈ। ਭੋਜਨ ਦੀ ਮੰਗ ਵਿੱਚ 2-3 ਫ਼ੀਸਦੀ ਦੇ ਸਾਲਾਨਾ ਵਾਧੇ ਨਾਲ ਭਾਰਤ ਨੂੰ 2050 ਤੱਕ 50 ਫ਼ੀਸਦੀ ਹੋਰ ਅਨਾਜ ਪੈਦਾ ਕਰਨਾ ਪਵੇਗਾ। ਭਾਰਤ ’ਚ 2050 ਤੱਕ ਅਨਾਜ ਦੀ ਇਹ ਮੰਗ ਪੂਰੀ ਨਹੀਂ ਹੋ ਸਕੇਗੀ। ਖੇਤੀ ਦੀ ਮੌਜੂਦਾ ਪ੍ਰਣਾਲੀ ਨੂੰ ਜਾਰੀ ਰੱਖਣਾ ਕੋਈ ਬਦਲ ਨਹੀਂ ਹੈ, ਜੋ ਕਿ ਰਸਾਇਣਕ ਖਾਦਾਂ ’ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ ਅਤੇ ਜਿਸ ਕਾਰਨ ਮਿੱਟੀ ਦੀ ਸਿਹਤ ’ਚ ਚਿੰਤਾਜਨਕ ਪੱਧਰ ਤੱਕ ਗਿਰਾਵਟ ਆਈ ਹੈ ਅਤੇ ਇਸ ਦੀ ਹਾਲਤ ਕਿਸੇ ਹਸਪਤਾਲ ਦੇ ਆਈ.ਸੀ.ਯੂ. ’ਚ ਪਏ ਮਰੀਜ਼ ਵਰਗੀ ਹੈ, ਜਿਸ ਦੀ ਸਿਹਤ ਦਿਨੋ-ਦਿਨ ਹੋਰ ਨਿਘਾਰ ਵੱਲ ਜਾ ਰਹੀ ਹੋਵੇ। ਅਜਿਹੀ ਫ਼ਾਲਤੂ ਖੇਤੀਬਾੜੀ ਪ੍ਰਣਾਲੀ ’ਤੇ ਪੂਰੀ ਤਰ੍ਹਾਂ ਨਾਲ ਨਿਰਭਰ ਰਹਿਣਾ ਭਾਰਤ ਦੀ ਖ਼ੁਰਾਕ, ਪੋਸ਼ਣ ਅਤੇ ਵਾਤਾਵਰਣ ਸੁਰੱਖਿਆ ਨੂੰ ਗੰਭੀਰ ਖ਼ਤਰੇ ’ਚ ਪਾਉਣ ਵਾਲੀ ਗੱਲ ਹੈ।

ਸੰਯੁਕਤ ਰਾਸ਼ਟਰ ਫ਼ੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐੱਫ਼.ਏ.ਓ.) ਵਲੋਂ ਖ਼ੁਰਾਕ ਅਤੇ ਖੇਤੀਬਾੜੀ ਦੀ ਸਥਿਤੀ ’ਤੇ ਹਾਲ ਹੀ ਵਿੱਚ ਜਾਰੀ ਕੀਤੀ ਰਿਪੋਰਟ ’ਚ ਵਿਸ਼ਵ ਖੇਤੀਬਾੜੀ ਅਤੇ ਭੋਜਨ ਪ੍ਰਣਾਲੀਆਂ ਦੇ ਵਧਦੇ ਸਮਾਜਿਕ, ਸਿਹਤ ਅਤੇ ਵਾਤਾਵਰਣਕ ਖਰਚਿਆਂ ਨੂੰ ਉਜਾਗਰ ਕੀਤਾ ਗਿਆ ਹੈ। ਇਨ੍ਹਾਂ ਦੀ ਲਾਗਤ ਕੁੱਲ 12 ਟ੍ਰਿਲੀਅਨ ਡਾਲਰ ਸਾਲਾਨਾ ਹੈ, ਜਦੋਂਕਿ ਉਤਪਾਦਨ ਦੇ ਮੌਜੂਦਾ ਤਰੀਕੇ ਦੁਨੀਆ ਭਰ ’ਚ 8 ਅਰਬ ਤੋਂ ਵੱਧ ਲੋਕਾਂ ਦੀਆਂ ਕੈਲੋਰੀ ਲੋੜਾਂ ਨੂੰ ਪੂਰਾ ਕਰ ਸਕਦੇ ਹਨ ਪਰ ਇਸ ਨਾਲ ਸਾਡੇ ਸਮਾਜ ਅਤੇ ਵਾਤਾਵਰਨ ਨੂੰ ਵੱਡਾ ਨੁਕਸਾਨ ਹੁੰਦਾ ਹੈ।

ਐੱਫ਼.ਏ.ਓ. ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਖੇਤੀ ਖ਼ੁਰਾਕ ਪ੍ਰਣਾਲੀ ’ਚ ਲੁਕੀਆਂ ਲਾਗਤਾਂ ਹਨ, ਜਿਨ੍ਹਾਂ ’ਚ ਸਿਹਤ, ਵਾਤਾਵਰਣ ਅਤੇ ਸਮਾਜ ਨੂੰ ਹੋਣ ਵਾਲੇ ਨੁਕਸਾਨ ਸ਼ਾਮਿਲ ਹਨ। ਪਿਛਲੇ ਛੇ ਦਹਾਕਿਆਂ ’ਚ ਲਗਾਤਾਰ ਸਿੰਥੈਟਿਕ ਖਾਦਾਂ ਦੀ ਕੀਤੀ ਜਾ ਰਹੀ ਵਰਤੋਂ ਨਾਲ ਮਿੱਟੀ ’ਚ ਜੈਵਿਕ ਕਾਰਬਨ ਦੀ ਮਾਤਰਾ 1947 ਦੀ ਸਿਹਤ ਰਾਸ਼ਟਰੀ ਔਸਤ 2.4 ਫ਼ੀਸਦੀ ਤੋਂ ਘਟ ਕੇ ਅੱਜ ਕੇਵਲ 0.4 ਫ਼ੀਸਦੀ ਰਹਿ ਗਈ ਹੈ। ਇਹ ਚਿੰਤਾਜਨਕ ਹੈ ਅਤੇ 1.5 ਫ਼ੀਸਦੀ ਦੀ ਹੱਦ ਤੋਂ ਬਹੁਤ ਘੱਟ ਹੈ, ਜੋ ਕਿ ਮਿੱਟੀ ਦੇ ਕਾਸ਼ਤਯੋਗ ਗੁਣਾਂ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਇਸ ਨੇ ਨਾ ਸਿਰਫ਼ ਖ਼ੁਰਾਕ ਸੁਰੱਖਿਆ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਇਸ ਨੇ ਭਾਰਤ ਨੂੰ ਪਿਛਲੇ 70 ਸਾਲਾਂ ਵਿੱਚ 47.7 ਲੱਖ ਕਰੋੜ ਰੁਪਏ (564 ਅਰਬ ਡਾਲਰ) ਦੀ ਵੱਡੀ ਰਕਮ ਦਾ ਨੁਕਸਾਨ ਵੀ ਕੀਤਾ ਹੈ, ਜੋ ਕਿ ਹਰ ਸਾਲ 68,243 ਕਰੋੜ ਰੁਪਏ (8.06 ਅਰਬ ਡਾਲਰ) ਦੇ ਬਰਾਬਰ ਕਾਰਬਨ ਮੁੱਲ ਹਾਨੀ ਹੈ।

ਇਹ ਲਾਗਤ ਖਰਚੇ ਖਾਦ ਉਦਯੋਗ ਨੂੰ ਪ੍ਰਤੀ ਸਾਲ 2 ਲੱਖ ਕਰੋੜ ਰੁਪਏ (25 ਅਰਬ ਡਾਲਰ) ਦੀ ਮੌਜੂਦਾ ਸਬਸਿਡੀ ਤੋਂ ਇਲਾਵਾ ਹਨ। ਸਿੰਥੈਟਿਕ ਖਾਦਾਂ ਦੀ ਵਰਤੋਂ ਨਾਲ



ਕਰੀਬ 250 ਲੱਖ ਟਨ ਗ੍ਰੀਨਹਾਊਸ ਗੈਸ ਨਿਕਾਸ (ਸੀ.ਓ.2ਈ.) ਵੀ ਹੁੰਦਾ ਹੈ, ਜਿਸ ਦੀ ਲਾਗਤ ਪ੍ਰਤੀ ਸਾਲ 14,813 ਕਰੋੜ ਰੁਪਏ (1.75 ਅਰਬ ਡਾਲਰ) ਹੁੰਦੀ ਹੈ। ਇਹ ਸਬਸਿਡੀਆਂ ਸਿੰਥੈਟਿਕ ਖਾਦਾਂ ਦੀ ਫ਼ਜ਼ੂਲ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੀਆਂ ਹਨ, ਜੋ ਸਿੱਧੇ ਤੌਰ ’ਤੇ ਮਿੱਟੀ ਦੀ ਕੁਦਰਤੀ ਸਮਰੱਥਾ ਨੂੰ ਘਟਾਉਂਦੀਆਂ ਹਨ, ਭਾਰੀ ਗ੍ਰੀਨਹਾਊਸ ਗੈਸਾਂ ਪੈਦਾ ਕਰਦੀਆਂ ਹਨ, ਜੋ ਭਾਰਤ ਦੀ ਖ਼ੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਗੰਭੀਰ ਰੂਪ ਨਾਲ ਖ਼ਤਰੇ ’ਚ ਪਾਉਂਦੀਆਂ ਹਨ।

ਮਿੱਟੀ ਦੀ ਸਿਹਤ ’ਚ ਇਸ ਗਿਰਾਵਟ ਦੇ ਕਾਰਨ ਖਾਦਾਂ ਦੀ ਪ੍ਰਤੀਕਿਰਿਆ ਅਨੁਪਾਤ 1960-69 ’ਚ 12.1 ਕਿੱਲੋਗ੍ਰਾਮ ਅਨਾਜ ਪ੍ਰਤੀ ਕਿੱਲੋਗ੍ਰਾਮ ਐੱਨ.ਪੀ.ਕੇ. (ਨਾਈਟ੍ਰੋਜਨ, ਫ਼ਾਸਫ਼ੋਰਸ ਅਤੇ ਪੋਟਾਸ਼ੀਅਮ) ਤੋਂ ਘਟ ਕੇ 2010-17 ਵਿੱਚ ਸਿਰਫ਼ 5.1 ਕਿੱਲੋਗ੍ਰਾਮ ਅਨਾਜ ਪ੍ਰਤੀ ਕਿੱਲੋਗ੍ਰਾਮ ਐੱਨ.ਪੀ.ਕੇ. ਰਹਿ ਗਿਆ ਹੈ। ਜੇਕਰ ਇਸ ਤਰ੍ਹਾਂ ਦਾ ਰੁਝਾਨ ਜਾਰੀ ਰਿਹਾ ਤਾਂ ਭਾਰਤ ਨੂੰ 2035 ਦੀ ਸ਼ੁਰੂਆਤ ਵਿੱਚ ਹੀ ਭੋਜਨ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਦਾ ਅੰਸ਼ਕ ਕਾਰਨ ਵਧਦੀ ਆਬਾਦੀ ਵੱਲੋਂ ਭੋਜਨ ਦੀ ਮੰਗ ਵਿੱਚ ਵਾਧਾ, ਜਲਵਾਯੂ ਪ੍ਰਭਾਵਾਂ ਕਾਰਨ ਉਤਪਾਦਕਤਾ ’ਚ ਕਮੀ, ਮਿੱਟੀ ਦੀ ਸਿਹਤ ਦਾ ਨੁਕਸਾਨ ਅਤੇ ਸਿੰਥੈਟਿਕ ਖਾਦਾਂ ਪ੍ਰਤੀ ਘਟਦੀ ਪ੍ਰਤੀਕਿਰਿਆ ਹੈ। ਜੇਕਰ ਮਿੱਟੀ ਦੀ ਸਿਹਤ ਨਾਕਾਮ ਹੁੰਦੀ ਹੈ ਤਾਂ ਭਾਰਤੀ ਖੇਤੀ ਸਫ਼ਲ ਨਹੀਂ ਹੋ ਸਕਦੀ। ਇਸ ਲਈ ਭਾਰਤ ਨੂੰ ਜਲਵਾਯੂ ਅਨੁਕੂਲ, ਕੁਦਰਤ-ਅਧਾਰਿਤ, ਬਦਲਵੇਂ ਖੇਤੀ ਮਾਡਲ ਦੀ ਭਾਲ ਕਰਨੀ ਚਾਹੀਦੀ ਹੈ, ਜੋ ਖੇਤੀ ਨਾਲ ਜੁੜੇ ਭਾਰੀ ਜ਼ੋਖ਼ਮਾਂ ਨੂੰ ਘੱਟ ਕਰੇ, ਉਤਪਾਦਕਤਾ ਅਤੇ ਕਿਸਾਨਾਂ ਦੀ ਰੋਜ਼ੀ-ਰੋਟੀ ਵਿੱਚ ਸੁਧਾਰ ਕਰੇ, ਨਾਲ ਹੀ ਧਰਤੀ ਦੀਆਂ ਹੱਦਾਂ ਦਾ ਵੀ ਸਨਮਾਨ ਕਰੇ ਅਤੇ ਮਨੁੱਖੀ ਸਿਹਤ ਨੂੰ ਨੁਕਸਾਨ ਨਾ ਪਹੁੰਚਾਏ। ਭਾਰਤ ਨੂੰ ਆਪਣੀ ਖ਼ੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਜਿਹੀ ਖੇਤੀ ਨੂੰ ਮੁੱਖਧਾਰਾ ਵਿੱਚ ਲਿਆਉਣ ਦੀ ਲੋੜ ਹੈ।

ਭਾਰਤੀ ਖੇਤੀ ਨੂੰ ਸੁਰੱਖਿਅਤ ਰੱਖਣ ਲਈ ਕੁਦਰਤੀ ਖੇਤੀ ਬਾਰੇ ਪ੍ਰਧਾਨ ਮੰਤਰੀ ਦਾ ਰਾਸ਼ਟਰੀ ਮਿਸ਼ਨ ਇਨ੍ਹਾਂ ਖ਼ਤਰਿਆਂ ਦੇ ਖ਼ਿਲਾਫ਼ ਖੜ੍ਹਾ ਹੈ। ਸਾਨੂੰ ਟਿਕਾਊ ਖੇਤੀਬਾੜੀ ਅਭਿਆਸਾਂ ਦੁਆਰਾ ਬਣਾਏ ਗਏ ਮੁੱਲ ਦੀ ਪੂਰੀ ਤਰ੍ਹਾਂ ਕਦਰ ਕਰਨ ਦੀ ਲੋੜ ਹੈ। ਖੇਤੀ ਵਿਗਿਆਨ ਦੇ ਸਿਧਾਂਤਾਂ ’ਤੇ ਆਧਾਰਿਤ ਪੁਨਰ-ਉਤਪਾਦਕ ਖੇਤੀ, ਲਾਗਤਾਂ ਨੂੰ ਘਟਾਉਣ, ਮਿੱਟੀ ਦੀ ਸਿਹਤ ਨੂੰ ਬਿਹਤਰ ਬਣਾਉਣ, ਜ਼ਮੀਨੀ ਪਾਣੀ ਦੀ ਸਹੀ ਵਰਤੋਂ ਨੂੰ ਉਤਸ਼ਾਹਿਤ ਕਰਨ, ਕੁਦਰਤੀ ਸਰੋਤਾਂ ਦੀ ਕਮੀ ਨੂੰ ਘਟਾਉਣ ਅਤੇ ਉਸੇ ਸਮੇਂ ਖੇਤੀ ਉਤਪਾਦਕਤਾ ਅਤੇ ਮੁਨਾਫ਼ੇ ਨੂੰ ਵਧਾਉਣ ਵਿਚ ਮਦਦ ਕਰ ਸਕਦੀ ਹੈ। ਇਕ ਤਾਜ਼ਾ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਸਮਾਜ-ਪ੍ਰਬੰਧਿਤ ਕੁਦਰਤੀ ਖੇਤੀ ਨੇ ਪੇਂਡੂ ਭਾਰਤ ਵਿੱਚ ਸਫ਼ਲਤਾਪੂਰਵਕ ਸਮਾਜਿਕ ਪੂੰਜੀ ਦਾ ਨਿਰਮਾਣ ਕਰਕੇ ਕਿਸਾਨਾਂ, ਖੇਤ ਮਜ਼ਦੂਰਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਖਪਤਕਾਰਾਂ ਦੀ ਸਿਹਤ ਵਿੱਚ ਵੀ ਸੁਧਾਰ ਕੀਤਾ ਹੈ। ਅਜਿਹੇ ਸਬੂਤਾਂ ਦੇ ਆਧਾਰ ’ਤੇ ਭਾਰਤ ਨੂੰ ਆਪਣੀ ਖ਼ੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਕਾਇਮ ਰੱਖਣ ਲਈ ਆਪਣੀ ਖੇਤੀ ਨੂੰ ਫ਼ਿਰ ਤੋਂ ਨਵਾਂ ਰੂਪ ਦੇਣਾ ਚਾਹੀਦਾ ਹੈ। ਇਹ ਉਨ੍ਹਾਂ ਪ੍ਰਣਾਲੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਵਿਸਥਾਰ ਕਰਕੇ ਸੰਭਵ ਹੈ। ਵਰਤਮਾਨ ’ਚ ਪ੍ਰਚੱਲਿਤ ਖੇਤੀਬਾੜੀ ਅਭਿਆਸ ਦੇ ਸਮਰਥਕ ਖੇਤੀ ਪ੍ਰਣਾਲੀਆਂ ਵਿਚ ਸਿੰਥੈਟਿਕ ਖਾਦਾਂ ’ਤੇ ਭਰੋਸਾ ਕਰਨਾ ਜਾਰੀ ਰੱਖਦੇ ਹਨ, ਜਦੋਂਕਿ ਕੁਦਰਤੀ ਖੇਤੀ ਡੂੰਘਾਈ ਨਾਲ ਖੋਜ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਦੀ ਵਰਤੋਂ ਕਰਕੇ ਪ੍ਰਤੀ ਇਕਾਈ ਦੀ ਉਤਪਾਦਕਤਾ ਨੂੰ ਵਧਾਉਣਾ ਇਸ ਵਿਚ ਸ਼ਾਮਿਲ ਹੈ। ਕੁਦਰਤੀ ਖੇਤੀ ਭਾਰਤੀ ਖੇਤੀ ਲਈ ਜ਼ੋਖ਼ਮਾਂ ਨੂੰ ਘੱਟ ਕਰਨ ਦਾ ਇਕਮਾਤਰ ਤਰੀਕਾ ਵੀ ਹੈ, ਜਿਸ ਨਾਲ ਅਸੀਂ ਮਿੱਟੀ ਦੀ ਸਿਹਤ ’ਚ ਸੁਧਾਰ ਕਰਦਿਆਂ ਜੈਵ-ਵਿਭਿੰਨਤਾ ਨੂੰ ਉਤਸ਼ਾਹ ਦੇ ਸਕਦੇ ਹਾਂ।

ਭਾਰਤ ਵਿੱਚ ਖੇਤੀਬਾੜੀ ਦੇ ਮੁੜ ਡਿਜ਼ਾਇਨ ਲਈ ਪੁਨਰ-ਜਨਮਾਤਮਕ ਖੇਤੀ ਨੂੰ ਅਪਣਾ ਕੇ ਇਨਕਲਾਬੀ ਪਰਿਵਰਤਨ ’ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ ਨਾ ਕਿ ਸਿਰਫ਼ ਮੌਜੂਦਾ ਪ੍ਰਣਾਲੀ ਦੇ ਪ੍ਰਬੰਧਨ ’ਤੇ ਨਿਰਭਰ ਰਹਿਣ ਦੀ, ਖੇਤੀ ਵਿਗਿਆਨਕ ਸਿਧਾਂਤਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਅਭਿਆਸ ਕਰਨ ਦੀ, ਸਮਾਜਿਕ ਪੂੰਜੀ ਨੂੰ ਉਤਸ਼ਾਹ ਦੇਣ ਦੀ ਅਤੇ ਡੂੰਘੇ ਗਿਆਨ ’ਤੇ ਆਧਾਰਿਤ ਪ੍ਰਣਾਲੀਆਂ ’ਤੇ ਭਰੋਸਾ ਕਰਨ ਦੀ ਲੋੜ ਹੈ, ਜੋ ਭਾਗੀਦਾਰੀ ਅਤੇ ਸਿੱਖਿਆ ਸ਼ਾਸਤਰ ਦੁਆਰਾ ਸਮਰਥਿਤ ਹੈ।

ਦੇਸ਼ ਦੇ ਸਾਰੇ 15 ਖੇਤੀ ਜਲਵਾਯੂ ਖੇਤਰਾਂ ’ਚ ਸਿਰਫ਼ ਵਿਗਿਆਨਕ ਤੌਰ ’ਤੇ ਪੁਨਰ-ਉਤਪਤੀ ਖੇਤੀ ਹੀ ਅਸਲ ਲਾਭਾਂ ਨੂੰ ਸਥਾਪਿਤ ਕਰਨ ਅਤੇ ਲੋੜੀਂਦੇ ਸਬੂਤ ਪੈਦਾ ਕਰਨ ਦੇ ਯੋਗ ਹੋਵੇਗੀ। ਜਨਤਕ ਤੌਰ ’ਤੇ ਰੱਖੇ ਗਏ ਜੈਵਿਕ ਖੇਤੀ ਦੇ ਲਾਭਾਂ ਦੇ ਸਬੂਤ, ਵੱਡੇ ਪੱਧਰ ’ਤੇ ਖੇਤੀ ਦੀ ਪੁਨਰ-ਸੁਰਜੀਤੀ ਅਤੇ ਵਿਕਾਸ ਲਈ ਰਾਜਨੀਤਕ ਇੱਛਾਸ਼ਕਤੀ ਅਤੇ ਨੀਤੀਗਤ ਰੂਪ-ਰੇਖਾ ਬਣਾਉਣ ’ਚ ਮਦਦ ਕਰਨਗੇ। ਇਹ 2070 ਤੱਕ ‘ਨੈੱਟ ਜ਼ੀਰੋ ਸਟੇਟਸ’ ਪ੍ਰਾਪਤ ਕਰਨ ਦੇ ਦੇਸ਼ ਦੇ ਦ੍ਰਿਸ਼ਟੀਕੋਣ ਵਿੱਚ ਵੀ ਯੋਗਦਾਨ ਪਾਵੇਗਾ।

**ਸੰਧੂ ਫ਼ੈਡਰੇਸ਼ਨ ਯੂਨੀਵਰਸਿਟੀ, ਆਸਟ੍ਰੇਲੀਆ ’ਚ ਪ੍ਰੋਫ਼ੈਸਰ ਅਤੇ ਡਾਇਰੈਕਟਰ ਹਨ**



# ਖ਼ੁਸ਼ਹਾਲ ਜ਼ਿੰਦਗੀ

## ਜਿਉਣ ਵਿੱਚ ਤੁਹਾਡੀ ਕਾਮਯਾਬੀ

ਡਾ. ਬਿਕਰਮਜੀਤ ਸਿੰਘ ਪੁਰਬਾ



ਜ਼ਿੰਦਗੀ ਵਿੱਚ ਬਹੁਤ ਉਤਾਰ-ਚੜ੍ਹਾਅ ਆਉਂਦੇ ਹਨ। ਜਿਹੜੇ ਮਨੁੱਖ ਜ਼ਿੰਦਾਦਿਲੀ ਨਾਲ ਜ਼ਿੰਦਗੀ ਜਿਊਂਦੇ ਹਨ ਉਹੀ ਇਨਸਾਨ ਇੱਕ ਦਿਨ ਕਾਮਯਾਬ ਹੁੰਦੇ ਹਨ। ਕਾਮਯਾਬ ਇਨਸਾਨ ਦੂਜਿਆਂ ਦੀ ਖੁਸ਼ੀ ਵਿੱਚ ਵੀ ਖੁਸ਼ ਹੁੰਦਾ ਹੈ। ਉਸ ਨੂੰ ਲੱਗਦਾ ਹੈ ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ ਰਹਿਣਾ ਹੀ ਅਸਲ ਖੁਸ਼ੀ ਹੈ। ਜੇਕਰ, ਤੁਸੀਂ ਕਿਸੇ ਦਾ ਚੰਗਾ ਨਹੀਂ ਕਰ ਸਕਦੇ ਤਾਂ ਤੁਹਾਡੇ ਕੋਲ ਉਸ ਦਾ ਮਾੜਾ ਕਰਨ ਦਾ ਕੋਈ ਹੱਕ ਨਹੀਂ ਹੈ। ਇਨਸਾਨੀਅਤ ਦਾ ਫ਼ਰਜ਼ ਹੈ ਲੋੜਵੰਦਾਂ ਦੀ ਮਦਦ ਕੀਤੀ ਜਾਵੇ। ਸਮਾਜ ਵਿੱਚ ਆਪਾਂ ਦੇਖਦੇ ਹਾਂ ਕਿ ਕਈ ਇਨਸਾਨ ਲੋੜਵੰਦਾਂ ਜਾਂ ਬਜ਼ੁਰਗਾਂ ਦੀ ਮਦਦ ਕਰਕੇ ਖੁਸ਼ ਰਹਿੰਦੇ ਹਨ। ਕੁਦਰਤ ਦੇ ਨੇੜੇ ਰਹਿਣ ਵਾਲੇ ਵਿਅਕਤੀ ਰੁੱਖਾਂ, ਪੰਛੀਆਂ ਨਾਲ ਗੱਲਾਂ ਕਰਕੇ ਆਪਣੀ ਜ਼ਿੰਦਗੀ ਦਾ ਆਨੰਦ ਮਾਣਦੇ ਹਨ। ਖੁਸ਼ਹਾਲ ਰਹਿਣ ਲਈ ਜ਼ਰੂਰੀ ਨਹੀਂ ਕਿ ਤੁਹਾਡੇ ਕੋਲ ਵੱਡੀ ਗੱਡੀ ਜਾਂ ਵਿਲਾ ਬਣਿਆ ਹੋਵੇ। ਅਮੀਰ ਵਿਅਕਤੀ ਜਿਨ੍ਹਾਂ ਕੋਲ ਮੋਟਾ-ਧਨ, ਆਧੁਨਿਕ ਸਹੂਲਤਾਂ ਹੁੰਦੀਆਂ ਹਨ, ਉਨ੍ਹਾਂ ਉਹ ਖੁਸ਼ਹਾਲ ਜ਼ਿੰਦਗੀ ਜਿਊਣ ਲਈ ਡਾਕਟਰਾਂ ਤੋਂ ਪੁੱਛਦੇ ਹਨ ਕਿ ਤਣਾਅ ਮੁਕਤ ਕਿਵੇਂ ਰਹਿ ਸਕਦੇ ਹਾਂ। ਅਮੀਰ ਲੋਕਾਂ ਨੂੰ ਇਸ ਗੱਲ ਦੀ ਚਿੰਤਾ ਸਤਾਉਂਦੀ ਹੈ ਕਿ ਪੈਸਾ ਕਮਾ ਲਿਆ ਹੈ ਤੇ ਇਸ ਨੂੰ ਸਾਂਭਣਾ ਕਿੱਥੇ ਹੈ। ਪੈਸਾ ਜ਼ਿਆਦਾ ਹੋਣਾ ਵੀ ਮਨੁੱਖ ਨੂੰ ਚਿੰਤਾ ਦਿੰਦਾ ਹੈ ਅਜਿਹੇ ਵਿਅਕਤੀ ਨੂੰ ਲੋਕ ਆਪਣੀਆਂ ਲੋੜਾਂ ਅਨੁਸਾਰ ਵਰਤਦੇ ਹਨ, ਬਾਅਦ ਵਿੱਚ ਲੋੜ ਪੂਰੀ ਹੋਣ ਤੇ ਕਿਨਾਰਾ ਕਰ ਲਿਆ ਜਾਂਦਾ ਹੈ ।

ਮਨੁੱਖ ਨੂੰ ਖੁਸ਼ ਰਹਿਣਾ ਚਾਹੀਦਾ ਹੈ। ਅਕਸਰ ਅਸੀਂ ਪਾਰਕਾਂ ਜਾਂ ਜਨਤਕ ਥਾਂਵਾਂ 'ਤੇ ਦੇਖਦੇ ਹਾਂ ਬਜ਼ੁਰਗ ਇਕੱਠੇ ਹੋ ਕੇ ਉੱਚੀ-ਉੱਚੀ ਹਾਂ ਹਾਂ ਕਰ ਰਹੇ ਹੁੰਦੇ ਹਨ। ਕਈ ਵਾਰ ਸਾਡਾ ਆਪਣਾ ਹਾਸਾ ਵੀ ਨਿਕਲ ਜਾਂਦਾ ਹੈ ਕਿ ਕੀ ਕਰੀ ਜਾਂਦੇ ਹਨ ਤੇ ਉਹ ਇਸ ਹਾਸੇ ਲਈ ਯਤਨ ਕਰ ਰਹੇ ਹੁੰਦੇ ਹਨ, ਕਿਉਂਕਿ ਪੈਸਾ ਕਮਾਉਣ ਦੀ ਦੌੜ ਵਿੱਚ ਆਪਣੀ ਸਿਹਤ ਦਾ ਧਿਆਨ ਨਹੀਂ ਰੱਖਦੇ ਤੇ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਯੋਗਾ ਮਾਹਿਰਾਂ ਦੀ ਸਲਾਹ ਲੈ ਕੇ ਪਾਰਕਾਂ ਵਿੱਚ ਯੋਗਾ ਕਰਦੇ ਹਨ ਜਾਂ ਫ਼ਿਰ ਆਨਲਾਈਨ ਕਲਾਸਾਂ ਲਾ ਕੇ ਵੀ ਖੁਸ਼ਹਾਲ ਹੋਣ ਦੀ ਕੋਸ਼ਿਸ਼ਾਂ ਵਿੱਚ ਲੱਗੇ ਰਹਿੰਦੇ ਹਨ। ਕੁਦਰਤੀ ਹਾਸਾ ਨਾ ਆਉਣ ਕਾਰਨ ਬਨਾਵਟੀ ਹਾਸਾ ਹੱਸਦੇ ਹਨ। ਬਨਾਵਟੀ ਹਾਸੇ ਨਾਲੋਂ ਸਾਨੂੰ ਸਾਡੇ ਪਰਿਵਾਰ ਮਿੱਤਰਾਂ ਜਾਂ ਕੁਦਰਤ ਨਾਲ ਜੁੜਨ ਦੀ ਜਰੂਰਤ ਹੈ, ਤਾਂ ਜੋ ਅਸੀਂ ਸਿਹਤਮੰਦ ਹੋ ਸਕੀਏ।

ਉਤਾਂਹ ਮਨੁੱਖ ਦਾ ਹੌਂਸਲਾ ਵਧਾਉਂਦਾ ਹੈ। ਮਨੁੱਖ ਦੇ ਤਰੱਕੀ ਕਰਨ ਦਾ ਰਾਹ ਉਸ ਦੇ ਉਤਾਂਹ 'ਤੇ ਨਿਰਭਰ ਕਰਦਾ ਹੈ। ਮਨੁੱਖ ਦੁਆਰਾ ਉਤਾਂਹ ਨਾਲ ਕੀਤਾ ਕੰਮ ਤਰੱਕੀ ਤੇ ਉਸ ਦੇ ਜੀਵਨ ਵਿੱਚ ਖ਼ੁਸ਼ਹਾਲੀ ਲੈ ਕੇ ਆਵੇਗਾ। ਮਨੁੱਖ ਦਾ ਵਿਕਾਸ ਇੱਕ ਦਿਨ ਵਿੱਚ ਨਹੀਂ ਹੋਇਆ, ਇਸ ਨੂੰ ਇੱਥੇ ਤੱਕ ਪਹੁੰਚਦਿਆਂ ਕਿੰਨਾ ਹੀ ਸਮਾਂ ਲੱਗ ਗਿਆ। ਗੱਡਿਆਂ ਤੋਂ ਗੱਡੀਆਂ ਤੱਕ ਆਉਣ ਦਾ ਸਫ਼ਰ ਕੱਚੇ ਘਰਾਂ ਤੋਂ ਪੱਕੇ ਘਰਾਂ ਤੱਕ ਆਉਣਾ ਉਸ ਦਾ ਉਤਾਂਹ ਸੀ। ਮਨੁੱਖ ਵੱਲੋਂ ਉਤਾਂਹ ਨਾਲ ਕੀਤਾ ਕੰਮ ਚੰਗੇ ਨਤੀਜੇ ਲੈ ਕੇ ਆਇਆ। ਕਿਸੇ ਵੀ ਕੰਮ ਵਿੱਚ ਤੁਹਾਡਾ ਮਨ ਨਹੀਂ ਲੱਗ ਰਿਹਾ ਤੁਸੀਂ ਉਸ ਨੂੰ ਕਰਨ ਬਾਰੇ ਸੋਚ ਰਹੇ ਹੋ ਤਾਂ ਤੁਹਾਨੂੰ ਉਤਾਂਹ ਦੀ ਜਰੂਰਤ ਹੁੰਦੀ ਹੈ।



ਚੰਗੇ ਇਨਸਾਨਾਂ ਦੀ ਸੰਗਤ ਕਰਨ ਨਾਲ ਤੁਹਾਨੂੰ ਹੌਂਸਲਾ ਤੇ ਉਤਸ਼ਾਹ ਮਿਲੇਗਾ । ਉਨ੍ਹਾਂ ਵੱਲੋਂ ਮਿਲਿਆ ਉਤਸ਼ਾਹ ਹੀ ਤੁਹਾਡੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਵੇਗਾ, ਹਾਲਾਤ ਕਦੇ ਵੀ ਇਕੋ ਜਿਹੇ ਨਹੀਂ ਰਹਿੰਦੇ ਹਨ। ਹਾਲਾਤ ਹਮੇਸ਼ਾ ਬਦਲਦੇ ਰਹਿੰਦੇ ਰਹਿੰਦੇ ਹਨ। ਸਾਨੂੰ ਲੋੜ ਹੈ ਉਨ੍ਹਾਂ ਹਾਲਾਤ ਨਾਲ ਲੜਨ ਦੀ ਜਦੋਂ ਕੋਈ ਇਨ੍ਹਾਂ ਨਾਲ ਦੋ ਚਾਰ ਹੁੰਦਾ ਹੈ ਤਾਂ ਉਸ ਨੂੰ ਉਨ੍ਹਾਂ ਨਾਲ ਲੜਨ ਦੀ ਜਾਂਚ ਆ ਜਾਂਦੀ ਹੈ। ਮਨੁੱਖ ਵੱਲੋਂ ਉਨ੍ਹਾਂ ਹਾਲਾਤ ਵਿੱਚ ਖੁਸ਼ ਰਹਿਣ ਲਈ ਨਵੇਂ ਨਵੇਂ ਪੈਂਤੜੇ ਅਪਣਾਉਣੇ ਚਾਹੀਦੇ ਹਨ। ਮਨੁੱਖ ਵੱਲੋਂ ਕੀਤੇ ਨਵੇਂ ਯਤਨ ਤੇ ਉਸ ਵਿੱਚ ਲੱਗੀ ਲਗਨ ਚੰਗੇ ਨਤੀਜੇ ਲੈ ਕੇ ਆਉਂਦੀ ਹੈ।

ਉਤਾਂਹ ਤੁਹਾਡੇ ਅੰਦਰ ਅਜਿਹੀ ਸ਼ਕਤੀ ਭਰਦਾ ਹੈ, ਜਿਸ ਨਾਲ ਤੁਸੀਂ ਮਜ਼ਬੂਤ ਹੁੰਦੇ ਹੋ। ਉਤਸ਼ਾਹ ਨਾਲ ਤੁਹਾਡੇ ਰਿਸ਼ਤੇ ਮਜ਼ਬੂਤ ਹੁੰਦੇ ਹਨ। ਰਿਸ਼ਤਿਆਂ ਵਿੱਚ ਮਜ਼ਬੂਤੀ ਆਉਣ ਨਾਲ ਪਰਿਵਾਰਕ ਸਾਂਝ ਵਧਦੀ ਹੈ ਅਤੇ ਰਿਸ਼ਤਿਆਂ ਵਿੱਚ ਮਿਠਾਸ ਆਉਂਦੀ ਹੈ। ਇਸ ਪ੍ਰਣਾਲੀ ਵਿੱਚ ਸਾਡਾ ਖ਼ੁਸ਼ਹਾਲ ਜੀਵਨ ਛੁਪਿਆ ਹੈ। ਜੇਕਰ ਪਰਿਵਾਰ ਵਿੱਚ ਸਾਰੇ ਮੈਂਬਰ ਖੁਸ਼ ਹਨ ਤਾਂ ਇਸ ਤੋਂ ਵੱਡਾ ਖ਼ੁਸ਼ਹਾਲ ਜੀਵਨ ਹੋਰ ਕੋਈ ਨਹੀਂ ਹੋ ਸਕਦਾ।

ਧਨ ਦੌਲਤ ਪਦਾਰਥਵਾਦੀ ਚੀਜ਼ਾਂ ਹਨ, ਇਨ੍ਹਾਂ ਨਾਲ ਤੁਸੀਂ ਸੁੱਖ ਸਹੂਲਤਾਂ ਖਰੀਦ ਸਕਦੇ ਹੋ ਪਰ ਮਾਨਸਿਕ ਖੁਸ਼ੀ ਜਾਂ ਕਹਿ ਲਈਏ ਪਰਿਵਾਰਕ ਰਿਸ਼ਤਿਆਂ ਦਾ ਨਿੱਘ ਨਹੀਂ ਮਾਣ ਸਕਦੇ। ਅੱਜ ਦੀ ਦੁਨੀਆ ਵਿੱਚ ਰਿਹਾ ਸਾਰੇ ਮਸ਼ੀਨੀ ਬਣ ਗਏ ਹਨ। ਸਾਰੇ ਪਰਿਵਾਰਾਂ ਦੇ ਜੀਅ ਕੰਮਾਂ ਕਾਰਾਂ ਵਿੱਚ ਰੁੱਝੇ ਹੋਣ ਕਰਕੇ ਕਿਸੇ ਕੋਲ ਬੈਠਣ ਦਾ ਸਮਾਂ ਨਹੀਂ ਹੈ। ਘਰ ਵਿੱਚ ਜਿੰਨੇ ਮੈਂਬਰ ਹਨ, ਸਭ ਘਰ ਦੀ ਕਮਾਈ ਵਿੱਚ ਹੱਥ ਵਟਾ ਰਹੇ ਹਨ। ਧਨ ਦੌਲਤ ਦੀ ਦੌੜ ਵਿੱਚ ਅਸੀਂ ਖ਼ੁਸ਼ਹਾਲ ਜ਼ਿੰਦਗੀ ਜਿਊਂਣੀ ਭੁੱਲ ਗਏ ਹਾਂ। ਜਿਹੜੇ ਵਿਅਕਤੀ ਅੱਜ ਵੀ ਕੰਮ ਨੂੰ ਸਿਰਫ਼ ਕੰਮ ਸਮਝਦੇ ਹਨ ਜਾਂ ਕਹਿ ਲਈਏ ਕਿ ਇਹ ਸਾਡਾ ਕਿੱਤਾ ਹੈ, ਇਨ੍ਹਾਂ ਵਿਅਕਤੀਆਂ ਵੱਲੋਂ ਮਾਪਿਆਂ, ਬੱਚਿਆਂ ਲਈ ਸ਼ਡਿਊਲ ਸੈੱਟ ਕੀਤੇ ਹੋਏ ਹਨ। ਆਪਣੇ ਕੀਮਤੀ ਸਮੇਂ 'ਚੋਂ ਵੀ ਸਮਾਂ ਕੱਢ ਕੇ ਬੱਚਿਆਂ ਨਾਲ ਦੁਨੀਆ ਦੇ ਹੁਸੀਨ ਪਲਾਂ ਦਾ ਲੁਤਫ਼ ਉਠਾਉਂਦੇ ਹੋਏ ਖ਼ੁਸ਼ਹਾਲ ਜੀਵਨ ਬਤੀਤ ਕਰਦੇ ਹਨ। ਪੈਸਾ ਹੋਣਾ ਮਾੜੀ ਗੱਲ ਨਹੀਂ ਹੈ, ਪੈਸੇ ਦਾ ਹੰਕਾਰ ਹੋਣਾ ਮਾੜਾ ਹੈ, ਕਈ ਵਾਰ ਅਸੀਂ ਸਮਝਦੇ ਹਾਂ ਕਿ ਸਾਡੇ ਤੋਂ ਅਮੀਰ ਕਿਹੜਾ ਹੈ। ਮਨੁੱਖ ਸੋਚਦਾ ਹੈ ਵੱਡੀ ਕੋਠੀ, ਵੱਡੀ ਗੱਡੀ ਮੇਰਾ ਰਸੂਖ ਪਰ ਇਸ ਵਿੱਲੇ ਵਿੱਚ ਰਹਿੰਦਾ ਕੋਈ ਵੀ ਨਹੀਂ ਹੈ। ਪਰਿਵਾਰ ਦੇ ਮੈਂਬਰ ਪਰਦੇਸਾਂ ਵਿੱਚ ਰਹਿੰਦੇ ਹਨ। ਵੀਡੀਓ ਕਾਲਾਂ 'ਤੇ ਗੱਲ ਕਰਦੇ ਹਨ ਸਗੋਂ ਜਿਹੜਾ ਵਿਅਕਤੀ ਦਿਨ ਦੀ ਕਮਾਈ ਕਰ ਕੇ ਘਰ ਵਾਪਸ ਆ ਕੇ ਬੱਚਿਆਂ ਨਾਲ ਖੇਡਦਾ ਹੈ ਧੀਆਂ-ਪੁੱਤਾਂ ਦਾ ਹਾਲ-ਚਾਲ ਪੁੱਛਦਾ ਹੈ, ਅਸਲ ਖ਼ੁਸ਼ਹਾਲ ਜੀਵਨ ਉਸ ਦਾ ਕਾਮਯਾਬੀ ਹੈ ।

ਮਨੁੱਖ ਅੰਦਰ ਸਬਰ ਅਤੇ ਲਗਨ ਦਾ ਹੋਣਾ ਬਹੁਤ ਜ਼ਰੂਰੀ ਹੈ। ਮਨੁੱਖ ਆਪਣੀ ਮਿਹਨਤ ਨਾਲ ਫ਼ਲ ਪ੍ਰਾਪਤ ਕਰਦਾ ਹੈ। ਮਿਹਨਤ ਵੱਲੋਂ ਮਿਲੇ ਫ਼ਲ 'ਚ ਹੀ ਉਹ ਖੁਸ਼ ਹੈ। ਮਿਹਨਤ ਦਾ ਅਸੂਲ ਹੈ ਕਿ ਕਦੇ ਵੀ ਵਿਅਕਤੀ ਵੱਲੋਂ ਕੀਤੀ ਮਿਹਨਤ ਅਜਾਈਂ ਨਹੀਂ ਜਾਂਦੀ ਹੈ, ਜਦੋਂ ਮਨੁੱਖ ਦਿਲੋਂ ਅਤੇ ਉਤਾਂਹ ਨਾਲ ਕੰਮ ਕਰਦਾ ਹੈ ਤਾਂ ਉਸ ਦਾ ਕੁਦਰਤ ਵੀ ਸਾਥ ਦਿੰਦੀ ਹੈ। ਮਨੁੱਖ ਵੱਲੋਂ ਕੀਤੀ ਮਿਹਨਤ ਕਦੇ ਉਸ ਦੇ ਸੁਪਨਿਆਂ ਨੂੰ ਮਰਨ ਨਹੀਂ ਦਿੰਦੀ ਹੈ। ਅਸਲ ਮਨੁੱਖ ਦਾ ਮਰ ਜਾਣਾ ਮੌਤ ਨਹੀਂ ਸੁਪਨਿਆਂ ਦਾ ਮਰ ਜਾਣਾ ਮੌਤ ਹੈ। ਮਨੁੱਖ ਵਿੱਚ ਉਤਾਂਹ ਦਾ ਹੋਣਾ ਬਹੁਤ ਲਾਜ਼ਮੀ ਹੈ। ਉਤਾਂਹ ਤੋਂ ਵੱਧ ਕੇ ਕੋਈ ਚੀਜ਼ ਨਹੀਂ ਹੁੰਦੀ ਹੈ। ਸਮਾਜ ਵਿੱਚ ਵੱਖ-ਵੱਖ ਤਰ੍ਹਾਂ ਦੇ ਪ੍ਰਾਣੀ ਰਹਿੰਦੇ ਹਨ। ਅੱਜ ਦੇ ਮਨੁੱਖ ਦੀ ਸਮੱਸਿਆ ਦੂਜੇ ਮਨੁੱਖ ਦੀ ਕਾਮਯਾਬੀ ਜਾਂ ਉਸ ਦੀ ਸਫ਼ਲਤਾ ਤੋਂ ਹੈ। ਜੋ ਮਨੁੱਖ ਦੂਜਿਆਂ ਦੀ ਖੁਸ਼ੀ ਵਿੱਚ ਰਹਿਣਾ ਸਿੱਖ ਗਿਆ ਉਹ ਅਸਲ ਖ਼ੁਸ਼ਹਾਲ ਜ਼ਿੰਦਗੀ ਜਿਊਂਦਾ ਹੈ। ਸਾਨੂੰ ਲੋੜ ਹੈ ਕਿ ਦੂਜਿਆਂ ਵੱਲ ਧਿਆਨ ਘੱਟ ਦੇਈਏ। ਸਾਨੂੰ ਆਪਣੀਆਂ ਅਸਫ਼ਲਤਾਵਾਂ 'ਤੇ ਝਾਤ ਮਾਰਨ ਦੀ ਜ਼ਰੂਰਤ ਹੁੰਦੀ ਹੈ ਕਿ ਮਿਹਨਤ ਵਿੱਚ ਕਿਥੇ ਕਮੀ ਹੈ।

ਖ਼ੁਸ਼ਹਾਲ ਰਹਿਣ ਲਈ ਤੁਸੀਂ ਧਿਆਨ ਲਾ ਸਕਦੇ ਹੋ। ਧਿਆਨ ਲਾਉਣ ਨਾਲ ਤੁਹਾਡੇ ਅੰਦਰ ਇਕਾਗਰਤਾ ਆਉਂਦੀ ਹੈ, ਇਕਾਗਰਤਾ ਨਾਲ ਮਨੁੱਖ 'ਚ ਨਵੇਂ-ਨਵੇਂ ਵਿਚਾਰ ਆਉਂਦੇ ਹਨ । ਇਨ੍ਹਾਂ ਵਿਚਾਰਾਂ ਨਾਲ ਮਨੁੱਖ ਨਵੇਂ ਮੌਕਿਆਂ ਨੂੰ ਸਫ਼ਲਤਾ ਵਿੱਚ ਬਦਲ ਸਕਦਾ ਹੈ। ਆਓ, ਨਿੱਕੇ-ਨਿੱਕੇ ਮੌਕਿਆਂ ਦੀ ਤਲਾਸ਼ ਕਰਦੇ ਰਹੀਏ ਤੇ ਜਦੋਂ ਕਦੇ ਵੀ ਤੁਹਾਨੂੰ ਕੋਈ ਛੋਟਾ ਮੌਕਾ ਮਿਲੇ ਤਾਂ ਤੁਸੀਂ ਉਸ ਨੂੰ ਵੱਡੀ ਖੁਸ਼ੀ ਵਿੱਚ ਬਦਲ ਕੇ ਉਸ ਦਾ ਆਨੰਦ ਲੈ ਸਕਦੇ ਹੋ। ਕਈ ਵਾਰ ਅਸੀਂ ਵੱਡੇ ਮੌਕਿਆਂ ਦੀ ਭਾਲ ਵਿੱਚ ਰਹਿੰਦੇ ਹਾਂ। ਮਨੁੱਖ ਉਦੋਂ ਨਿਰਾਸ਼ ਹੁੰਦਾ ਹੈ, ਜਦੋਂ ਉਸ ਨੂੰ ਵੱਡੇ ਮੌਕੇ ਨਹੀਂ ਮਿਲਦੇ ਅਤੇ ਉਹ ਆਪਣੀਆਂ ਖੁਸ਼ੀਆਂ ਨਹੀਂ ਮਨਾ ਪਾਉਂਦਾ ਹੈ।

# ਵਿਆਹ 'ਚ ਰੋਟੀ ਬੰਨ੍ਹਣ ਦੀ ਰਸਮ ਪੱਤਲ ਕਾਵਿ

ਡਾ. ਰਵਿੰਦਰ ਸਿੰਘ



ਮੱਧਕਾਲੀ ਪੰਜਾਬੀ ਸੱਭਿਆਚਾਰ ਨੇ ਕਈ ਪ੍ਰਤੀਮਾਨ ਸਿਰਜੇ ਹਨ ਜਿਨ੍ਹਾਂ ਆਸਰੇ ਪੰਜਾਬੀ ਬੰਦੇ ਦੇ ਕਿਰਦਾਰ ਦੀ ਪਛਾਣ ਹੁੰਦੀ ਹੈ। ਉਸ ਦੀ ਖੁੱਲ੍ਹਦਿਲੀ, ਅਲਬੇਲੇਪਣ, ਨਿੱਡਰਤਾ, ਤਿਆਗ, ਕੁਰਬਾਨੀ ਅਤੇ ਸੂਝ ਦਾ ਗਿਆਨ ਹੁੰਦਾ ਹੈ। ਪੰਜਾਬੀਆਂ ਬਾਰੇ ਪ੍ਰਚੱਲਿਤ ਹੈ ਕਿ ਇਹ ਜੰਮਣ ਤੋਂ ਲੈ ਕੇ ਮਰਨ ਤੱਕ ਲੋਕ ਗੀਤਾਂ ਦੇ ਪੰਘੂੜੇ ਵਿੱਚ ਝੂਲਦੇ ਹਨ। ਇਹ ਇਨ੍ਹਾਂ ਦੀ ਰੂਹ ਦੀ ਖੁਰਾਕ ਹਨ। ਪੰਜਾਬੀਆਂ ਦਾ ਜੀਵਨ ਮੇਲਿਆਂ, ਤਿਉਹਾਰਾਂ, ਰਹੁ-ਰੀਤਾਂ, ਅਨੁਸ਼ਠਾਨਾਂ ਅਤੇ ਬੰਦੇ ਦੇ ਮਨ ਦੀਆਂ ਭਾਵਨਾਵਾਂ ਨੂੰ ਪੇਸ਼ ਕਰਨ ਵਾਲੇ ਲੋਕ ਗੀਤਾਂ ਨਾਲ ਭਰਪੂਰ ਹੈ। ਇਨ੍ਹਾਂ ਦਾ ਜੰਮਣ, ਮਰਨ, ਵਿਆਹ ਅਤੇ ਖ਼ੁਸ਼ੀ-ਗ਼ਮੀ ਦਾ ਹਰ ਮੌਕਾ ਲੋਕ ਗੀਤਾਂ ਨਾਲ ਹੀ ਪੂਰਾ ਹੁੰਦਾ ਹੈ। ਭੰਗੜੇ 'ਚ ਪੈਂਦੀ ਧਮਾਲ, ਗਿੱਧੇ ਵਿੱਚ ਪੈਂਦੀ ਬਾਜ਼ੀ ਅਤੇ ਪਿੜਾਂ ਵਿੱਚ ਖੇਡੀ ਜਾਂਦੀ ਕਬੱਡੀ ਇਨ੍ਹਾਂ ਦੀ ਬਹਾਦਰੀ, ਖ਼ੁਸ਼ੀ ਅਤੇ ਸਰੀਰਕ ਤੰਦਰੁਸਤੀ ਦੀ ਦੱਸ ਪਾਉਂਦੇ ਹਨ।

ਖ਼ੁਸ਼ੀ ਦੇ ਹੋਰਨਾਂ ਮੌਕਿਆਂ 'ਚੋਂ ਵਿਆਹ ਪੰਜਾਬੀਆਂ ਦਾ ਸਭ ਤੋਂ ਵੱਡਾ ਉਤਸਵ ਹੈ। ਇਸ ਉਤਸਵ 'ਤੇ ਇਹ ਆਪਣੇ-ਆਪ ਨੂੰ ਰੀਝ ਨਾਲ ਸ਼ਿੰਗਾਰਦੇ ਹਨ। ਲੰਬਾ ਸਮਾਂ ਪਹਿਲਾਂ ਤਿਆਰੀਆਂ ਆਰੰਭ ਦਿੰਦੇ ਹਨ। ਪੰਜ ਕੁ ਦਹਾਕੇ ਪਹਿਲਾਂ ਪੰਜਾਬੀਆਂ ਦੇ ਵਿਆਹ ਮਹੀਨਾ-ਮਹੀਨਾ ਚੱਲਦੇ ਸਨ। ਹੌਲੀ-ਹੌਲੀ ਇਹ ਪੰਦਰਾਂ ਦਿਨਾਂ ਤੱਕ ਸੀਮਤ ਹੋਏ। ਅੱਜ ਵਿਆਹ ਤਿੰਨ ਘੰਟਿਆਂ ਵਿੱਚ ਨਿੱਬੜ ਜਾਂਦਾ ਹੈ। ਨਵੇਂ ਯੁੱਗ ਦੀ ਆਮਦ ਨਾਲ ਵਿਆਹਾਂ ਵਿੱਚੋਂ ਲੋਕਧਾਰਾ ਦੀ ਝਲਕ ਲੱਭਣੀ ਔਖੀ ਹੋ ਗਈ ਹੈ। ਪੁਰਾਣੇ ਵਿਆਹਾਂ ਵਿੱਚ ਖ਼ੁਸ਼ੀ ਲਈ ਕੀਤੀਆਂ ਜਾਣ ਵਾਲੀਆਂ ਰਹੁ-ਰੀਤਾਂ ਦੀ ਸਾਰਥਿਕ ਅਹਿਮੀਅਤ ਹੁੰਦੀ ਸੀ, ਪ੍ਰੰਤੂ ਅਜੋਕੇ ਵਿਆਹਾਂ ਵਿੱਚ ਦਿਖਾਵੇ ਲਈ ਕੀਤੇ ਜਾਂਦੇ ਖ਼ਰਚੀਲੇ ਢੰਗ ਅਹਿਮ ਥਾਂ ਲੈ ਗਏ ਹਨ।

ਪੁਰਾਣੇ ਵਿਆਹਾਂ ਵਿੱਚ ਇੰਨੇ ਸ਼ਗਨ-ਵਿਹਾਰ ਕੀਤੇ ਜਾਂਦੇ ਸਨ ਕਿ ਇਨ੍ਹਾਂ ਦਾ ਇੱਕ ਮਹੀਨਾ ਚੱਲਣਾ ਵੀ ਥੋੜ੍ਹਾ ਪੈ ਜਾਂਦਾ ਸੀ। ਰਿਸ਼ਤੇਦਾਰ ਅਤੇ ਆਂਢੀ-ਗੁਆਂਢੀ ਕਈ-ਕਈ ਦਿਨ ਪਹਿਲਾਂ ਹੀ ਵਿਆਹ ਵਾਲੇ ਘਰ ਆ ਜਾਂਦੇ ਸਨ। ਬਰਾਤ ਢੁੱਕਣ ਦਾ ਦਿਨ ਇਸ ਮੇਲੇ ਦਾ ਸਿਖ਼ਰ ਵੱਲ ਜਾਣਾ ਹੁੰਦਾ ਸੀ। ਲੜਕੀ ਵਾਲਿਆਂ ਦੇ ਘਰ ਬਰਾਤ ਢੁੱਕਣ ਬਾਅਦ ਮਿਲਣੀ ਹੁੰਦੀ ਸੀ ਅਤੇ ਇਸ ਤੋਂ ਬਾਅਦ ਜੰਝ ਨੂੰ ਧਰਮਸ਼ਾਲਾ ਜਾਂ ਕਿਸੇ ਦਲਾਨ ਵਿੱਚ ਬਿਠਾਇਆ ਜਾਂਦਾ ਸੀ। ਇੱਥੇ ਇਨ੍ਹਾਂ ਦੇ ਬੈਠਣ ਲਈ ਸੋਹਣਾ ਇੰਤਜ਼ਾਮ ਕੀਤਾ ਜਾਂਦਾ ਸੀ। ਨਿੱਕੀਆਂ ਮੋਟੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪਿੰਡ ਦੇ ਨੌਜਵਾਨ ਹਾਜ਼ਰ ਰਹਿੰਦੇ ਸਨ। ਇਨ੍ਹਾਂ ਨੂੰ 'ਪਰੀਹੇ' ਕਿਹਾ ਜਾਂਦਾ ਸੀ। ਬਰਾਤ ਢੁੱਕਣ ਤੋਂ ਬਾਅਦ ਰਸਮਾਂ ਦਾ ਤਾਂਤਾ ਲੱਗ ਜਾਂਦਾ ਸੀ। ਆਨੰਦ-ਕਾਰਜ ਦੀ ਰਸਮ ਪੂਰੀ ਹੋ ਜਾਣ ਤੋਂ ਬਾਅਦ ਬਰਾਤੀਆਂ ਨੂੰ ਰੋਟੀ ਖਵਾਉਣ ਸਮੇਂ ਇੱਕ ਬੜੀ ਹੀ ਰੋਚਕ ਰਸਮ ਹੁੰਦੀ ਸੀ ਜਿਸ ਨੂੰ 'ਪੱਤਲ' ਕਿਹਾ ਜਾਂਦਾ ਸੀ।

ਉਸ ਸਮੇਂ ਰੋਟੀ ਰੁੱਖਾਂ ਦੇ ਪੱਤਿਆਂ ਦੀਆਂ ਬਣੀਆਂ ਵੱਡੀਆਂ ਪੱਤਲਾਂ 'ਤੇ ਵਰਤਾਈ ਜਾਂਦੀ ਸੀ। ਇਸ ਰਸਮ ਦਾ ਨਾਂ ਵੀ ਇਸੇ ਕਰਕੇ 'ਪੱਤਲ' ਪਿਆ ਸੀ। ਪੱਤਲ ਦੇ ਦੋ ਤਰ੍ਹਾਂ ਦੇ ਭਾਵ ਸਨ। ਇੱਕ ਪੱਤਲ ਉਹ ਸੀ ਜਿਸ ਵਿੱਚ ਬਰਾਤ ਵਿੱਚ ਗਏ ਬਰਾਤੀ ਉਸੇ ਪਿੰਡ ਵਿੱਚ ਪਹਿਲਾਂ ਵਿਆਹੀ ਧੀ ਦੇ ਘਰ ਜਾਂ ਉਸੇ ਪਿੰਡ ਵਿੱਚ ਪੈਂਦੀ ਕਿਸੇ ਹੋਰ ਰਿਸ਼ਤੇਦਾਰੀ ਵਿੱਚ ਖ਼ੁਸ਼ੀ ਵਜੋਂ ਮਠਿਆਈ ਦੇਣ ਜਾਂਦੇ ਸਨ। ਉਸ ਦੀ ਸੁੱਖ-ਸਾਂਦ ਪੁੱਛਦੇ ਤੇ ਸ਼ਗਨ ਦਿੰਦੇ ਸਨ। ਇਸ ਨੂੰ 'ਪਰੋਸਾ ਦੇਣਾ' ਵੀ ਕਿਹਾ ਜਾਂਦਾ ਸੀ। ਦੂਸਰੀ ਪੱਤਲ ਦਾ ਸਬੰਧ ਬਰਾਤੀਆਂ ਦੇ ਰੋਟੀ ਖਾਣ ਨਾਲ ਹੁੰਦਾ ਸੀ। ਬਰਾਤੀ ਰੋਟੀ ਖਾਣ ਲੱਗਦੇ ਤਾਂ ਲੜਕੀ ਵਾਲੀ ਧਿਰ ਦੀਆਂ ਔਰਤਾਂ ਬਰਾਤ ਦੀ ਅਕਲ ਪਰਖਣ ਲਈ ਕਾਵਿਕ ਤੁਕਾਂ ਗਾ ਕੇ ਉਨ੍ਹਾਂ ਦੀ ਰੋਟੀ ਬੰਨ੍ਹ ਦਿੰਦੀਆਂ ਸਨ। ਇਸ ਨੂੰ 'ਬਰਾਤ ਬੰਨ੍ਹਣਾ' ਜਾਂ 'ਪੱਤਲ ਬੰਨ੍ਹਣਾ' ਕਿਹਾ ਜਾਂਦਾ ਸੀ। ਬਰਾਤ ਬੰਨ੍ਹੇ ਜਾਣ 'ਤੇ ਬਰਾਤੀ ਓਨਾਂ ਸਮਾਂ ਰੋਟੀ ਨਹੀਂ ਖਾ ਸਕਦੇ ਸਨ ਜਿੰਨਾ ਸਮਾਂ ਕੋਈ ਬਰਾਤੀ ਮੋੜਵੇਂ ਜਵਾਬ ਵਜੋਂ ਕਾਵਿਕ ਤੁਕਾਂ ਬੋਲ ਕੇ ਬਰਾਤ ਨਹੀਂ ਛੁਡਾਉਂਦਾ ਸੀ। ਬਰਾਤ ਵਿੱਚ ਵੱਖ-ਵੱਖ ਸਮਿਆਂ 'ਤੇ ਪੈਣ ਵਾਲੀਆਂ ਲੋੜਾਂ ਦੀ ਪੂਰਤੀ ਲਈ ਹੀ ਬਰਾਤ ਵਿੱਚ ਹਰ ਤਰ੍ਹਾਂ ਦੇ ਬੰਦੇ ਲਿਜਾਏ ਜਾਂਦੇ ਸਨ। ਬਰਾਤ ਵਿੱਚ ਬੱਚਾ, ਬਜ਼ੁਰਗ, ਨੌਜਵਾਨ, ਬੋਲੀਆਂ ਪਾਉਣ ਦਾ ਮਾਹਿਰ, ਮਸ਼ਕਰੀ ਕਰਨ ਵਾਲਾ, ਹਾਜ਼ਰ ਜੁਆਬ, ਭਲਵਾਨ, ਲੜਾਕਾ, ਦਿਮਾਗੀ, ਸਿਧਰਾ, ਨਚਾਰ ਸਭ ਗੁਣਾਂ ਵਾਲੇ ਸੋਚ ਸਮਝ ਕੇ ਸ਼ਾਮਿਲ ਕੀਤੇ ਜਾਂਦੇ ਸਨ। ਬੇਗਾਨੀ ਧੀ ਨੂੰ ਵਿਆਹ ਕੇ ਲਿਆਉਣਾ ਜੰਗ ਜਿੱਤ ਕੇ ਮੁੜਨ ਜਿੱਡਾ ਕਾਰਜ ਹੀ ਹੁੰਦਾ ਸੀ।

ਰੋਟੀ ਬੰਨ੍ਹਣ ਤੇ ਛੁਡਾਉਣ ਵਾਲਾ ਪੜਾਅ ਬੜਾ ਰੋਚਕ ਹੁੰਦਾ ਸੀ। ਔਰਤਾਂ ਕੋਲ ਕਮਾਲ ਦੀ ਕਾਵਿਕ ਪ੍ਰਤਿਭਾ ਹੁੰਦੀ ਸੀ। ਬਰਾਤ ਰੋਟੀ ਖਾਣ ਬੈਠਦੀ ਤਾਂ ਔਰਤਾਂ ਕਿਸੇ ਕੋਨੇ ਵਿੱਚ ਖੜ੍ਹੀਆਂ ਬਰਾਤ ਦੀ ਰੋਟੀ ਬੰਨ੍ਹ ਦਿੰਦੀਆਂ। ਉਹ ਸਿਰਫ਼ ਰੋਟੀ ਹੀ ਨਹੀਂ ਬੰਨ੍ਹਦੀਆਂ ਸਨ ਸਗੋਂ ਇਸ ਤੋਂ ਅਗਾਂਹ ਉਨ੍ਹਾਂ ਦੇ ਪਾਏ ਹੋਏ ਗਹਿਣੇ, ਹੱਥਾਂ ਵਿੱਚ ਫੜੀਆਂ ਡਾਗਾਂ, ਖੂੰਡੇ ਆਦਿ ਵੀ ਬੰਨ੍ਹ ਦਿੰਦੀਆਂ ਸਨ। ਪੱਤਲ ਦੇ ਬੋਲ ਸਥਿਤੀਆਂ ਅਨੁਸਾਰ ਬਦਲ ਜਾਂਦੇ ਸਨ ਅਤੇ ਇਸ ਦਾ ਆਕਾਰ ਇਸ ਵਿੱਚ ਗਿਣੀਆਂ ਜਾਣ ਵਾਲੀਆਂ ਚੀਜ਼ਾਂ ਦੇ ਹਿਸਾਬ ਨਾਲ ਲੰਬਾ ਹੋ ਜਾਂਦਾ ਸੀ;

ਜੰਨ ਖਾਣੇ ਛੱਤੀ ਬੰਨ੍ਹ ਤੇ ਬਠਾਇਕੇ<br>
ਅੱਡੀ ਚੋਟੀ ਲੱਕ ਧੌਣ ਜਿੰਦੇ ਲਾਇਕੇ<br>
ਕੋਟ ਚੋਗੇ ਕੁੜਤੇ ਰੁਮਾਲ ਬੰਨ੍ਹਿਆ<br>
ਪੱਗ ਸਾਫ਼ਾ ਚੀਰਾ ਭੌਥਾ ਨਾਲ ਬੰਨ੍ਹਿਆ

ਪੱਤਲ ਬੰਨ੍ਹੇ ਜਾਣ 'ਤੇ ਬਰਾਤੀ ਰੋਟੀ ਅਤੇ ਬੰਨ੍ਹੀਆਂ ਗਈਆਂ ਬਾਕੀ ਸਾਰੀਆਂ ਚੀਜ਼ਾਂ ਨੂੰ ਹੱਥ ਨਹੀਂ ਲਗਾ ਸਕਦੇ ਸਨ। ਜੇ ਅਜਿਹਾ ਕਰਦੇ ਸਨ ਤਾਂ ਉਨ੍ਹਾਂ ਨੂੰ ਮੂਰੇ ਭਾਵ ਮੂਰਖ ਸਮਝਿਆ ਜਾਂਦਾ ਸੀ। ਇਸ ਸਮੇਂ ਦੋਹਾਂ ਧਿਰਾਂ ਵੱਲੋਂ ਇੱਕ-ਦੂਸਰੀ ਨੂੰ ਨੀਵਾਂ ਦਿਖਾਉਣ 'ਤੇ ਜ਼ੋਰ ਲੱਗਾ ਹੁੰਦਾ ਸੀ। ਬਰਾਤ ਨੂੰ ਬੰਨ੍ਹਣ ਵਾਲੀਆਂ ਔਰਤਾਂ ਬਰਾਤ ਨੂੰ ਬੰਨ੍ਹਣ ਸਮੇਂ ਬਰਾਤੀਆਂ ਨੂੰ ਕਮਅਕਲ, ਚੱਜ-ਅਚਾਰ ਤੇ ਸੱਖਣੇ, ਅੰਨ-ਖਾਣੇ, ਕਰੂਪ ਦੇਹਾਂ ਵਾਲੇ, ਬੇਵਕੂਫ ਅਤੇ ਚਟਕੂਰੇ ਢਿੱਡਾਂ ਵਾਲੇ ਕਹਿੰਦੀਆਂ ਸਨ;

(ਬਾਕੀ ਸਫ਼ਾ 31 'ਤੇ)





# ਸੂਹੇ ਰੰਗ ਦੀ ਫੁਲਕਾਰੀ ਮੇਰੀ...

**ਸੁਰਜੀਤ ਸਿੰਘ**

ਫੁਲਕਾਰੀ ਸਿਰਫ਼ ਪਰੰਪਰਾਗਤ ਕਲਾ ਨਹੀਂ ਹੈ, ਇਹ ਪੰਜਾਬ ਦੇ ਜਜ਼ਬਾਤ, ਪਿਆਰ, ਰੰਗ, ਸੱਭਿਆਚਾਰ ਤੇ ਪਰੰਪਰਾਵਾਂ ਦੀ ਕਹਾਣੀ ਹੈ। ਫੁਲਕਾਰੀ ਦੀ ਸਾਰਥਿਕਤਾ ਅੱਜ ਵੀ ਘੱਟ ਨਹੀਂ ਹੋਈ ਹੈ ਅਤੇ ਪੰਜਾਬ ਵਿੱਚ ਹੋਣ ਵਾਲੇ ਸਾਰੇ ਵਿਆਹਾਂ, ਜਨਮ, ਤਿਉਹਾਰਾਂ ਤੇ ਰਸਮਾਂ ਦਾ ਅਨਿੱਖੜਵਾਂ ਅੰਗ ਬਣੀ ਹੋਈ ਹੈ। ਪਰ ਸਮੇਂ ਦੇ ਹਿਸਾਬ ਨਾਲ ਬਹੁਤ ਸਾਰੇ ਇਲਾਕਿਆਂ 'ਚ ਇਹ ਲੋਪ ਹੋ ਚੁੱਕੀ ਹੈ। ਫੁਲਕਾਰੀ ਅੱਜ ਕੱਲ੍ਹ ਜਿਵੇਂ ਬੁਝਾਰਤ ਬਣ ਕੇ ਗੀਤਾਂ ਆਦਿ ਵਿੱਚ ਹੀ ਸਮੋ ਕੇ ਰਹਿ ਗਈ ਹੈ। ਅੱਜ ਕਿਸੇ ਨੇ ਫੁਲਕਾਰੀ ਦੇਖਣੀ ਹੋਵੇ ਤਾਂ ਅਜਾਇਬ ਘਰਾਂ ਵਿੱਚ ਜਾਂ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲਿਸਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਨ ਵਾਲਿਆਂ ਦੀ ਸਟੇਜਾਂ ਤੇ ਫੁੱਲਕਾਰੀ ਦੀ ਝਲਕ ਮਿਲ ਸਕਦੀ ਹੈ।

ਜੇਕਰ ਅਸੀਂ ਕਹੀਏ ਕਿ ਸਾਡੀਆਂ ਪੰਜਾਬਣਾਂ ਨੇ ਫੁਲਕਾਰੀ ਨੂੰ ਪੂਰੀ ਤਰਾਂ ਵਿਸਾਰ ਦਿੱਤਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ। ਫੁਲਕਾਰੀ ਕਢਾਈ ਭਾਰਤ ਤੇ ਪਾਕਿਸਤਾਨ ਦੇ ਪੰਜਾਬ ਖੇਤਰ ਤੋਂ ਇੱਕ ਰਵਾਇਤੀ ਕਢਾਈ ਤਕਨੀਕ ਹੈ। 'ਫੁਲਕਾਰੀ' ਸ਼ਬਦ ਦਾ ਅਰਥ ਹੈ 'ਫੁੱਲਾਂ ਦਾ ਕੰਮ' ਅਤੇ ਕਢਾਈ ਦੀ ਇਹ ਸ਼ੈਲੀ ਗੁੰਝਲਦਾਰ ਫੁੱਲਾਂ ਦੇ ਨਮੂਨਿਆਂ ਦੀ ਵਿਸ਼ੇਸ਼ਤਾ ਵਾਲੇ ਇਸਦੇ ਜੀਵੰਤ ਤੇ ਰੰਗੀਨ ਡਿਜ਼ਾਈਨ ਲਈ ਜਾਣੀ ਜਾਂਦੀ ਹੈ। ਫੁਲਕਾਰੀ ਦੀ ਕਢਾਈ ਅਕਸਰ ਸ਼ਾਲਾਂ, ਦੁਪੱਟਿਆਂ (ਸਕਾਰਫ਼ਾਂ) ਅਤੇ ਹੋਰ ਕੱਪੜਿਆਂ 'ਤੇ ਕੀਤੀ ਜਾਂਦੀ ਹੈ, ਅਤੇ ਇਹ ਇਸ ਖੇਤਰ ਵਿੱਚ ਸੱਭਿਆਚਾਰਕ ਅਤੇ ਪ੍ਰਤੀਕਾਤਮਕ ਮਹੱਤਵ ਰੱਖਦੀ ਹੈ। ਤਕਨੀਕ ਵਿਚ ਆਮ ਤੌਰ 'ਤੇ ਫੈਬਰਿਕ ਦੇ ਪਿਛਲੇ ਪਾਸੇ ਡਰਨ ਸਟੀਚ ਦੀ ਵਰਤੋਂ ਸ਼ਾਮਲ ਹੁੰਦੀ ਹੈ, ਜਿਸ ਨਾਲ ਸਾਹਮਣੇ ਵਾਲੇ ਪਾਸੇ ਇੱਕ ਵਿਲੱਖਣ ਦਿੱਖ ਬਣ ਜਾਂਦੀ ਹੈ। ਜਦੋਂ ਕਿਸੇ ਸੱਜ-ਵਿਆਹੀ ਦਾ ਮਾਹੀ ਉਸ ਵੱਲ ਘੱਟ ਤਵੱਜੋਂ ਦਿੰਦਾ ਹੈ ਤਾਂ ਉਸਦੀ ਨਾਰ ਆਪਣੇ ਸੱਜਣ ਨੂੰ ਨਿਹੋਰਾ ਮਾਰ ਕੇ ਬੜੇ ਗੁੱਸੇ ਅਤੇ ਪਿਆਰ ਨਾਲ ਸਮਝਾਉਂਦੀ ਹੈ ਅਤੇ ਆਪਣੇ ਸੁਹੱਪਣ ਤੇ ਉੱਤੇ ਲਈ ਫੁਲਕਾਰੀ ਦਾ ਵਾਸਤਾ ਵੀ ਦਿੰਦੀ ਹੈ। ਨਾਲ ਹੀ ਉਨ੍ਹਾਂ ਲੋਕਾਂ ਦਾ ਚੇਤਾ ਵੀ ਕਰਵਾਉਂਦੀ ਹੈ ਜੋ ਕਿ ਸਾਰੀ ਉਮਰ ਔਰਤ ਦਾ ਸਾਥ ਨਾ ਲੱਭ ਸਕੇ ਤੇ ਲੋਕਾਂ ਵੱਲ ਦੇਖ ਕੇ ਝੁਰਦਿਆਂ ਹੀ ਉਮਰ ਬਿਤਾ ਦਿੱਤੀ,

ਸੋਹਣੀ ਸੁਨੱਖੀ ਮੁਟਿਆਰ ਤੇਰੀ, ਉੱਤੇ ਸੂਹੀ ਫੁਲਕਾਰੀ

ਕਈ ਰੰਨਾਂ ਨੂੰ ਝੂਰਦੇ ਹੋ ਗਏ ਬੁੱਢੇ, ਤੂੰ ਮੂਰਖਾ ਮਨੋਂ ਵਿਸਾਰੀ।

ਪੰਜਾਬ ਦੀਆਂ ਔਰਤਾਂ ਵੱਲੋਂ ਫੁਲਕਾਰੀ ਕਲਾ ਦਾ ਅਭਿਆਸ ਕੀਤਾ ਜਾਂਦਾ ਸੀ। ਦਰੱਖ਼ਤ ਦੀ ਸੁਰੱਖਿਆ ਵਾਲੀ ਛਾਂ ਵਿੱਚ ਖਿੱਚੀਆਂ ਚਰਖੜੀਆਂ 'ਤੇ ਬੈਠ ਕੇ, ਪੰਜਾਬ ਭਰ ਦੇ ਪਿੰਡਾਂ ਅਤੇ ਛੋਟੇ ਕਸਬਿਆਂ ਦੀਆਂ ਔਰਤਾਂ ਅਕਸਰ ਦੁਪੱਟਿਆਂ, ਸ਼ਾਲਾਂ ਜਾਂ ਹੋਰ ਕੱਪੜਿਆਂ 'ਤੇ ਸ਼ਾਨਦਾਰ 'ਫੁਲਕਾਰੀ' ਫੁੱਲਾਂ ਦੀ ਕਢਾਈ ਕਰਨ ਵਿੱਚ ਰੁੱਝੀਆਂ ਰਹਿੰਦੀਆਂ ਸਨ। ਇਹ ਕਲਾ ਪੂਰੇ ਪੰਜਾਬ ਵਿੱਚ ਪ੍ਰਚਲਿਤ ਸੀ ਜੋ 1947 ਦੀ ਵੰਡ ਤੋਂ ਬਾਅਦ ਵੰਡੀ ਗਈ ਸੀ। ਇਸ ਲਈ ਹੁਣ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿੱਚ ਫੁਲਕਾਰੀ ਦਾ ਅਭਿਆਸ ਕੀਤਾ ਜਾਂਦਾ ਹੈ। ਫੁਲਕਾਰੀ ਦੀਆਂ ਤਾਰਾਂ ਦੋਹਾਂ ਦੇਸ਼ਾਂ ਦੇ ਸੱਭਿਆਚਾਰਕ ਰਿਸ਼ਤੇ ਨੂੰ ਜੋੜਦੀਆਂ ਹਨ। ਔਰਤਾਂ ਕੱਪੜਿਆਂ 'ਤੇ ਸ਼ਾਨਦਾਰ ਕਢਾਈ ਕਰਦੇ ਲੋਕ ਗੀਤ ਗਾਉਂਦੀਆਂ ਸਨ।

ਸੂਹੇ ਰੰਗ ਦੀ ਫੁਲਕਾਰੀ ਮੇਰੀ, ਉੱਤੇ ਫੁੱਲ ਬੂਟੇ ਮੈਂ ਪਾਂਦੀ ਆਂ

ਸੱਜਣਾਂ ਦੀ ਉਡੀਕ ਵਿੱਚ, ਰੋਜ਼ ਮੈਂ ਇੱਕ ਤੰਦ ਪਾਂਦੀ ਆਂ।

ਫੁਲਕਾਰੀ ਨੂੰ ਸਿਰਫ਼ ਕਲਾ ਨਹੀਂ ਮੰਨਿਆ ਜਾਂਦਾ, ਇਹ ਇੱਕ ਲੜਕੀ ਦਾ ਆਪਣੀ ਮਾਂ ਨਾਲ ਭਾਵਨਾਤਮਕ ਬੰਧਨ ਵੀ ਸੀ। ਜਿਸਨੇ ਉਸਦੇ ਲਈ ਫੁਲਕਾਰੀ ਬੁਣਾਈ ਸੀ। ਜਦੋਂ ਕੋਈ ਕੁੜੀ, ਔਰਤ, ਪਤਨੀ ਜਾਂ ਮਾਂ ਬਣ ਜਾਂਦੀ ਸੀ ਤਾਂ ਉਸ ਲਈ ਫੁਲਕਾਰੀ ਦੁਪੱਟਾ, ਸ਼ਾਲ ਜਾਂ ਕੱਪੜੇ ਦਾ ਸੁੰਦਰ ਟੁਕੜਾ ਬਣਾਇਆ ਜਾਂਦਾ ਸੀ ਪਰ ਅੱਜ ਕੱਲ੍ਹ ਤਾਂ ਸ਼ਾਇਦ ਇਨ੍ਹਾਂ ਗੱਲਾਂ ਵਾਰੇ ਸੁਪਨੇ ਵਿੱਚ ਵੀ ਨਹੀਂ ਸੋਚਦਾ।

## ਕਢਾਈ ਦਾ ਰੂਪ

ਫੁਲਕਾਰੀ ਕਢਾਈ ਦਾ ਪਰੰਪਰਾਗਤ ਰੂਪ ਹੈ ਜੋ ਪੰਜਾਬ ਤੋਂ ਉਪਜੀ ਹੈ। ਇਹ ਫੁੱਲਾਂ ਦੇ ਆਕਾਰ (ਫੁਲ-ਅਕਾਰੀ) ਵਿੱਚ ਅਨੁਵਾਦ ਕਰਦਾ ਹੈ, ਹਾਲਾਂਕਿ ਪੈਟਰਨ ਹੁਣ ਫੁੱਲਾਂ ਤੱਕ ਸੀਮਿਤ ਨਹੀਂ ਸਨ। ਫੁਲਕਾਰੀ ਬਾਰੇ ਸਭ ਤੋਂ ਅਜੀਬ ਗੱਲ ਇਹ ਹੈ ਕਿ ਨਮੂਨੇ ਕੱਪੜੇ ਦੇ ਮੋਟੇ ਪਾਸੇ 'ਤੇ ਬਣਾਏ ਗਏ ਹਨ। ਕਢਾਈ ਦੇ ਇਸ ਰੂਪ ਨੂੰ ਇਸ ਅਨੁਸਾਰ ਤੌਰ 'ਤੇ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ:

## ਬਾਗ਼

ਜਿਵੇਂ ਕਿ ਤੁਸੀਂ ਜਾਣਦੇ ਹੋਵੋਗੇ ਕਿ ਪਹਿਲਾਂ ਹੀ ਬਾਗ਼ ਦਾ ਅਰਥ ਹੈ ਬਾਗ। ਇਸ ਲਈ ਬਾਗ਼ ਵਿੱਚ, ਪੂਰਾ ਅਧਾਰ ਕੱਪੜਾ ਫੁੱਲਾਂ ਨਾਲ ਭਰਿਆ ਹੁੰਦਾ ਹੈ, ਕਢਾਈ ਦੇ ਕੰਮ ਦੀ ਘਣਤਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਕੰਮ ਆਪਣੇ ਆਪ ਵਿੱਚ ਇੱਕ ਫੈਬਰਿਕ ਬਣ ਜਾਂਦਾ ਹੈ। ਇਸ ਦਾ ਨਤੀਜਾ ਵਧੇਰੇ ਸਮਾਂ ਲੈਣ ਵਾਲਾ ਅਤੇ ਮਹਿੰਗਾ ਹੁੰਦਾ ਹੈ।

## ਬਾਵਨ ਬਾਗ਼

ਬਾਵਨ ਬਾਗ਼ ਇੱਕ ਕੱਪੜੇ ਉੱਤੇ 52 ਵੱਖ-ਵੱਖ ਪੈਟਰਨਾਂ ਵਾਲਾ ਮੋਜ਼ੇਕ ਹੈ। ਇਸਦੀ ਵਰਤੋਂ ਪੇਸ਼ੇਵਰ ਕਢਾਈ ਕਰਨ ਵਾਲੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਕਰਦੇ ਸਨ। ਅਫ਼ਸੋਸ ਕਿ ਅੱਜ ਫੁਲਕਾਰੀ ਤੇ ਬਾਗ਼ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ ਜਿਸ ਬਾਰੇ ਕਿਸੇ ਤਰ੍ਹਾਂ ਭਰਮ ਭੁਲੇਖਾ ਨਹੀਂ ਹੈ। ਅਸੀਂ ਆਪਣੇ ਵਿਰਸੇ ਅਤੇ ਸੱਭਿਆਚਾਰ ਤੋਂ ਹੌਲੀ-ਹੌਲੀ ਦੂਰ ਹੋਈ ਜਾ ਰਹੇ ਹਾਂ ਜਿਸ ਦੇ ਅਸੀਂ ਖ਼ੁਦ ਜ਼ਿੰਮੇਵਾਰ ਹਾਂ ਕਿਉਂਕਿ ਧੀਆਂ-ਪੁੱਤ ਤਾਂ ਅਸੀਂ ਜ਼ਮੀਨਾਂ-ਜਾਇਦਾਦਾਂ ਗਹਿਣੇ, ਜਾਂ ਵੇਚ ਵੱਟ ਕੇ ਪ੍ਰਦੇਸੀਂ ਤੋਰ ਦਿੱਤੇ ਅਤੇ ਮਾਂ-ਬਾਪ ਸਾਰਾ ਪਰਿਵਾਰ ਕਰਜ਼ੇ ਦੀਆਂ ਕਿਸ਼ਤਾਂ ਉਤਾਰਦਾ ਹੀ ਬੁੱਢਾ ਹੋ ਜਾਂਦਾ। ਫਿਰ ਕਦੋਂ ਮਿਲੇਗਾ ਫੁਲਕਾਰੀਆਂ ਲਈ ਸਮਾਂ। ਬਾਕੀ ਬਚੀ-ਖੁਚੀ ਕਸਰ ਬਦਲਦੇ ਜ਼ਮਾਨੇ ਨੇ ਪੂਰੀ ਕਰ ਦਿੱਤੀ ਪਰ ਅਸੀਂ ਸ਼ਾਇਦ ਜ਼ਿਆਦਾ ਹੀ ਅਵੇਸਲੇ ਹਾਂ ਅਤੇ ਆਪਣੇ ਵਿਰਸੇ ਨੂੰ ਸਾਂਭਣ ਲਈ ਕੋਈ ਵੀ ਕਿਸੇ ਵੀ ਤਰ੍ਹਾਂ ਵੀ ਜ਼ਿੰਮੇਵਾਰੀ ਨਹੀਂ ਦਿਖਾਉਂਦੇ। ਸਾਨੂੰ ਇਹ ਯਤਨ ਕਰਨੇ ਚਾਹੀਦੇ ਹਨ ਕਿ ਸਾਡੇ ਵਿਰਸੇ ਦੀ ਪਛਾਣ ਫੁਲਕਾਰੀ ਨੂੰ ਹਮੇਸ਼ਾ ਲਈ ਆਪਣਾ ਅੰਗ ਬਣਾ ਕੇ ਰੱਖੀਏ। ਇਹ ਸਾਡੇ ਸਾਂਝੇ ਹੰਬਲੇ ਨਾਲ ਹੀ ਸੰਭਵ ਹੈ।

# ਕਿੱਕਰਾਂ ਦੇ ਫੁੱਲਾਂ ਦੀ...



**ਜੋਗਿੰਦਰ ਕੌਰ ਅਗਨੀਹੋਤਰੀ**

ਕੁਦਰਤ ਆਪਣੇ ਆਪ ਵਿੱਚ ਸੰਪੂਰਨ ਹੈ। ਇਸ ਦੇ ਬਗ਼ੈਰ ਪੱਤਾ ਵੀ ਨਹੀਂ ਝੂਲ ਸਕਦਾ । ਇਸਦੀ ਸਿਰਜੀ ਹੋਈ ਹਰ ਚੀਜ਼ ਕੀਮਤੀ ਹੈ। ਰੇਤ ਦਾ ਕਿਣਕਾ ਵੀ ਤੇ ਸੋਨਾ ਵੀ। ਜੜ੍ਹੀਆਂ ਬੂਟੀਆਂ ਅਤੇ ਰੁੱਖ ਬਹੁਤ ਕੀਮਤੀ ਹਨ ਅਤੇ ਮਨੁੱਖ ਦੇ ਜੀਵਨ ਵਿੱਚ ਇਨ੍ਹਾਂ ਦਾ ਅਹਿਮ ਸਥਾਨ ਹੈ। ਪਰਖੀਆਂ ਹੋਈਆਂ ਜੜ੍ਹੀਆਂ ਬੂਟੀਆਂ ਨੂੰ ਮਨੁੱਖ ਵਰਤਦਾ ਆ ਰਿਹਾ ਹੈ। ਰੁੱਤ ਦੇ ਮੇਵਿਆਂ ਦਾ ਅਨੰਦ ਵੀ ਮਨੁੱਖ ਲੈ ਰਿਹਾ ਹੈ। ਰੁੱਖਾਂ ਦੇ ਸਾਨੂੰ ਅਨੇਕਾਂ ਫ਼ਾਇਦੇ ਹਨ। ਸਭ ਤੋਂ ਪਹਿਲਾਂ ਤਾਂ ਰੁੱਖ ਸਾਨੂੰ ਜੀਵਨ ਦਾਨ ਦਿੰਦੇ ਹਨ ਕਿਉਂਕਿ ਰੁੱਖਾਂ ਤੋਂ ਹੀ ਸਾਨੂੰ ਆਕਸੀਜਨ ਪ੍ਰਾਪਤ ਹੁੰਦੀ ਹੈ ਅਤੇ ਇਹ ਕਾਰਬਨ ਡਾਈਆਕਸਾਈਡ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਰੁੱਖ ਸਾਨੂੰ ਛਾਂ ਦਿੰਦੇ ਹਨ। ਇਨ੍ਹਾਂ ਤੋਂ ਸਾਨੂੰ ਫਲ ਵੀ ਪ੍ਰਾਪਤ ਹੁੰਦੇ ਹਨ ਅਤੇ ਫੁੱਲਾਂ ਦੀ ਸੁਗੰਧੀ ਵੀ ਪ੍ਰਾਪਤ ਹੁੰਦੀ ਹੈ। ਰੁੱਖਾਂ ਤੋਂ ਸਾਨੂੰ ਲੱਕੜੀ ਪ੍ਰਾਪਤ ਹੁੰਦੀ ਹੈ , ਜਿਸ ਨਾਲ ਘਰ ਵਿੱਚ ਵਰਤਿਆ ਜਾਣੋ ਵਾਲਾ ਸਾਜ਼ੋ-ਸਮਾਨ ਵੀ ਬਣਦਾ ਹੈ। ਭੋਜਨ ਬਣਾਉਣ ਲਈ ਬਾਲਣ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਹਰ ਰੁੱਖ ਦਾ ਬੀਜ ਹੁੰਦਾ ਹੈ ਜਿਸ ਤੋਂ ਅਨੇਕਾਂ ਰੁੱਖ ਪੈਦਾ ਹੁੰਦੇ ਹਨ। ਹਰ ਰੁੱਖ ਦੇ ਉੱਤੇ ਫਲ ਲੱਗਦੇ ਹਨ ਪ੍ਰੰਤੂ ਪਰਖ ਤੋਂ ਬਗ਼ੈਰ ਉਸ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਅਤੇ ਪਰਖ ਨਾਲ ਹੀ ਉਸ ਦੀ ਕੀਮਤ ਬਹੁਮੁੱਲੀ ਵੀ ਹੋ ਜਾਂਦੀ ਹੈ।

ਲੋਕ ਗੀਤਾਂ ਵਿੱਚ ਕਿੱਕਰ ਦਾ ਜ਼ਿਕਰ

ਲੋਕ ਗੀਤਾਂ ਵਿੱਚ ਕਿੱਕਰ ਦਾ ਜ਼ਿਕਰ ਆਮ ਹੀ ਆਉਂਦਾ ਹੈ। ਕਿੱਕਰ ਨਾਲ ਜੋੜੇ ਕਈ ਮੁਹਾਵਰੇ ਵੀ ਹਨ ਜਿਵੇਂ 'ਕਿੱਕਰ ਦੇ ਫੁੱਲਾਂ ਵਰਗਾ', 'ਰੋਹੀ ਦੀ ਕਿੱਕਰ ਵਰਗਾ' ਆਦਿ। ਕਿੱਕਰ ਦੇ ਫੁੱਲ ਇੰਨੇ ਹਲਕੇ ਹੁੰਦੇ ਹਨ ਕਿ ਹਵਾ ਦੇ ਬੁੱਲੇ ਦੇ ਆਉਂਦਿਆਂ ਹੀ ਉਹ ਧਰਤੀ 'ਤੇ ਡਿੱਗ ਪੈਂਦੇ ਹਨ, ਜਿਨ੍ਹਾਂ ਦੀ ਕੀਮਤ ਕੁਝ ਵੀ ਨਹੀਂ ਹੁੰਦੀ। ਇਸ ਕਰਕੇ ਹੀ ਜਦੋਂ ਇੱਕ ਮੁਟਿਆਰ ਦਾ ਪ੍ਰੇਮ ਅਸਫਲ ਹੋ ਜਾਵੇ ਜਾਂ ਉਸਦਾ ਪ੍ਰੇਮੀ ਉਸ ਨੂੰ ਛੇਤੀ-ਛੇਤੀ ਨਾ ਮਿਲੇ ਤਾਂ ਉਹ ਉਸ ਨੂੰ ਇੰਜ ਉਲਾਂਭਾ ਦਿੰਦੀ ਹੈ-

'ਕਿੱਕਰ ਦੇ ਫੁੱਲਾਂ ਦੀ,
ਕੌਣ ਕਰੇਂਦਾ ਰਾਖੀ, ਵੇ ਅੜਿਆ'

ਬੇਸ਼ੱਕ ਕਿੱਕਰ ਦਾ ਛਿੱਲਕਾ ਕਾਲਾ ਹੁੰਦਾ ਹੈ ਪਰ ਇਹ ਮਨੁੱਖ ਦਾ ਮੂੰਹ ਤਰੋ-ਤਾਜ਼ਾ ਕਰ ਦਿੰਦਾ ਹੈ ਕਿਉਂਕਿ ਇਸਦੇ ਚੱਬਣ ਨਾਲ ਮੂੰਹ ਦੀ ਸਫ਼ਾਈ ਹੋ ਜਾਂਦੀ ਹੈ, ਜਿਸ ਨਾਲ ਅਨੇਕ ਬਿਮਾਰੀਆਂ ਦੂਰ ਹੁੰਦੀਆਂ ਹਨ। ਦਾਤਣ ਕਰਨ ਨਾਲ ਦੰਦ ਵੀ ਚਿੱਟੇ ਹੁੰਦੇ ਹਨ ਅਤੇ ਮਜ਼ਬੂਤ ਵੀ। ਅਜਿਹੇ ਗੁਣਾਂ ਦੇ ਹੁੰਦੇ ਹੋਏ ਵੀ ਕਾਲੇ ਰੰਗ ਕਾਰਨ ਕਿੱਕਰ ਨਾਲ ਕੁੜੀ ਆਪਣੇ ਕਾਲੇ ਰੰਗ ਦੇ ਵਰ ਦੀ ਤੁਲਨਾ ਕਰਦੀ ਹੈ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ।



ਘਰ ਵਿੱਚ ਵਰਤਣਯੋਗ ਲੱਕੜ ਦੀਆਂ ਚੀਜ਼ਾਂ ਲਈ ਕਿੱਕਰ ਦੀ ਲੱਕੜ ਵੀ ਵਰਤੀ ਜਾਂਦੀ ਹੈ ਜਿਵੇਂ ਮੰਜੇ ਦੀਆਂ ਵਾਹੀਆਂ, ਸੇਰਵੇ, ਪਾਵੇ ਆਦਿ। ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਥਾਪਾ, ਗਿੜਗਣ, ਪਟੜੀ-ਪਟੜਾ ਤੋਂ ਬਿਨਾਂ ਅਨੇਕ ਹੋਰ ਵਸਤਾਂ ਇਸ ਦੀ ਲੱਕੜ ਦੀਆਂ ਬਣਾਈਆਂ ਜਾਂਦੀਆਂ ਹਨ। ਅੱਜ ਤੋਂ ਕਈ ਸਾਲ ਪਹਿਲਾਂ ਪੁਰਾਣੇ ਘਰਾਂ ਵਿੱਚ ਕਿੱਕਰ ਦੀਆਂ ਲਟੈਣਾਂ ਆਮ ਦੇਖੀਆਂ ਜਾਂਦੀਆਂ ਸਨ ਪਰ ਕੱਚੇ ਘਰਾਂ ਦੇ ਖ਼ਤਮ ਹੋਣ ਨਾਲ ਲਟੈਣਾਂ ਵੀ ਖ਼ਤਮ ਹੋ ਗਈਆਂ ਹਨ। ਤਾਣੀ ਤੰਦ ਜਾਂ ਦਰੀਆਂ ਦਾ ਨਸਵਾਰੀ ਸੂਟ ਰੰਗਣ ਵੇਲੇ ਵੀ ਕਿੱਕਰ ਦੇ ਸੱਕ ਨੂੰ ਉਬਾਲ ਕੇ ਉਸ ਦਾ ਪਾਹ ਦਿੱਤਾ ਜਾਂਦਾ ਹੈ ਤਾਂ ਕਿ ਰੰਗ ਵਧੀਆ ਚੜ੍ਹ ਜਾਵੇ। ਫੁਲਕਾਰੀਆਂ ਅਤੇ ਬਾਗ਼ ਤਿਆਰ ਕਰਨ ਲਈ ਖੱਦਰ ਨੂੰ ਵੀ ਪਾਹ ਦੇ ਕੇ ਹੀ ਰੰਗਿਆ ਜਾਂਦਾ ਹੈ। ਕਿੱਕਰ 'ਤੇ ਲੱਗੇ ਤੁੱਕਿਆਂ ਦਾ ਆਚਾਰ ਵੀ ਵੱਖ-ਵੱਖ ਢੰਗਾਂ ਨਾਲ ਪਾਇਆ ਜਾਂਦਾ ਹੈ, ਉਬਾਲ ਕੇ ਵੀ ਅਤੇ ਤਲ ਕੇ ਵੀ। ਤੁੱਕਿਆਂ ਨੂੰ ਸੁਕਾ ਕੇ ਚੰਗੀ ਤਰ੍ਹਾਂ ਪੀਸ ਕੇ ਉਸ ਵਿਚ ਫਟਕੜੀ ਪਾ ਕੇ ਦੰਦਾਂ ਦਾ ਮੰਜਨ ਵੀ ਬਣਾਇਆ ਜਾਂਦਾ ਹੈ, ਇਸ ਨਾਲ ਦੰਦਾਂ ਦੀਆਂ ਕਈ ਬਿਮਾਰੀਆਂ ਦੂਰ ਹੁੰਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਵਿਅਕਤੀਆਂ ਦੇ ਗੁਣਾਂ ਤੇ ਔਗੁਣਾਂ ਦੀ ਤੁਲਨਾ ਰੁੱਖਾਂ ਦੇ ਫਲਾਂ ਨਾਲ ਵੀ ਕੀਤੀ ਜਾਂਦੀ ਹੈ ਜਾਂ ਇੰਞ ਕਹਿ ਲਵੋ ਕਿ ਵਿਅਕਤੀਆਂ ਦੇ ਚੰਗੇ ਅਤੇ ਮਾੜੇ ਕੰਮਾਂ ਦਾ ਫਲ ਕੀ ਉਸ ਨੂੰ ਮਿਲਦਾ ਹੈ। ਭਗਤੀ ਮਾਰਗ 'ਤੇ ਚੱਲਦੇ ਸਮੇਂ ਅਜਿਹੀਆਂ ਉਦਾਹਰਨਾਂ ਕੀਰਤਨ ਰਾਹੀਂ ਮਨੁੱਖ ਨੂੰ ਦਿੱਤੀਆਂ ਜਾਂਦੀਆਂ ਹਨ।

'ਕਿੱਥੋਂ ਭਾਲਦਾ ਬਜੌਰੀ ਦਾਖਾਂ
ਕਿੱਕਰਾਂ ਦੇ ਬੀਜ, ਬੀਜ ਕੇ।'

ਇਸ ਦਾ ਮਤਲਬ ਹੈ ਕਿ ਕਿੱਕਰ ਅਤੇ ਦਾਖ ਦੇ ਰੁੱਖ ਵਿੱਚ ਬਹੁਤ ਫ਼ਰਕ ਹੈ ਕਿਉਂਕਿ ਕਿੱਕਰ ਉੱਤੇ ਤੁੱਕੇ ਹੀ ਲੱਗਣਗੇ ਜਦਕਿ ਦਾਖ ਦੇ ਰੁੱਖ ਉੱਤੇ ਦਾਖਾਂ। ਖੇਤਾਂ ਵਿੱਚ ਕੰਮ ਕਰਦੇ ਕਿਸਾਨ ਨੂੰ ਜਦੋਂ ਰੱਬ ਯਾਦ ਆਉਂਦਾ ਹੈ ਤਾਂ ਉਹ ਰੱਬ ਦਾ ਨਾਂ ਲੈਂਦਾ ਹੈ ਕਿਉਂਕਿ ਰੱਬ ਨਾਲ ਮਨੁੱਖ ਦਾ ਅਧਿਆਤਮਕ ਰਿਸ਼ਤਾ ਹੈ । ਕਿੱਕਰ ਦੇ ਰੁੱਖ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਦੇਖਣ 'ਤੇ ਸਾਨੂੰ ਇਸ ਦੀ ਕੀਮਤ ਦਾ ਪਤਾ ਲੱਗਦਾ ਹੈ ਕਿ ਇਹ ਕੁਦਰਤ ਦੇ ਖ਼ਜ਼ਾਨੇ ਦਾ ਇੱਕ ਕੀਮਤੀ ਹੀਰਾ ਹੈ। ਇਸ ਨੂੰ ਸੰਭਾਲਣ ਦੀ ਜ਼ਰੂਰਤ ਹੈ ਕਿਉਂਕਿ ਅੱਜਕੱਲ੍ਹ ਇਸ ਅਣਮੁੱਲੇ ਦਰੱਖ਼ਤ ਦੀ ਹੋਂਦ ਖ਼ਤਰੇ ਵਿੱਚ ਹੈ।



# ਗੁਰਬਾਣੀ ਦੀ ਟੀਕਾਕਾਰੀ : ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ


**ਡਾ. ਧਰਮ ਸਿੰਘ**

ਕਿਸੇ ਮੁਸ਼ਕਿਲ ਸ਼ਬਦ ਜਾਂ ਸਤਰ ਦੀ ਸਰਲ ਭਾਸ਼ਾ ਵਿੱਚ ਕੀਤੀ ਗਈ ਵਿਆਖਿਆ ਜਾਂ ਤਸ਼ਰੀਹ ਨੂੰ ਟੀਕਾ ਆਖਿਆ ਜਾਂਦਾ ਹੈ। ਕਈ ਤਰ੍ਹਾਂ ਦੀਆਂ ਸਮਾਜਿਕ, ਸੱਭਿਆਚਾਰਕ, ਭਾਸ਼ਾਈ ਅਤੇ ਸਾਹਿਤਕ ਤਬਦੀਲੀਆਂ ਕਰਕੇ ਪੁਰਾਣੇ ਗ੍ਰੰਥਾਂ ਦੇ ਟੀਕਿਆਂ ਦੀ ਲੋੜ ਪੈਂਦੀ ਹੈ ।

ਗੁਰਬਾਣੀ ਦੀ ਟੀਕਾਕਾਰੀ ਵਿੱਚ ਭਾਈ ਵੀਰ ਸਿੰਘ ਦਾ ਵਧੇਰੇ ਕੰਮ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਪੰਜ ਗ੍ਰੰਥੀ ਸਟੀਕ' ਵਿੱਚ ਮਿਲਦਾ ਹੈ ।ਇਸ ਕੰਮ ਵਿੱਚ ਭਾਈ ਜੀ ਨੂੰ ਆਪਣੇ ਛੋਟੇ ਭਰਾ ਸ. ਬਲਬੀਰ ਸਿਘ ਦਾ ਸਹਿਯੋਗ ਪ੍ਰਾਪਤ ਰਿਹਾ ਹੈ ।ਭਾਈ ਵੀਰ ਸਿੰਘ ਦਾ ਦਿਹਾਂਤ 1957 ਈ. ਵਿੱਚ ਹੋਇਆ, ਜਦਕਿ ਸੰਥਯਾ ਪਹਿਲੀ ਵਾਰ 1958 ਈ. ਵਿੱਚ ਛਪੀ। ਇੱਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਡਾ. ਬਲਬੀਰ ਸਿੰਘ ਕੇਵਲ ਟੀਕਾਕਾਰੀ ਵਿੱਚ ਹੀ ਭਾਈ ਜੀ ਦੇ ਸਹਾਇਕ ਨਹੀਂ ਰਹੇ, ਸਗੋਂ ਉਨ੍ਹਾਂ ਇਸ ਟੀਕੇ ਦੀ ਭੂਮਿਕਾ ਵੀ ਲਿਖੀ ਹੈ, ਜਿਸ 'ਚ ਪਹਿਲਾਂ ਹੋ ਚੁੱਕੇ ਟੀਕਿਆਂ ਦਾ ਵੇਰਵਾ ਵੀ ਹੈ। ਸੰਥਯਾ ਤੋਂ ਬਾਅਦ 'ਪੰਜ ਗ੍ਰੰਥੀ ਸਟੀਕ' ਹੈ । ਇਸ ਸਟੀਕ ਦਾ ਕੋਈ ਸਫ਼ਾ ਅਜਿਹਾ ਨਹੀਂ, ਜਿਸ ਉੱਪਰ ਪੈਰ ਟਿੱਪਣੀਆਂ ਨਾ ਹੋਣ। ਇਹ ਟਿੱਪਣੀਆਂ ਡਾ. ਬਲਬੀਰ ਸਿੰਘ ਦੀਆਂ ਹਨ, ਭਾਈ ਵੀਰ ਸਿੰਘ ਦੀਆਂ ਨਹੀਂ ।ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਟੀਕਾ 'ਫ਼ਰੀਦਕੋਟੀ ਟੀਕੇ' ਦੇ ਨਾਂਅ ਨਾਲ ਮਸ਼ਹੂਰ ਹੈ, ਜਿਸ ਦਾ ਦੂਜਾ ਸੋਧਿਆ ਹੋਇਆ ਸੰਸਕਰਣ ਡਾ. ਬਲਬੀਰ ਸਿੰਘ ਦੁਆਰਾ ਹੀ ਤਿਆਰ ਕੀਤਾ ਗਿਆ ਸੀ ।

ਗੁਰਬਾਣੀ ਦੀ ਟੀਕਾਕਾਰੀ 'ਚ ਡਾ. ਬਲਬੀਰ ਸਿੰਘ ਦੀ ਸਭ ਤੋਂ ਵੱਧ ਕੁਸ਼ਲਤਾ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' (ਦੋ ਜਿਲਦਾਂ) 'ਚ ਵੇਖੀ ਜਾ ਸਕਦੀ ਹੈ । ਡਾ. ਬਲਬੀਰ ਸਿੰਘ ਦੀ ਖੋਜ ਦਾ ਇਕ ਉੱਤਮ ਨਮੂਨਾ ਨਿਰੁਕਤ (ਜਿਲਦ ਪਹਿਲੀ) ਦੀ ਭੂਮਿਕਾ ਹੈ, ਜਿਸ ਵਿੱਚ ਉਨ੍ਹਾਂ ਦੇ ਉਦੋਂ ਤੱਕ ਪ੍ਰਾਪਤ ਟੀਕਿਆਂ ਦੇ ਵਿਵਰਣ ਵਿਚ ਉਨ੍ਹਾਂ ਦੀਆਂ ਖ਼ੂਬੀਆਂ ਅਤੇ ਖਾਮੀਆਂ ਬਾਰੇ ਟਿੱਪਣੀਆਂ ਹਨ ।

ਗੁਰਬਾਣੀ ਦੀ ਟੀਕਾਕਾਰੀ 'ਚ ਡਾ. ਬਲਬੀਰ ਸਿੰਘ ਦੀ ਸਭ ਤੋਂ ਵੱਧ ਅਤੇ ਭਰਵੀਂ ਕੁਸ਼ਲਤਾ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' (ਦੋ ਜਿਲਦਾਂ) ਵਿੱਚ ਵੇਖੀ ਜਾ ਸਕਦੀ ਹੈ ।ਡਾ. ਬਲਬੀਰ ਸਿੰਘ ਦੀ ਨਜ਼ਰ ਵਿੱਚ ਪਹਿਲਾਂ ਹੋ ਚੁੱਕੇ ਟੀਕੇ ਜਾਂ ਵਿਆਖਿਆਕਾਰੀ ਵੀ ਸੀ, ਸੋ ਉਨ੍ਹਾਂ ਵਿਚਲੀਆਂ ਲੱਭਤਾਂ ਨੂੰ





ਦੁਹਰਾਉਣ ਦੀ ਲੋੜ ਨਹੀਂ ਸੀ। ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੀ ਅਗਵਾਈ ਵਿੱਚ 1897 ਈ. ਵਿੱਚ ਜੈਤਸਰੀ ਦੀ ਵਾਰ ਦਾ ਟੀਕਾ ਕੀਤਾ, ਜੋ ਸਹਿਜੇ-ਸਹਿਜੇ 1958 'ਚ ਸੰਥਯਾ ਦੇ ਰੂਪ 'ਚ ਛਪਿਆ। ਨਿਰੁਕਤ 1972 'ਚ ਪਹਿਲੀ ਜਿਲਦ 1972 ਈ. ਵਿੱਚ ਛਪੀ ।ਇੰਝ ਦੋਵਾਂ ਦਰਮਿਆਨ ਤਕਰੀਬਨ ਅੱਧੀ ਸਦੀ ਦਾ ਵਕਫ਼ਾ ਪੈ ਜਾਂਦਾ ਹੈ । ਇਸ ਅੱਧੀ ਸਦੀ 'ਚ ਕਈ ਹਵਾਲਾ ਪੁਸਤਕਾਂ ਅਤੇ ਕੋਸ਼ ਆਦਿ ਛਪੇ, ਜਿਨ੍ਹਾਂ ਦੀ ਮਦਦ ਨਾਲ ਹੋਰ ਕਈ ਘੁੰਡੀਆਂ ਖੁੱਲ੍ਹ ਸਕਦੀਆਂ ਸਨ ।ਸੋ ਨਿਰੁਕਤ ਲਈ ਨਾ ਕੇਵਲ ਟੀਕਿਆਂ, ਸਗੋਂ ਹੋਰ ਵੀ ਪੁਸਤਕਾਂ ਦੀ ਮਦਦ ਵੀ ਲਈ ਗਈ ।

'ਨਿਰੁਕਤ' ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਨਿਸ਼ਚੇ ਕਰਕੇ ਕਹੀ ਹੋਈ ਗੱਲ, ਨਿਯੁਕਤ ਕੀਤਾ ਹੋਇਆ ਰੂਪ ਅਰਥਾਤ ਕਿਸੇ ਸ਼ਬਦ ਦੀ ਛਾਣ-ਬੀਣ ਕਰਕੇ ਉਸ ਦਾ ਠਹਿਰਾਇਆ ਹੋਇਆ ਅਰਥ ਰੂਪ (ਜਿਲਦ ਪਹਿਲੀ ਪੰਨਾ 'ਗ') ਡਾ. ਬਲਬੀਰ ਸਿੰਘ ਵੱਲੋਂ ਗੁਰਬਾਣੀ ਦੀ ਵਿਆਖਿਆਕਾਰੀ ਲਈ ਨਿਰੁਕਤ ਤਿਆਰ ਕਿਉਂ ਕਰਨਾ ਪਿਆ ? ਇਸ ਵੱਲ ਸੰਕੇਤ ਕਰਦਿਆਂ ਉਨ੍ਹਾਂ ਲਿਖਿਆ ਹੈ, 'ਨਿਰੁਕਤ ਇੱਕ ਐਸੀ ਚੀਜ਼ ਹੋਣੀ ਚਾਹੀਦੀ ਹੈ, ਜੋ ਆਮ ਜਨਤਾ ਲਈ ਰੌਚਕ ਹੋਵੇ', ਗੁਰਬਾਣੀ ਦੇ ਪ੍ਰੇਮੀਆਂ ਲਈ ਪ੍ਰੇਰਨਾ ਭਰਪੂਰ ਅਤੇ ਕਥਾ ਕਰਨ ਵਾਲਿਆਂ ਲਈ ਪ੍ਰਮਾਣਾਂ ਦਾ ਮੂਲ ਸਰੋਤ ਹੋਵੇ । ਇਨ੍ਹਾਂ ਤਿੰਨਾਂ ਪਹਿਲੂਆਂ ਨੂੰ ਮੁੱਖ ਰੱਖ ਕੇ ਇਸ ਗੱਲ ਵੱਲ ਵੀ ਖਿਆਲ ਰੱਖਿਆ ਗਿਆ ਹੈ ਕਿ ਜਿੱਥੇ ਕਿਤੇ ਪਹਿਲਾਂ ਕੀਤੇ ਗਏ ਅਰਥਾਂ 'ਚ ਊਣਤਾਈ ਰਹਿ ਗਈ ਹੋਵੇ, ਉਨ੍ਹਾਂ ਨੂੰ ਸੋਧਿਆ ਜਾਵੇ ।

ਨਿਰੁਕਤ ਰਚੇ ਜਾਣ ਦੀ ਇੱਕ ਨਿਸ਼ਚਿਤ ਵਿਧੀ ਹੈ ।ਇਸ ਵਿਧੀ ਅਨੁਸਾਰ ਸਭ ਤੋਂ ਪਹਿਲਾਂ ਉਸ ਸ਼ਬਦ ਵਿਸ਼ੇਸ਼ ਦੇ ਅਰਥ ਹਨ, ਫਿਰ ਉਸ ਤੋਂ ਬਣਨ ਵਾਲੀਆਂ ਅਗਲੇਰੀਆਂ ਸ਼ਬਦ ਬਣਤਰਾਂ ਅਤੇ ਉਨ੍ਹਾਂ ਦੇ ਪ੍ਰਸੰਗਾਨਕੂਲ ਅਰਥ ਹਨ ।ਉਦਾਹਰਨ ਵਜੋਂ 'ਉਦਾਸੀ' ਸ਼ਬਦ ਦੇ 6 ਅਰਥ ਹਨ ਅਤੇ ਉਸ ਸ਼ਬਦ ਦੀ ਵੱਖ-ਵੱਖ ਥਾਵਾਂ ਅਤੇ ਸੰਦਰਭਾਂ ਵਿੱਚ ਵਰਤੋਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ।ਇਸੇ ਤਰ੍ਹਾਂ 'ਅੱਖਰ' ਸ਼ਬਦ ਦੇ 16 ਅਰਥ ਦੱਸ ਕੇ ਉਨ੍ਹਾਂ ਦੀ ਭਿੰਨ-ਭਿੰਨ ਸਰੋਤਾਂ 'ਚ ਵਰਤੋਂ ਬਿਆਨ ਕੀਤੀ ਗਈ ਹੈ।ਇੰਝ ਨਿਰੁਕਤ ਕੇਵਲ ਟੀਕਾ ਜਾਂ ਸ਼ਬਦਾਰਥ ਨਾ ਰਹਿ ਕੇ ਦਰਸ਼ਨ ਕੋਸ਼, ਇਤਿਹਾਸ ਕੋਸ਼, ਸਾਹਿਤ ਕੋਸ਼, ਮਿਥਿਹਾਸ ਕੋਸ਼, ਸਾਹਿਤ-ਬਿਲਾਸ ਕੋਸ਼ ਅਤੇ ਸ਼ਬਦਾਵਲੀ ਕੋਸ਼ ਵੀ ਬਣ ਗਿਆ ਹੈ, ਜਿਸ ਦੀ ਵਰਤੋਂ ਬਹੁ-ਮੰਤਵੀ ਬਣ ਨਿਬੜੀ ਹੈ ।

ਨਿਰੁਕਤ 'ਚ ਜੇਕਰ ਕੋਈ ਵਿਸ਼ੇਸ਼ ਨਾਂਅ/ਥਾਂ ਆ ਗਿਆ ਹੈ, ਤਾਂ ਉਸ ਦਾ ਇਤਿਹਾਸ, ਉਸ ਦੀ ਮਹੱਤਤਾ, ਉਸ ਸੰਬੰਧੀ ਪਹਿਲਾਂ ਤੋਂ ਚਲ ਰਹੀਆਂ ਭ੍ਰਾਂਤੀਆਂ ਦਾ ਨਿਵਾਰਣ ਵੀ ਕੀਤਾ ਗਿਆ ਹੈ ।ਉਦਾਹਰਨ ਵਜੋਂ ਸ੍ਰੀ ਗੁਰੂ ਅਮਰਦਾਸ ਜੀ ਦੀ ਕੁਰੂਕਸ਼ੇਤਰ ਫੇਰੀ ਦੀ ਮਿਤੀ ਨੂੰ ਲੈ ਕੇ ਕਾਫੀ ਵਿਵਾਦ ਸੀ ਪਰ ਡਾ. ਬਲਬੀਰ ਸਿੰਘ ਨੇ ਆਪਣੀਆਂ ਦਲੀਲਾਂ ਅਤੇ ਬੁੱਧੀ-ਬਿਬੇਕ ਰਾਹੀਂ ਇਸ ਭ੍ਰਾਂਤੀ ਦਾ ਨਿਵਾਰਣ ਕਰਨ ਦੀ ਕੋਸ਼ਿਸ਼ ਕੀਤੀ ਹੈ ।

ਡਾ. ਤਾਰਨ ਸਿੰਘ ਨੇ ਨਾ ਕੇਵਲ ਇਸ ਗੱਲ ਦੀ ਪ੍ਰਸੰਸਾ ਕੀਤੀ ਹੈ, ਸਗੋਂ ਇਸ ਵਿਧੀ ਰਾਹੀਂ ਇਤਿਹਾਸਕ ਅਤੇ ਸਿੱਖ ਇਤਹਾਸ ਦੇ ਹੋਰ ਮਸਲੇ ਸੁਲਝਾਉਣ ਦੀ ਸਲਾਹ ਵੀ ਦਿੱਤੀ ਹੈ। ਉਨ੍ਹਾਂ ਦੇ ਸ਼ਬਦ ਹਨ, ਇਸ ਖੋਜੀ ਦੀ ਖ਼ਾਸ ਮਾਅਰਕੇ ਦੀ ਗੱਲ ਹੈ । ਡਾ. ਸਾਹਿਬ ਇੱਕ ਨਵਾਂ ਰਾਹ ਦਿਖਾ ਗਏ ਹਨ। ਆਪ ਜ਼ਬਾਨੀ ਕਹਿੰਦੇ ਸਨ ਕਿ ਅਜਿਹੇ ਹੋਰ ਵੀ ਕੁਝ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਨ, ਜਿਨ੍ਹਾਂ ਤੋਂ ਭਾਰਤੀ ਇਤਿਹਾਸ ਅਤੇ ਸਿੱਖ ਇਤਿਹਾਸ ਦੀਆਂ ਕਈ ਥਿਤਾਂ ਨਿਸ਼ਚਿਤ ਰੂਪ ਵਿਚ ਗਣਨਾ ਦੁਆਰਾ ਲੱਭੀਆਂ ਜਾ ਸਕਦੀਆਂ ਹਨ।ਆਪ ਦੀ ਦਿੱਤੀ ਸੇਧ ਅਨੁਸਾਰ ਕੰਮ ਕਰਨ ਦੀ ਲੋੜ ਹੈ (ਜਿਲਦ ਦੂਜੀ) ਇਸੇ ਜਿਲਦ ਦੀ ਭੂਮਿਕਾ ਵਜੋਂ ਲਿਖਿਆ ਗਿਆ ਨਿਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ ਇਸ ਦੀਆਂ ਦਾਰਸ਼ਨਿਕ ਰਮਜ਼ਾਂ ਨੂੰ ਸਮਝਣ 'ਚ ਸਹਾਈ ਹੁੰਦਾ ਹੈ ।ਤਕਰੀਬਨ ਇੱਕ ਹਜ਼ਾਰ ਸਫ਼ੇ (ਪਹਿਲੀਆਂ ਦੋ ਜਿਲਦਾਂ) ਵਿੱਚ ਫੈਲਿਆ ਨਿਰੁਕਤ ਡਾ. ਬਲਬੀਰ ਸਿੰਘ ਦੀ ਵਿਆਖਿਆਕਾਰੀ ਦਾ ਇੱਕ ਉੱਤਮ ਨਮੂਨਾ ਮੰਨਿਆ ਜਾ ਸਕਦਾ ਹੈ ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਗਤ ਕਬੀਰ ਦਾਸ ਜੀ

## 11 ਜੂਨ ਜਨਮ ਦਿਨ ’ਤੇ ਵਿਸ਼ੇਸ਼

ਅੱਠਵੀਂ ਸਦੀ ਮੱਧਕਾਲੀਨ ਕਾਲ ਵਿੱਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਵਿੱਚ ਹੋਇਆ। ਇਹ ਇੱਕ ਧਾਰਮਿਕ ਜਾਗ੍ਰਿਤੀ ਲਹਿਰ ਸੀ। ਭਗਤੀ ਲਹਿਰ ਦੇ ਭਗਤਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਭਗਤਾਂ ਨੇ ਸੰਤ ਲੋਕ ਭਾਸ਼ਾ ਵਿੱਚ ਅਧਿਆਤਮਕ ਉਪਦੇਸ਼ ਦਿੱਤਾ। ਨਾਥ ਜੋਗੀਆਂ ਅਤੇ ਸੂਫ਼ੀਆਂ ਦੇ ਰੰਗ ਵਿੱਚ ਆਪਣੀ ਰਚਨਾ ਨੂੰ ਗਾਇਆ। ਦੂਰ ਦੂਰ ਤਕ ਪ੍ਰਚਾਰ ਭਰਮਣ ਕਰਦਿਆਂ ਭਗਤਾਂ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ। ਗੁਰਮਤਿ ਵਿਚਾਰਧਾਰਾ ਕਰਕੇ ਭਗਤਾਂ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਜੀ ਵਿੱਚ ਆਦਰਯੋਗ ਸਥਾਨ ਮਿਲਿਆ। ਕਾਵਿ ਰਚਨ ਨਿਰਗੁਣ ਅਤੇ ਸਰਗੁਣ ਵਿੱਚ ਵੰਡੀ ਹੋਈ ਸੀ। ਨਿਰਗੁਣ ਧਾਰਾ ਵਿੱਚ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਪ੍ਰਮੁੱਖ ਆਗੂ ਹੋਏ ਹਨ, ਜੋ ਨਿਰੰਕਾਰ ਨੂੰ ਸਿਮਰਦੇ ਹਨ। ਗੁਰਬਾਣੀ ਵਿੱਚ ਭਗਤਾਂ ’ਤੇ ਕ੍ਰਿਪਾ ਹੋਈ ਹੈ ਕਿ

ਪ੍ਰਭੂ ਨੇ ਭਗਤ ਜਨਾਂ ਤੋਂ ਆਪ ਹੀ ਆਪਣੀ ਭਗਤੀ ਕਰਾ ਕੇ ਭਗਤੀ ਦੀ ਬਰਕਤ ਨਾਲ ਉਹਨਾਂ ਨੂੰ ਆਪਣੀ ਵਡਿਆਈ ਵਿਖਾਲੀ ਹੈ। ਪ੍ਰਭੂ ਭਗਤਾਂ ਦੇ ਹਿਰਦੇ ਵਿੱਚ ਆਪਣਾ ਭਰੋਸਾ ਆਪ ਉਤਪੰਨ ਕਰਦਾ ਹੈ। ਉਹਨਾਂ ਤੋਂ ਸੇਵਾ ਆਪ ਹੀ ਕਰਾਈ ਹੈ। ਉਹ ਆਪ ਹੀ ਭਗਤਾਂ ਨੂੰਆਪਣੇ ਭਜਨ ਦਾ ਆਨੰਦ ਬਖਸ਼ਦਾ ਹੈ। ਇਸ ਤਰਾਂ ਉਹਨਾਂ ਦੇ ਹਿਰਦੇ ਵਿੱਚ ਅਡੋਲ ਟਿਕਾ ਰਖਿਆ ਹੈ ਪਰ ਪਾਪੀਆਂ ਨੂੰ ਅਡੋਲ ਚਿੱਤ ਨਹੀਂ ਰਹਿਣ ਦਿੰਦਾ। ਚੁਣ ਕੇ ਉਹਨਾਂ ਨੂੰ ਘੋਰ ਨਰਕ ਵਿੱਚ ਪਾ ਦਿੱਤਾ ਹੈ। ਭਗਤ ਜਨਾਂ ਨੂੰ ਪਿਆਰ ਕਰਦਾ ਹੈ। ਉਹਨਾਂ ਦਾ ਪੱਖ ਕਰਕੇ ਉਸ ਨੇ ਆਪ ਉਹਨਾਂ ਨੂੰ ਵਿਕਾਰਾਂ ਤੋਂ ਬਚਾਇਆ ਹੈ।

ਭਗਤ ਕਬੀਰ ਦਾਸ ਜੀ ਦਾ ਜੀਵਨ : ਪੁਰਾਤਨ ਇਤਿਹਾਸ ਵਿੱਚ ਕਬੀਰ ਜੀ ਬਾਰੇ ਕਿਹਾ ਗਿਆ ਹੈ ਕਿ ਉਹਨਾਂ ਦਾ ਜਨਮ ਹਿੰਦੂ ਧਰਮ ਵਿੱਚ ਹੋਇਆ, ਪਰ ਉਹਨਾਂ ਨੂੰ ਨੀਰੂ ਅਲੀ ਮੁਸਲਮਾਨ ਜੁਲਾਹਾ ਅਤੇ ਉਸਦੀ ਪਤਨੀ ਨੀਮਾਂ ਨੇ ਗੋਦ ਲੈ ਲਿਆ। ਜਨਮ 1398 ਦਾ ਮੰਨਿਆ ਜਾਂਦਾ ਹੈ। ਆਪ ਜੀ ਦਾ ਨਾਮ ਕਬੀਰ ਦਾਸ ਰਖਿਆ ਗਿਆ। ਪਾਲਣ ਪੋਸਣ ਇਸਲਾਮਿਕ ਸੱਭਿਆਚਾਰਕ ਢੰਗ ਨਾਲ ਹੋਇਆ। ਭਾਵੇਂ ਸੰਸਕਾਰਣ ਵਜੋਂ ਆਪ ਹਿੰਦੂ ਸਨ। ਕਿੱਤੇ ਵਜੋਂ ਪਿਤਾ ਪੁਰਖੀ ਜੁਲਾਹਾ ਦਾ ਕੰਮ ਕੀਤਾ। ਆਪ ਜੀ ਦੀ ਧਰਮ ਪਤਨੀ ਦਾ ਨਾਮ ਲੋਈ ਸੀ। ਆਪਜੀ ਦੇ ਪੁੱਤਰ ਕਮਲ ਅਤੇ ਧੀ ਕਮਲੀ ਹੋਏ ਸਨ।

ਆਪ ਜੀ ਨੇ ਪ੍ਰਭੂ ਦਾ ਸਿਮਰਨ ਬੜੀ ਦ੍ਰਿੜਤਾ, ਵਿਸ਼ਵਾਸ ਅਤੇ ਲਗਨ ਨਾਲ ਕੀਤਾ। ਸਿਮਰਨ ਰਾਹੀਂ ਪ੍ਰਭੂ ਨਾਲ ਇੱਕਮਿਕਤਾ ਪ੍ਰਾਪਤ ਕੀਤੀ। ਆਪਣੀ ਆਤਮਿਕ ਪ੍ਰਾਪਤੀ ਬਾਰੇ ਕਹਿੰਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਇੱਕਮਿਕਤਾ ਪ੍ਰਾਪਤ ਕੀਤੀ। ਆਪਣੀ ਆਤਮਿਕ ਪ੍ਰਾਪਤੀ ਬਾਰੇ ਕਹਿੰਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਮੈਂ ਹੁਣ ਉਚੇ ਆਤਮਿਕ ਟਿਕਾਣੇ ਤੇ ਅਪੜ ਗਿਆ ਹਾਂ। ਜਿਥੇ ਮੈਨੂੰ ਪਰਮਾਤਮਾ ਮਿਲ ਪਿਆ ਹੈ। ਮੈਂ ਕਬੀਰ ਅਤੇ ਮੇਰਾ ਰਾਮ ਇੱਕ ਰੂਪ ਹੋ ਗਏ ਹਾਂ। ਕੋਈ ਸਾਡੇ ਵਿੱਚ ਫਰਕ ਨਹੀਂ ਦਸ ਸਕਦਾ- ਅੰਗ 969। ਪ੍ਰਮਾਣਿਕ ਕ੍ਰਾਂਤੀਕਾਰੀ ਲੋਕ ਕਵੀ ਸਨ ਭਗਤ ਕਬੀਰ ਜੀ। ਉਹਨਾਂ ਨੇ ਸਮਾਜ ਨੂੰ ਵਿਅੰਗਮਈ ਢੰਗ ਨਾਲ ਉਪਦੇਸ਼ ਦਿੱਤਾ ਹੈ। ਉਹਨਾਂ ਦੀਆਂ ਰਚਨਾਵਾਂ ਮੌਖਿਕ ਅਤੇ ਲਿਖਤੀ ਰੂਪ ਵਿੱਚ ਮਿਲਦੀਆਂ ਹਨ। ਉਹਨਾਂ ਨੇ ਸਮਾਜਿਕ ਵਰਣ ਵੰਡ ਨੂੰ ਨਹੀਂ ਸਵੀਕਾਰਿਆ। ਰੂੜੀਵਾਦੀ ਕੱਟੜਪੰਥੀ, ਜਾਤੀਵਾਦ ਵਿਤਕਰੇ ਦਾ ਜੋਰਦਾਰ ਖੰਡਨ ਕੀਤਾ। ਉਹਨਾਂ ਨੇ ਇਨਕਲਾਬੀ ਢੰਗ ਨਾਲ ਸਮਾਜ ਦੀ ਦੁਰਦਸ਼ਾ ਨੂੰ ਬਦਲਿਆ। ਕਰਮਕਾਂਡਾ ਵਿੱਚ ਮਨੁੱਖਤਾ ਨੂੰ ਕੱਢ ਕੇ ਪਰਮਾਤਮਾ ਵੱਲ ਨਿਸ਼ਠਾ ਅਤੇ ਸ਼ਰਧਾ ਦਾ ਮਾਰਗ ਦਿੱਤਾ। ਮਨੁੱਖੀ ਜੀਵਨ ਵਿੱਚ ਆਤਮਾ ਮਨ ਦੇ ਦੁੱਖਾਂ ਦਾ ਨਾਸ ਕਰਨ ਲਈ ਸਮਾਜਿਕ ਚੇਤਨਾ ਪ੍ਰਦਾਨ ਕਰਦੀ ਬਾਣੀ ਨਾਲ ਜੋੜਿਆ। ਆਪ ਜੀ ਦੀਆਂ ਰਚਨਾਵਾਂ ਦੀ ਵਿਸ਼ੇਸਤਾ ਇਹ ਹੈ ਕਿ ਸਧਾਰਣ ਬੋਲੀ ਅਤੇ ਰੋਜਮਰਾ ਜਿੰਦਗੀ ਵਿੱਚ ਵਿਚਰਦਿਆਂ ਅਨੁਭਵਾਂ ’ਤੇ ਆਧਾਰਿਤ ਹੈ। ਸਮਾਜ ਵਿੱਚ ਕਟੜਪੰਥੀਆਂ ਤੇ ਖੁਲ ਕੇ ਵਿਅੰਗਮਈ ਵਾਰ ਕੀਤਾ ਹੈ। ਉਹਨਾਂ ਕਿਹਾ ਕਿ ਸੱਚੇ ਪਰਮਾਤਮਾ ਵਿੱਚ ਵਿਸ਼ਵਾਸ਼ ਰਖੋ ਨਾ ਕਿ ਪਾਖੰਡੀਆਂ ਦੇ ਝੂਠੇ ਕਰਮਕਾਡਾਂ ਵਿੱਚ ਫਸ ਕੇ ਬਹਿ ਜਾਈਉ। ਆਪ ਕਹਿਣੀ ਅਤੇ ਕਥਨੀ ਦੇ ਇਕ ਸਨ। ਉਹ ਇੱਕ ਨਿਡਰ ਪ੍ਰਚਾਰਕ ਸਨ।

ਆਪ ਜੀ ਦੀ ਭਗਤੀ ਦਾ ਮਾਰਚ ਬੜਾ ਕਠਿਨ ਰਿਹਾ, ਕਿਉਂਕਿ ਹਕੂਮਤ ਆਪ ਜੀ ਦੇ ਖਿਲਾਫ਼ ਸੀ। ਆਪ ਜੀ ਦਾ ਉਪਦੇਸ਼ ਹਿੰਦੂ ਮੁਸਲਮਾਨ ਦੋਨੋਂ ਹੁੰਮ ਹੁਮਾ ਕੇ ਸਰਵਣ ਕਰਨ ਲੱਗੇ। ਮੁਸਲਮਾਨ ਆਪ ਜੀ ਨੂੰ ਸੂਫੀ ਕਹਿੰਦੇ ਸਨ ਅਤੇ ਹਿੰਦੂ ਆਪ ਜੀ ਨੂੰ ਸੰਤ ਕਹਿੰਦੇ ਸਨ। ਉਸ ਸਮੇਂ ਵਿੱਚ ਬਨਾਰਸ ਬ੍ਰਾਹਮਣਵਾਦ ਦਾ ਇੱਕ ਵੱਡਾ ਕੇਂਦਰ ਸੀ। ਉਥੇ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਕਬੀਰ ਦਾ ਵੱਡਾ ਨਾਉਂ ਸੀ। ਕਬੀਰ ਜੀ ਦੇ ਉਪਦੇਸ਼ ਤੋਂ ਬ੍ਰਾਹਮਣ ਦੁਖੀ ਸਨ। ਉਹਨਾਂ ਦੇ ਪਖੰਡ ਦੇ ਭੇਦ ਖੁਲਦੇ ਸਨ। ਉਹਨਾਂ ਮਖੌਲ ਉਡਾਇਆ ਕਿ ਕਬੀਰ ਭ੍ਰਿਸ਼ਟ ਅਤੇ ਨੀਚ ਜਾਤ ਦੇ ਲੋਕਾਂ ਨੂੰ ਸਿੱਖਿਆ ਦੇਣ ਲੱਗਿਆ ਹੈ। ਆਪ ਜੀ ਦੇ ਮੰਨਣ ਵਾਲਿਆਂ ਦੀ ਗਿਣਤੀ ਵੱਧਦੀ ਗਈ।

ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਬਾਦਸ਼ਾਹ ਸਿਕੰਤਰ ਲੋਧੀ ਕੋਲ ਸ਼ਿਕਾਇਤ ਕੀਤੀ ਕਿ ਇਕ ਮੁਸਲਮਾਨ ਹੋ ਕੇ ਰਾਮ ਦਾ ਜਾਪੁ ਕਰਦਾ ਹੈ। ਬਾਦਸ਼ਾਹ ਨੇ ਰਾਮ ਦਾ ਨਾਉਂ ਲੈਣ ਤੋਂ ਰੋਕਿਆ ਪਰ ਕਬੀਰ ਜੀ ਨੇ ਸਾਫ ਇਨਕਾਰ ਕਰ ਦਿੱਤਾ। “ ਕਹਿ ਕਬੀਰ ਰਾਜਾ ਰਾਮੁ ਨਾ ਛੋਡਓ ਸਗਲ ਊਚ ਤੇ ਉਚਾ।” ਅੰਗ 338

ਮੁਗਲ ਹਾਕਮਾਂ ਦੀ ਆਦਤ ਅਨੁਸਾਰ ਕਈ ਲਾਲਚ ਡਰਾਵੇ ਅਤੇ ਤਸੀਹੇ ਦੇਣ ਦੀ ਧਮਕੀ ਦਿਤੀ। ਜਿੰਦਾ ਸਾੜਨ ਦਾ ਹੁਕਮ ਤਕ ਦਿਤਾ। ਬਾਦਸ਼ਾਹ ਨੇ ਹਰ ਫਰੇਬੀ ਚਾਲ ਚਲੀ। ਹਰ ਵੰਗਾਰ ਨੂੰ ਨਿਸਚੈ, ਭਰੋਸੇ ਅਤੇ ਦ੍ਰਿੜਤਾ ਨਾਲ ਸਵਿਕਾਰਿਆ। ਜਦੋਂ ਬਾਦਸ਼ਾਹ ਦੀ ਇਕ ਨਾ ਚਲੀ ਤਾਂ ਕਬੀਰ ਜੀ ਨੂੰ ਛੱਡ ਦਿੱਤਾ।

ਭਗਤ ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ 17 ਰਾਗਾਂ ਵਿੱਚ ਦਰਜ ਹੈ, ਜਿਵੇਂ 219 ਸ਼ਬਦ, 247 ਸਲੋਕ, ਇਕ ਬਾਵਨ ਅੱਖਰੀ, ਇਕ ਪੰਦਰਾਂਥਿਤੀ, ਇਕ ਸਤਵਾਰੇ ਤੇ ਵਾਰਾਂ ਦੇ ਵਧੀਕ ਸਲੋਕ ਹਨ। ਆਪ ਜੀ ਦੀ ਬਾਣੀ ਦੇ ਕੁਝ ਹਵਾਲੇ ਹਨ- ਜੁਗਤ ਵਿੱਚ ਜਿੰਦਗੀ ਅਜਿਹੀ ਹੀ ਹੈ, ਜਿਹਾ ਸੁਪਨਾ ਹੈ। ਜਿੰਦਗੀ ਸੁਪਨੇ ਵਰਗੀ ਹੀ ਹੈ ਪਰ ਅਸਾਂ ਸਭ ਤੋਂ ਉਚੇ ਸੁਖਾਂ ਦੇ ਖਜ਼ਾਨੇ ਪ੍ਰਭੂ ਨੂੰ ਛੱਡ ਦੇ ਇਸ ਸੁਪਨ ਸਮਾਨ ਜੀਵਨ ਨੂੰ ਸਦਾ ਕਾਇਮ ਰਹਿਣ ਵਾਲਾ ਜਾਣ ਕੇ ਇਸ ਨੂੰ ਗੰਡ ਦੇ ਰੱਖੀ ਹੈ। ਹੇ ਬਾਬਾ! ਅਸਾਂ ਮਾਇਆ ਨਾਲ ਮੋਹ ਪਿਆਰ ਪਾਇਆ ਹੋਇਆ ਹੈ। ਜਿਸਨੈ ਸਾਡਾ ਗਿਆਨ ਰੂਪ ਹੀਰਾ ਚੁਰਾ ਲਿਆ ਹੈ (੧) ਰਹਾਉ॥ ਭੰਬਦ ਅੱਖਾਂ ਨਾਲਦੀਵੇ ਦੀ ਲਾਟ ਦਾ ਰੂਪ ਵੇਖਕੇ ਭੁਲ ਜਾਂ ਹੈ। ਮੂਰਖ ਅੱਗ ਨੂੰ ਨਹੀਂ ਵੇਖਦਾ। ਤਿਵੇਂ ਹੀ ਮੂਰਖ ਜੀਵ ਸੋਨੇ ਅਤੇ ਇਸਤਰੀ ਦੇ ਮੋਹ ਵਿੱਚ ਫਸ ਕੇ ਮੌਤ ਦੀ ਫਾਹੀ ਨੂੰ ਚੇਤੇ ਨਹੀ ਰਖਦਾ। ਕਬੀਰ ਆਖਦਾ ਹੈ ਕਿ - ਹੇ ਭਾਈ ਤੂੰ ਵਿਕਾਰ ਛੱਡ ਅਤੇ ਪ੍ਰਭ ਨੂੰ ਚੇਤੇ ਕਰ। ਉਹੀ ਇਸ ਸੰਸਾਰ ਸਮੁੰਦਰ ਵਿਚੋਂ ਤਾਰਨ ਲਈ ਜਹਾਜ਼ ਹੈ। ਉਹ ਸਾਡੇ ਜੀਵਨ ਦਾ ਆਸਰਾ ਹੈ। ਪ੍ਰਭੂ ਦਾ ਆਸਰਾ ਐਸ ਹੈ ਕਿ ਕੋਈ ਹੋਰ ਉਸ ਵਰਗਾ ਨਹੀਂ ਹੈ ਅੰਗ 482.

ਹੇ ਭਾਈ। ਕਿਸੇ ਪਸ਼ੂ ਜੂਨ ਵਿੱਚ ਪੈ ਕੇ ਜਦੋਂ ਤੇਰੇ ਚਾਰ ਪੈਰ ਦੋ ਸਿੰਗ ਹੋਣਗੇ ਤੇ ਮੂੰਹੋਂ ਗੂੰਗਾ ਹੋਵੇਗਾ। ਤਦੋਂ ਤੂੰ ਕਿਸ ਤਰਾਂ ਪ੍ਰਭੂ ਦੇ ਗੁਣ ਗਾ ਸਕੇਂਗਾ? ਉਠਦਿਆਂ ਬੈਠਦਿਆਂ ਤੇਰੇ ਸਿਰ ਉਤੇ ਸੋਟਾ ਪਏਗਾ। ਤਦੋਂ ਤੂੰ ਕਿਥੇ ਸਿਰ ਲੁਕਾਏਂਗਾ? ਹੇ ਭਾਈ ਪ੍ਰਭੂ ਦਾ ਸਿਮਰਨ ਕਰਨ ਤੋਂ ਬਿਨਾਂ ਬਲਦ ਆਦਿਕ ਪਸ਼ੂ ਬਣਕੇ ਪਰ ਅਧੀਨ ਹੋ ਜਾਏਗਾ। ਨੱਥ ਨਾਲ ਨੱਕ ਵਿੰਨਿਆ ਜਾਵੇਗਾ। ਕੰਨ ਜੂਲੇ ਨਾਲ ਫਿਸੇ ਹੋਏ ਹੋਣਗੇ ਤੇ ਕੋਧਰੇ ਦਾ ਭੋਹ ਖਾਏਂਗਾ। (ਰਹਾਉ)। ਜੰਗਲ ਜੂਹ ਵਿੱਚ ਸਾਰਾ ਦਿਨ ਭਟਕਿਆਂ ਭੀ ਪੇਟ ਨਹੀਂ ਰੱਜੇਗਾ। ਹੁਣ ਐਸ ਵੇਲੇ ਤੂੰ ਭਗਤ ਜਨਾ ਦਾ ਬਚਨ ਨਹੀਂ ਮੰਨਦਾ। ਉਮਰ ਵਿਹਾ ਜਾਣ ’ਤੇ ਆਪਣਾ ਕੀਤਾ ਪਾਏਂਗਾ। ਹੁਣ ਭੈੜੇ ਹਾਲ ਵਿੱਚ ਦਿਨ ਗੁਜ਼ਾਰ ਕੇ ਕੁਰਾਹੇ ਗਰਕ ਹੋਇਆ ਹੈ। ਆਖਰ ਅਨੇਕ ਜੂਨ ਵਿੱਚ ਭਟਕੇਂਗਾ। ਤੂੰ ਪ੍ਰਭੂ ਨੂੰ ਵਿਸਾਰ ਦਿੱਤਾ ਹੈ। ਸ਼੍ਰੇਸ਼ਟ ਮਨੁੱਖਾ ਜਨਮ ਗੰਵਾ ਲਿਆ ਹੈ। ਇਹ ਸਮਾਂ ਫੇਰ ਕਿਤੇ ਨਹੀਂ ਮਿਲੇਗਾ। ਤੇਰੀ ਜਿੰਦਗੀ ਰੂਪ ਸ ਾਰੀ ਰਾਤ ਤੇਲੀ ਦੇ ਬਲਦ ਅਤੇ ਬਾਂਦਰ ਵਾਂਗ ਭਟਕਦਿਆਂ ਵਿਕਾਰਾਂ ਤੋਂ ਖਲਾਸੀ ਹਾਸਲ ਕਰਨ ਤੋਂ ਬਿਨਾਂ ਹੀ ਲੰਘ ਜਾਵੇਗੀ। ਕਬੀਰ ਆਖਦਾ ਹੈ ਕਿ ਪ੍ਰਭੂ ਦਾ ਨਾਮ ਭੁਲਾ ਕੇ ਆਖਰ ਸਿਰ ਮਾਰ ਕੇ ਪਛਤਾਵੇਂਗਾ ਅੰਗ 524.

ਕਬੀਰ ਜੀ ਕਥਨ ਭਰਦੇ ਹਨ ਕਿ ਮੇਰੀ ਮਾਲਾ ਏਹੀ ਹੈ ਕਿ ਮੇਰੀ ਜਬਾਨ ਤੇ ਹਰ ਵੇਲੇ ਰਾਮ ਦਾ ਨਾਮ ਰਹਿੰਦਾ ਹੈ। ਇਸ ਤੋਂ ਪਹਿਲਾਂ ਵੀ ਯੁੱਗਾਂ ਦੇ ਆਦਿ ਤੋਂ ਜੋ ਸਾਰੇ ਭਗਤ ਹੋਏ ਹਨ, ਉਹਨਾਂ ਨੇ ਵੀ ਇਸ ਰਾਮ ਦੀ ਮਾਲਾ ਦੁਆਰਾ ਹੀ ਆਤਮ ਸੁੱਖ ਪ੍ਰਾਪਤ ਕੀਤਾ ਹੈ। ਸਲੋਕ 1.

ਕਬੀਰ ਜੀ ਕਹਿੰਦੇ ਹਨ ਕਿ ਅਕਾਸ਼ ਵਿੱਚ ਬੱਦਲ ਛਾਇਆ ਹੋਇਆ ਹੈ। ਮੀਂਹ ਵਰੇ ਕਿ ਸਰੋਵਰ ਤੇ ਤਾਲ ਭਰ ਗਏ ਹਨ ਪਰ ਪਪੀਹਾ ਫਿਰ ਵੀ ਟੀ. ਟੀ. ਕਰਦਾ ਤੇ ਇੱਕ ਬੂੰਦ ਨੂੰ ਤਰਸਦਾ ਰਹਿੰਦਾ ਹੈ। ਪਰ ਜਿਹੜੇ ਸਰਬ ਸਰੋਵਰ ਰੂਪ ਵਿਆਪਤ ਪਰਮਾਤਮਾ ਨੂੰ ਛੱਡ ਕੇ ਮਾਇਆ ਪਿੱਛੇ ਤਰਸਦੇ ਫਿਰਦੇ ਹਨ, ਉਹਨਾਂ ਦਾ ਕੀ ਹਾਲ ਹੋਵੇਗਾ? ਉਹ ਕਦੇ ਤ੍ਰਿਪਤ ਨਹੀਂ ਹੋ ਸਕਦੇ। ਸਲੋਕ 124.

ਕਬੀਰ ਜੀ ਫੁਰਮਾਉਂਦੇ ਹਨ ਕਿ ਜੇ ਤੈਨੂੰ ਆਪਣੇ ਪਿਆਰੇ ਨੂੰ ਮਿਲਣ ਦੀ ਸ਼ਰਧਾ ਹੈ ਤਾਂ ਪੱਕੇ ਗੁਰੂ ਨਾਲ ਖੇਡ ਕਿਉਂਕਿ ਕੱਚੇ ਗੁਰੂ ਤੋਂ ਤਾਂ ਨਾ ਲੋਕ ਸੁੱਖ ਅਤੇ ਨਾ ਪ੍ਰਲੋਕ ਦਾ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਤਰਾਂ ਕੱਚੀ ਸਰੋਂ ਨੂੰ ਪੀੜਨ ਕਰਕੇ ਉਸ ਤੋਂ ਨਾ ਤੇਲ ਪ੍ਰਾਪਤ ਹੁੰਦਾ ਹੈ ਨਾ ਹੀ ਖੱਲ ਪ੍ਰਾਪਤ ਹੁੰਦੀ ਹੈ। ਸਲੋਕ 240

ਕਬੀਰ ਜੀ ਨੇ ਆਪਣੀ ਕਾਵਿ ਰਚਨਾ ਵਿੱਚ ਅਨੇਕ ਵੰਨਗੀਆਂ ਦਾ ਪ੍ਰਯੋਗ ਕੀਤਾ ਹੈ ਉਹ ਭਾਸ਼ਾ ਦੇ ਧਨੀ ਸਨ। ਬਾਣੀ ਸਮਝਾਉਣ ਲਈ ਕਈ ਭਾਸ਼ਾਵਾਂ ਦੀ ਸ਼ਬਦਾਵਲੀ ਵਰਤੀ ਹੈ। ਕਬੀਰ ਜੀ ਇਕ ਸਮਾਜ ਸੁਧਾਰਕ ਕਵੀ ਮੰਨੇ ਜਾਂਦੇ ਹਨ। ਬਾਣੀ ਵਿਚੋਂ ਮਨੁੱਖ ਦੇ ਮੂਲ ਸਰੋਕਾਰ, ਸ੍ਰਿਸਟੀ ਦਾ ਪਸਾਰ, ਪਰਮਾਤਮਾ ਦੀ ਪ੍ਰਾਪਤੀ , ਅਧਿਆਤਮਕ ਸਾਧਨ, ਮਾਨਵੀ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ। ਜੀਵਨ -ਜਾਚ, ਸਮਾਜਿਕ ਬਰਾਬਰੀ ਆਦਿ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਕਬੀਰ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਵੀ ਉਹਨਾ ਦੇ ਚੇਲਿਆਂ ਵੱਲੋਂ ਇੱਕਠੀ ਕੀਤੀ ਮਿਲਦੀ ਹੈ। ਸਮੁੱਚੀ ਰਚਨਾ ਪ੍ਰਭੂ ਮਿਲਾਪ ਲਈ ਅਧਿਆਤਮਕ ਸਾਧਨ ਦਾ ਉਪਦੇਸ਼ ਹੈ।

ਸੰਨ 1518 ਵਿੱਚ 120 ਸਾਲ ਦੀ ਉਮਰ ਵਿੱਚ ਮਗਹਰ ਨਗਰ ਵਿਖੇ ਅਕਾਲ ਚਲਾਣਾ ਕਰ ਗਏ। ਅੰਤਲੇ ਸਮੇਂ ਇਹ ਭਰਮ ਦੂਰ ਕਰਨ ਲਈ ਕਿ ਮਗਹਰ ਵਿੱਚ ਪ੍ਰਾਣ ਤਿਆਗਣ ਵਾਲਾ ਖੋਤੇ ਦੀ ਜੂਨ ਵਿੱਚ ਪੈਂਦਾ ਹੈ। “ ਜੈਸਾ ਮਗਹਰੁ ਤੈਸੀ ਕਾਸ਼ੀ ਹਮ ਏਕੈ ਕਰਿ ਜਾਨੀ॥ ” ਅੰਗ 969

ਆਪ ਜੀ ਦੀ ਯਾਦ ਵਿੱਚ ਬਨਾਰਸ ਦੇ ਰਾਜਾ ਵੀਰ ਸਿੰਘ ਬਘੇਲਾ ਨੇ ਸਮਾਧ ਬਣਾਈ ਤੇ ਗੋਰਖਪੁਰ ਦੇ ਨਵਾਬ ਬਿਜਲੀ ਖਾਨ ਨੇ ਕਬਰ ਬਣਵਾਈ।

ਅੰਤਿਕਾ : ਮੁਕਤੀ ਦੇ ਮਾਰਗ ਵਲ ਤੋਰਦੇ ਹੋਏ ਬਿਆਨ ਕਰਦੇ ਹਨ :- ਹੇ ਕਬੀਰ! ਗੰਗਾ ਆਦਿਕ ਤੀਰਥਾਂ ਦੇ ਸਾਫ ਜਲ ਦੇ ਕੰਢੇ ਰਿਹਾਇਸ਼ ਰਖਿਆਂ ਤਾਂ ਕਾਮਦਾਇਕ ਵਿਕਾਰ ਖਲਾਸੀ ਨਹੀਂ ਕਰਦੇ। ਤੇ ਨਾ ਹੀ ਮਨ ਪਵਿੱਤਰ ਹੋ ਸਕਦਾ ਹੈ। ਪਰ ਜਦੋਂ ਪਰਮਾਤਮਾ ਦੇ ਨਾਮ ਦਾ ਸਿਮਰਨ ਕੀਤਿਆਂ, ਮੇਰਾ ਮਨ ਗੰਗਾ ਦੇ ਸਾਫ ਪਾਣੀ ਵਰਗਾ ਪਵਿੱਤਰ ਹੋ ਗਿਆ ਤਾਂ ਪਰਮਾਤਮਾ ਮੈਨੂੰ ਕਬੀਰ ਕਬੀਰ ਆਖ ਕੇ ਵਾਜਾਂ ਮਾਰਦਾ, ਮੇਰੇ ਪਿੱਛੇ ਤੁਰਿਆ ਫਿਰੇਗਾ- ਅੰਗ 1367.

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949






# ਧਰਤੀ ਕਿਉਂ ਬਿਮਾਰ ਹੈ ?

ਲੋਕ ਮਿਤਰ ਗੌਤਮ

'ਧਰਤੀ ਬਿਮਾਰ ਹੈ' ਇਹ ਸ਼ਬਦ ਅਸੀਂ ਪਿਛਲੇ ਦੋ ਦਹਾਕਿਆਂ ਤੋਂ ਸੁਣ ਰਹੇ ਹਾਂ। ਪਰ ਹੁਣ ਇਹ ਸ਼ਬਦ ਧਰਤੀ ਦੀ ਸਿਹਤ ਦਾ ਹਾਲ ਨਹੀਂ ਦੱਸਦੇ ਕਿਉਂਕਿ ਧਰਤੀ ਹੁਣ ਬਿਮਾਰ ਨਹੀਂ, ਆਈ.ਸੀ.ਯੂ. ਵਿੱਚ ਹੈ। ਕਿਸੇ ਵੀ ਦਿਨ ਬ੍ਰਹਿਮੰਡ ਦੇ ਇਸ ਸਭ ਤੋਂ ਖ਼ੂਬਸੂਰਤ ਗ੍ਰਹਿ ਦੀ ਮੌਤ ਹੋ ਸਕਦੀ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖ਼ਰ ਲਗਾਤਾਰ ਵਾਤਾਵਰਨ ਵਿਗਿਆਨੀਆਂ ਦੀਆਂ ਚਿਤਾਵਨੀਆਂ ਅਤੇ ਹਰ ਲੰਘਦੇ ਦਿਨ ਦੇ ਨਾਲ ਵਿਗੜਦੀ ਆਬੋਹਵਾ ਦੇ ਬਾਵਜੂਦ ਅਸੀਂ ਧਰਤੀ ਵਾਸੀਆਂ ਨੇ ਇਸ ਦੀ ਏਨੀ ਅਣਗਹਿਲੀ ਕਿਉਂ ਕੀਤੀ? ਧਰਤੀ ਇੱਕ-ਦੋ, ਨਹੀਂ, ਵਾਤਾਵਰਨ ਸੁਰੱਖਿਆ ਦੇ 7 ਬਿੰਦੂਆਂ ਨੂੰ ਪਾਰ ਕਰ ਚੁੱਕੀ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਖ਼ਤਰੇ ਦੇ 7 ਬੈਰੀਅਰ ਤੋੜ ਚੁੱਕੇ ਹਾਂ ਅਤੇ ਖ਼ਤਰਨਾਕ ਢੰਗ ਨਾਲ 8ਵੇਂ ਨੂੰ ਤੋੜਣ ਦੇ ਨੇੜੇ ਪਹੁੰਚ ਗਏ ਹਾਂ। ਇਥੋਂ ਤੱਕ ਪਹੁੰਚਣ ਤੋਂ ਬਾਅਦ ਬਹੁਤੇ ਵਾਤਾਵਰਨ ਵਿਗਿਆਨੀਆਂ ਨੂੰ ਉਮੀਦ ਹੀ ਨਹੀਂ ਬਚੀ ਕਿ ਫਿਰ ਤੋਂ ਅਸੀਂ ਉਸ ਸਾਫ਼ ਅਤੇ ਸ਼ੁੱਧ ਵਾਤਾਵਰਨ ਦਾ ਕਦੀ ਅਹਿਸਾਸ ਕਰ ਸਕਦੇ ਹਾਂ ਜੋ ਕਦੀ ਧਰਤੀ ਦੀ ਖ਼ੂਬੀ ਸੀ। ਦੁਨੀਆ ਦੇ 40 ਮਹਾਨ ਵਾਤਾਵਰਨ ਵਿਗਿਆਨੀਆਂ ਦੀ ਗੱਲ ਮੰਨੀਏ ਤਾਂ ਧਰਤੀ ਦੀਆਂ ਕਰੀਬ 5 ਲੱਖ ਤੋਂ ਜ਼ਿਆਦਾ ਜੀਵ ਪ੍ਰਜਾਤੀਆਂ ਪਿਛਲੇ ਕੁਝ ਦਹਾਕਿਆਂ ਵਿੱਚ ਲੁਪਤ ਹੋ ਚੁੱਕੀਆਂ ਹਨ। ਹਜ਼ਾਰਾਂ ਬਨਸਪਤੀਆਂ ਗ਼ਾਇਬ ਹੋ ਚੁੱਕੀਆਂ ਹਨ। ਧਰਤੀ ਦਾ ਸਮੁੱਚਾ ਮੌਸਮ ਪੈਟਰਨ ਬਦਲ ਚੁੱਕਾ ਹੈ। ਸਭ ਤੋਂ ਡਰਾਉਣੀ ਗੱਲ ਇਹ ਹੈ ਕਿ ਏਨੀ ਖ਼ਰਾਬ ਹਾਲਤ ਦੇ ਬਾਵਜੂਦ ਹਰ ਸਾਲ ਅੱਜ ਵੀ ਧਰਤੀ ਤੋਂ 15 ਅਰਬ ਤੋਂ ਜ਼ਿਆਦਾ ਦਰੱਖਤ ਕੱਟੇ ਜਾ ਰਹੇ ਹਨ।

ਸਵਾਲ ਹੈ ਕਿ ਆਖ਼ਰ ਅਸੀਂ ਸਭ ਕੁਝ ਜਾਣਦੇ ਹੋਏ ਵੀ ਏਨੇ ਬੇਰਹਿਮ ਕਿਵੇਂ ਹੋ ਗਏ? ਸਭ ਕੁਝ ਦੇਖਣ-ਸਮਝਣ ਦੇ ਬਾਵਜੂਦ ਆਖ਼ਰ ਅਸੀਂ ਧਰਤੀ ਨੂੰ ਬਚਾਉਣ ਦੀ ਇਮਾਨਦਾਰ ਕੋਸ਼ਿਸ਼ ਕਿਉਂ ਨਹੀਂ ਕੀਤੀ? ਧਰਤੀ ਆਖ਼ਰ ਏਨੀ ਬਿਮਾਰ ਕਿਵੇਂ ਪੈ ਗਈ ਜਦਕਿ ਵਾਤਾਵਰਨ ਵਿਗਿਆਨੀ ਲਗਾਤਾਰ ਚੀਕ-ਚੀਕ ਕੇ ਧਰਤੀ ਦੀ ਸਿਹਤ ਦਾ ਹਾਲ ਸਾਨੂੰ ਦੱਸ ਰਹੇ ਸਨ। ਵਾਤਾਵਰਨ 'ਤੇ ਕੰਮ ਕਰਨ ਵਾਲੇ ਸੰਗਠਨ 'ਯੂਰੋ ਨਿਊਜ਼' ਦੀ ਮੰਨੀਏ ਤਾਂ ਅਸੀਂ ਮਨੁੱਖਾਂ ਨੇ ਆਪਣੇ ਛੋਟੇ-ਛੋਟੇ ਫਾਇਦਿਆਂ ਲਈ ਮਨੁੱਖ ਜਾਤੀ ਦੇ ਸਾਂਝੇ ਭਵਿੱਖ ਨੂੰ ਭਿਆਨਕ ਸੰਕਟ ਦੇ ਹਵਾਲੇ ਕਰ ਦਿੱਤਾ ਹੈ। ਧਰਤੀ ਉੱਤੇ ਇਨਸਾਨ ਦਾ ਜੀਵਨ ਹੁਣ ਖ਼ਤਰੇ ਨਾਲ ਘਿਰ ਗਿਆ ਹੈ। 'ਯੂਰੋ ਨਿਊਜ਼' ਦੀ ਵਿਗਿਆਨੀ ਟੀਮ ਵਲੋਂ ਕੀਤੇ ਗਏ ਇਕ ਵਿਸ਼ਲੇਸ਼ਣ ਅਨੁਸਾਰ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਸੁਚੇਤ ਕੀਤੇ ਜਾਣ ਦੇ ਬਾਵਜੂਦ ਅਸੀਂ ਲਗਾਤਾਰ ਗਰਮ ਤੋਂ ਗਰਮ ਹੋ ਰਹੇ ਤਾਪਮਾਨ ਵੱਲ ਅੱਗੇ ਵਧ ਰਹੇ ਹਾਂ। ਇਸ 'ਤੇ 40 ਕੌਮਾਂਤਰੀ ਪ੍ਰਸਿੱਧੀ ਦੇ ਵਿਗਿਆਨੀਆਂ ਦੀ ਇੱਕ ਟੀਮ ਨੇ ਵਾਤਾਵਰਨ ਦੇ ਮੁੱਦੇ 'ਤੇ ਦੁਨੀਆ ਦੇ ਸਭ ਦੇਸ਼ਾਂ ਦੀਆਂ ਚਲਾਕ ਰਣਨੀਤੀਆਂ ਤੋਂ ਨਿਰਾਸ਼ ਹੋ ਕੇ ਪਹਿਲੀ ਵਾਰ ਆਪਣੇ ਅਧਿਐਨ ਨਤੀਜੇ ਨੂੰ ਧਰਤੀ ਦੇ ਸਿਹਤ ਜੀਵਨ ਦੇ ਸੰਬੰਧ ਵਿੱਚ ਇਸ ਇਨਸਾਨੀ ਹਰਕਤ ਨੂੰ ਨਿਆਂ ਦੀ ਕਸੌਟੀ 'ਤੇ ਕੱਸਣ ਅਤੇ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਤਲਬ ਇਹ ਕਿ ਵਿਗਿਆਨੀ ਕਹਿ ਰਹੇ ਹਨ ਕਿ ਧਰਤੀ ਦੇ ਨਾਲ ਅਨਿਆਂ ਕਰਨ ਵਾਲੇ ਦੇਸ਼ਾਂ ਨੂੰ ਇਸ ਦੀ ਸਜ਼ਾ ਮਿਲਣੀ ਚਾਹੀਦੀ ਹੈ ਕਿਉਂਕਿ ਆਪਣੇ ਨਿੱਜੀ ਹਿਤਾਂ ਦੀ ਦੁਹਾਈ ਵਿੱਚ ਦੁਨੀਆਂ ਭਰ ਦੇ ਤਾਕਤਵਰ ਦੇਸ਼ਾਂ ਨੇ ਧਰਤੀ ਦੀਆਂ ਵੱਖ-ਵੱਖ ਜਾਤੀਆਂ, ਭਾਈਚਾਰਿਆਂ, ਲਿੰਗਾਂ ਨੂੰ ਪਰਲੋ ਦੇ ਦਰਵਾਜ਼ੇ 'ਤੇ ਲਿਆ ਖੜ੍ਹਾ ਕੀਤਾ ਹੈ।





ਹਾਲਾਂਕਿ ਇਹ ਖੋਜ ਪਿਛਲੇ ਸਾਲ ਦੀ ਹੈ ਅਤੇ ਵਿਗਿਆਨੀਆਂ ਦੇ ਇਸ ਕੌਮਾਂਤਰੀ ਸਮੂਹ ਨੇ ਆਪਣੀ ਇਸ ਤਿੱਖੀ ਟਿੱਪਣੀ ਨੂੰ 'ਨੇਚਰ ਜਨਰਲ' ਵਿੱਚ ਪ੍ਰਕਾਸ਼ਿਤ ਵੀ ਕਰਵਾਇਆ ਸੀ। ਵਿਗਿਆਨੀਆਂ ਅਨੁਸਾਰ ਧਰਤੀ ਦੇ ਸਹਿਣ ਕਰਨ ਦੀਆਂ ਜੋ 7 ਹੱਦਾਂ ਸਨ, ਉਹ ਸਨ-ਵਿਗੜਦਾ ਵਾਤਾਵਰਨ, ਜ਼ਹਿਰੀਲੀ ਹੁੰਦੀ ਹਵਾ, ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ, ਪਾਣੀ ਦਾ ਫਾਸਫੋਰਸ ਅਤੇ ਨਾਈਟ੍ਰੋਜਨ ਨਾਲ ਪ੍ਰਦੂਸ਼ਣ, ਧਰਤੀ ਹੇਠਲੇ ਪਾਣੀ ਦਾ ਖ਼ਾਤਮਾ, ਤਾਜ਼ੇ ਪਾਣੀ ਦੀ ਮਰਮਰਜ਼ੀ ਨਾਲ ਦੁਰਵਰਤੋਂ ਅਤੇ ਮਨੁੱਖਾਂ ਵੱਲੋਂ ਬਣਾਇਆ ਭੂਮੀ-ਵਾਤਾਵਰਨ। ਵਿਗਿਆਨੀਆਂ ਅਨੁਸਾਰ ਸਭ ਤੋਂ ਖ਼ਤਰਨਾਕ ਹੱਦ ਹਵਾ ਪ੍ਰਦੂਸ਼ਣ ਦੀ ਸੀ। ਆਖ਼ਰਕਾਰ ਧਰਤੀ ਵਰਗੇ ਸੰਵੇਦਨਸ਼ੀਲ ਗ੍ਰਹਿ ਦੀ ਹਵਾ ਦੇ ਜ਼ਹਿਰੀਲੇ ਹੋਣ ਦੀ ਇਕ ਹੱਦ ਸੀ। ਪਰ ਲਗਾਤਾਰ ਵਿਗਿਆਨੀਆਂ ਦੇ ਆਗਾਹ ਕਰਨ ਦੇ ਬਾਵਜੂਦ ਹਵਾ ਨੂੰ ਜ਼ਹਿਰੀਲਾ ਬਣਾ ਰਹੇ ਸੰਗਠਨਾਂ, ਸੰਸਥਾਵਾਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਕਿਉਂਕਿ ਹਵਾ ਨੂੰ ਜ਼ਹਿਰੀਲਾ ਬਣਾ ਰਹੇ ਲੋਕਾਂ ਨੂੰ ਰਾਸ਼ਟਰਵਾਦ ਦੇ ਨਾਂਅ 'ਤੇ ਤਾਕਤਵਰ ਦੇਸ਼ਾਂ ਦਾ ਸਮਰਥਨ ਹਾਸਲ ਸੀ। ਸਵੀਡਨ ਸਥਿਤ ਵਿਗਿਆਨੀਆਂ ਦੇ ਇਸ ਸਮੂਹ ਨੇ ਮੰਨਿਆ ਹੈ ਕਿ ਧਰਤੀ ਦੇ ਸੰਜਮ ਅਤੇ ਉਸ ਦੀ ਸਹਿਣ ਕਰਨ ਦੀ ਇੱਕ ਸੀਮਾ ਸੀ, ਪਰ ਧਰਤੀ ਨਾਲ ਅਨਿਆਂ ਕਰਨ ਵਾਲਿਆਂ ਤੇ ਖਿਲਵਾੜ ਕਰਨ ਵਾਲਿਆਂ ਨੇ ਇਸ ਹੱਦ ਦੀ ਲਾਜ ਨਹੀਂ ਰੱਖੀ।

ਇਨ੍ਹਾਂ ਵਿਗਿਆਨੀਆਂ ਅਨੁਸਾਰ ਧਰਤੀ ਦਾ ਕੋਈ ਇੱਕ ਕਿਨਾਰਾ ਧਰਤੀ ਦੇ ਵਿਰੁੱਧ ਇਸ ਅੱਤਿਆਚਾਰ ਵਿੱਚ ਇਕੱਲਾ ਸ਼ਾਮਿਲ ਨਹੀਂ ਹੈ। ਹਰ ਖੇਤਰ ਵਧ ਚੜ੍ਹ ਕੇ ਧਰਤੀ ਨੂੰ ਲਹੂ-ਲੁਹਾਨ ਕਰਨ 'ਤੇ ਤੁਲਿਆ ਹੋਇਆ ਹੈ, ਚਾਹੇ ਉਹ ਪੂਰਬੀ ਯੂਰਪ ਹੋਵੇ, ਦੱਖਣੀ ਏਸ਼ੀਆ ਹੋਵੇ, ਮੱਧਪੂਰਬ ਹੋਵੇ, ਦੱਖਣ-ਪੂਰਬ ਏਸ਼ੀਆ ਹੋਵੇ, ਮੈਕਸੀਕੋ ਹੋਵੇ, ਬ੍ਰਾਜ਼ੀਲ, ਚੀਨ ਅਤੇ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਅਮਰੀਕਾ ਹੀ ਕਿਉਂ ਨਾ ਹੋਵੇ, ਸਭ ਨੇ ਧਰਤੀ ਦੀ ਸਿਹਤ ਨਾਲ ਬੇਹੱਦ ਗੰਭੀਰ ਖਿਲਵਾੜ ਕੀਤਾ ਹੈ। ਅੱਜ ਸਥਿਤੀ ਇਹ ਹੈ ਕਿ ਧਰਤੀ ਦਾ ਲਗਭਗ ਦੋ ਤਿਹਾਈ ਹਿੱਸਾ ਮਿੱਠੇ ਪਾਣੀ ਦੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ। ਅਸੀਂ ਸਭ ਪੜ੍ਹਦੇ ਹਾਂ, ਸੁਣਦੇ ਹਾਂ, ਦੇਖਦੇ ਹਾਂ, ਪਰ ਇਸ ਸਭ ਦੇ ਬਾਵਜੂਦ ਹੁਣ ਸਾਨੂੰ ਕੋਈ ਫਰਕ ਨਹੀਂ ਪੈਂਦਾ। ਦਿੱਲੀ ਵਿਚ ਯਮੁਨਾ ਪਹਿਲਾਂ ਕਦੀ ਕਦਾਈਂ ਪ੍ਰਦੂਸ਼ਿਤ ਝੱਗ ਨਾਲ ਉੱਛਲਦੀ ਰਹਿੰਦੀ ਸੀ, ਹੁਣ ਸਾਲ ਦੇ ਬਹੁਤੇ ਸਮੇਂ ਤੱਕ ਨਾ ਸਿਰਫ਼ ਯਮੁਨਾ ਦਾ ਪਾਣੀ ਬੇਹੱਦ ਪ੍ਰਦੂਸ਼ਿਤ ਰਹਿੰਦਾ ਹੈ ਸਗੋਂ ਇਹ ਸਭ ਬੇਹੱਦ ਘਿਨੌਣੇ ਰੂਪ ਵਿੱਚ ਵੀ ਦਿਸਦਾ ਹੈ, ਪਰ ਹੁਣ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਲੋਕ ਹੁਣ ਵੀ ਯਮੁਨਾ ਨੂੰ ਪਵਿੱਤਰ ਮੰਨਦੇ ਹੋਏ ਪਾਣੀ ਉਤੋਂ ਝੱਗ ਨੂੰ ਇਧਰ-ਉਧਰ ਕਰਕੇ ਡੁਬਕੀ ਮਾਰ ਲੈਂਦੇ ਹਨ। ਵਾਸ਼ਿੰਗਟਨ ਯੂਨੀਵਰਸਿਟੀ ਵਿੱਚ ਵਾਤਾਵਰਨ ਅਤੇ ਜਨਤਕ ਸਿਹਤ ਦੇ ਪ੍ਰੋਫ਼ੈਸਰ ਅਤੇ 40 ਹੋਰ ਵਿਗਿਆਨੀਆਂ ਦੇ ਇਸ ਸਾਂਝੇ ਅਧਿਐਨ ਦੇ ਕੱਢੇ ਗਏ ਨਤੀਜਿਆਂ ਦੇ ਸਹਿ-ਲੇਖਕ ਕ੍ਰਿਸਟੀ ਏਬੀ ਨੇ ਕਿਹਾ ਹੈ, 'ਜੇਕਰ ਇਨਸਾਨੀ ਸਰੀਰ ਦੇ ਅੰਗਾਂ ਦੀ ਭਾਸ਼ਾ ਵਿਚ ਸਮਝੀਏ ਤਾਂ ਧਰਤੀ ਦੇ ਬਹੁਤ ਸਾਰੇ ਅੰਗ ਫੇਲ੍ਹ ਹੋ ਚੁੱਕੇ ਹਨ।'

ਐਮਸਟਰਡਮ ਯੂਨੀਵਰਸਿਟੀ ਵਿੱਚ ਵਾਤਾਵਰਨ ਦੀ ਪ੍ਰੋਫ਼ੈਸਰ ਅਤੇ ਧਰਤੀ ਕਮਿਸ਼ਨ ਦੀ ਸਹਿ-ਮੁਖੀ ਜੋਇਤਾ ਗੁਪਤਾ ਮੀਡੀਆ ਵਾਲਿਆਂ ਦੇ ਇਕ ਸਮੂਹ ਨੂੰ ਕਹਿੰਦੀ ਹੈ, 'ਜੇਕਰ ਧਰਤੀ ਦੀ ਸਾਲਾਨਾ ਜਾਂਚ ਹੋਵੇ ਤਾਂ ਡਾਕਟਰਾਂ ਨੂੰ ਹੈਰਾਨੀ ਹੋਵੇਗੀ ਕਿ ਏਨੀ ਬਿਮਾਰ ਧਰਤੀ ਆਖ਼ਰ ਜ਼ਿੰਦਾ ਕਿਸ ਤਰ੍ਹਾਂ ਹੈ?' ਸੱਚਮੁੱਚ ਧਰਤੀ ਬਹੁਤ ਬਿਮਾਰ ਹੈ, ਪਰ ਦੁਨੀਆ ਨੂੰ ਕੁਝ ਫਰਕ ਨਹੀਂ ਪੈਂਦਾ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੁਣ ਬਹਿਸਾਂ ਦਾ ਕੋਈ ਫ਼ਾਇਦਾ ਨਹੀਂ ਹੈ। ਬਿਮਾਰ ਧਰਤੀ ਦੀ ਸਿਹਤ ਵਿਚ ਕੋਈ ਸੁਧਾਰ ਤਦ ਹੀ ਹੋ ਸਕਦਾ ਹੈ, ਜਦੋਂ ਅਸੀਂ ਤੁਰੰਤ ਕੋਲਾ, ਡੀਜ਼ਲ, ਪੈਟਰੋਲ ਅਤੇ ਕੁਦਰਤੀ ਗੈਸਾਂ ਦੀ ਵਰਤੋਂ ਬੰਦ ਕਰ ਦਈਏ, ਜੋ ਕਿ ਸੰਭਵ ਹੀ ਨਹੀਂ ਲੱਗ ਰਿਹਾ। **(ਬਾਕੀ ਸਫ਼ਾ 31 'ਤੇ)**

# ਪਾਣੀ ਖੁਣੋਂ ਪੰਜਾਬ ਦੇ ਹਾਲਾਤ ਵੀ ਇੱਕ ਦਿਨ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਵਰਗੇ ਬਣ ਜਾਣਗੇ





ਮਨਜਿੰਦਰ ਸਿੰਘ ਸਰੌਦ

ਜੇਕਰ ਕਿਸੇ ਵੀ ਇਨਸਾਨ ਨੇ 'ਪਾਣੀ ਦੀ ਅਸਲ ਕੀਮਤ' ਮਾਪਣੀ ਹੋਵੇ ਤਾਂ ਮੱਧ ਪ੍ਰਦੇਸ਼ ਦੇ ਪਿੰਡਾਂ ਅੰਦਰ ਜਾ ਕੇ 'ਮੌਤ ਦੇ ਕੂਏ' ਨੂੰ ਵੇਖਿਆ ਜਾ ਸਕਦਾ ਹੈ। ਉਸ ਤੋਂ ਬਾਅਦ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਦੀ ਦਰਦ ਕਹਾਣੀ ਅਜਿਹੀ ਹੈ ਜਿਸ ਨੂੰ ਸੁਣ ਕੇ ਮਨੁੱਖ ਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਪਰ ਅੱਜ ਦਾ ਮਨੁੱਖ ਇੰਨਾ ਬੇ-ਰਹਿਮ ਹੋ ਚੁੱਕਿਆ ਹੈ ਕਿ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇੱਕ ਦਿਨ ਇਹ ਮਨੁੱਖ ਆਪਣੀ ਹੀ 'ਪਾਣੀ ਰੂਪੀ ਜ਼ਿੰਦਗੀ' ਨੂੰ ਖੁਦ ਹੱਥੀਂ ਖਤਮ ਕਰਨ ਦੇ ਰਾਹ ਤੁਰੇਗਾ। ਬਾਕੀ ਸੂਬਿਆਂ ਤੋਂ ਬਾਅਦ ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਆ ਰਹੀਆਂ ਰਿਪੋਰਟਾਂ ਅਨੁਸਾਰ ਜੋ ਅੰਕੜੇ ਸਾਹਮਣੇ ਆ ਰਹੇ ਨੇ, ਉਹ ਬੇਹੱਦ ਖਤਰਨਾਕ, ਦਿਲ ਨੂੰ ਝੰਝੋੜਨ ਵਾਲੇ ਅਤੇ ਹੈਰਾਨੀਜਨਕ ਹਨ। ਸੂਬੇ ਦੇ ਬਹੁਤ ਸਾਰੇ ਬਲਾਕਾਂ ਅੰਦਰ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਅਤੇ ਜ਼ਹਿਰੀਲਾ ਹੋ ਜਾਣ ਦੇ ਕਾਰਨ ਸਥਿਤੀ ਬੇਹੱਦ ਗੰਭੀਰ ਬਣੀ ਹੋਈ ਹੈ। ਵੱਡੀ ਗਿਣਤੀ ਵਿੱਚ ਬਲਾਕ ਖ਼ਤਰਨਾਕ ਜੋਨ ਵਿੱਚ ਪਹੁੰਚ ਜਾਣ ਤੋਂ ਬਾਅਦ ਉੱਥੇ ਪਾਣੀ ਦਾ ਪੱਧਰ 150 ਫੁੱਟ ਦੇ ਪਾਰ ਪਹੁੰਚ ਚੁੱਕਿਆ ਹੈ। ਕਈ ਇਲਾਕਿਆਂ ਅੰਦਰ ਇਸ ਤੋਂ ਵੀ ਜ਼ਿਆਦਾ ਜਾਂ ਬਹੁਤ ਸਾਰੀਆਂ ਜਗਾਵਾਂ 'ਤੇ 140 ਫੁੱਟ ਦੇ ਆਸ-ਪਾਸ ਹੁਣ ਆਮ ਗੱਲ ਹੈ। ਸੰਨ 1990 ਦੇ ਦਹਾਕੇ ਦੌਰਾਨ ਨਹਿਰਾਂ ਦੇ ਨਾਲ ਲੱਗਦੇ ਪਿੰਡਾਂ ਅੰਦਰ ਧਰਤੀ ਹੇਠਲਾ ਮਿੱਠਾ ਪਾਣੀ ਮਹਿਜ਼ 5 ਤੋਂ 10 ਫੁੱਟ ਦੇ ਕਰੀਬ ਹੁੰਦਾ ਸੀ ਪਰ ਸਮਾਂ ਬਦਲਦਿਆਂ ਬਹੁਤੀ ਦੇਰ ਨਾ ਲੱਗੀ, 35 ਕੁ ਵਰ੍ਹਿਆਂ ਬਾਅਦ ਹੀ ਹੁਣ ਨਹਿਰਾਂ ਕੰਢੇ ਵੀ ਪਾਣੀ ਦਾ ਪੱਧਰ 50 ਤੋਂ 70 ਫੁੱਟ ਦੇ ਨੇੜੇ ਪਹੁੰਚ ਗਿਆ ਹੈ। ਧਰਤੀ ਹੇਠਲੇ ਪਾਣੀ ਦੇ ਇਸ ਕਦਰ ਡੂੰਘਾ ਅਤੇ ਕੈਮੀਕਲ ਭਰਪੂਰ ਹੋ ਜਾਣ 'ਤੇ ਭਾਵੇਂ ਚਿੰਤਕ ਲੋਕ ਸਮੇਂ-ਸਮੇਂ 'ਤੇ ਉਪਰਾਲੇ ਕਰਦੇ ਰਹਿੰਦੇ ਹਨ ਪਰ ਹਾਲਾਤ ਹਰ ਰੋਜ਼ ਖਤਰਨਾਕ ਦਿਸ਼ਾ ਅਤੇ ਦਸ਼ਾ ਵਿੱਚ ਤਬਦੀਲ ਹੋ ਰਹੇ ਹਨ। ਲੱਖਾਂ ਰੁਪਏ ਦੀ ਲਾਗਤ ਨਾਲ ਪੰਜਾਬ ਦੇ ਖੇਤਾਂ ਅਤੇ ਘਰਾਂ ਵਿੱਚ ਕੀਤੇ ਜਾ ਰਹੇ ਬੋਰਾਂ ਨਾਲ 400 ਫੁੱਟ ਤੋਂ ਲੈ ਕੇ 600 ਫੁੱਟ ਤੱਕ ਧਰਤੀ ਦਾ ਸੀਨਾ ਛਲਣੀ ਕੀਤਾ ਜਾ ਰਿਹਾ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਪਾਣੀ ਦੀ ਦੁਰਵਰਤੋਂ ਰੁਕ ਨਹੀਂ ਰਹੀ।

ਕੁਝ ਲੋਕ ਪਾਣੀ ਦੇ ਡੂੰਘਾਈ ਵੱਲ ਜਾਣ ਦਾ ਕਾਰਨ ਪੂਸਾ 44 ਝੋਨੇ ਨੂੰ ਦੱਸ ਰਹੇ ਹਨ ਪਰ ਫੈਕਟਰੀਆਂ ਅੰਦਰ 10-10 ਇੰਚੀ ਬੋਰ ਕਰਕੇ ਬਾਹਰ ਸੁੱਟੇ ਜਾ ਰਹੇ ਪਾਣੀ ਨੂੰ ਮਨਫੀ ਕਿਵੇਂ ਕਰ ਸਕਦੇ ਹਾਂ। ਫੈਕਟਰੀਆਂ ਅੰਦਰ ਜਿੱਥੇ ਪਾਣੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ ਉੱਥੇ ਹੀ ਮੁਨਾਫ਼ੇਖੋਰਾਂ ਵੱਲੋਂ ਪਾਣੀ ਨੂੰ ਕੈਮੀਕਲਾਂ ਰਾਹੀਂ ਪਲੀਤ ਕਰਨ ਦਾ ਕੰਮ ਵੀ ਚਰਮ ਸੀਮਾ 'ਤੇ ਹੈ। ਇਸ ਸਾਰੇ ਵਰਤਾਰੇ ਦੌਰਾਨ ਬਹੁਤ ਸਾਰੇ ਪਿੰਡਾਂ ਦੇ ਲੋਕ ਕੈਮੀਕਲ ਭਰਪੂਰ ਪਾਣੀ ਪੀਣ ਲਈ ਮਜ਼ਬੂਰ ਹਨ ਜਿਸ ਦੇ ਨਾਲ ਸਮਾਜ ਬਿਮਾਰੀਆਂ ਦੀ ਜਕੜ ਵਿੱਚ ਆ ਰਿਹਾ ਹੈ । ਕੁਝ ਵਰ੍ਹੇ ਪਹਿਲਾਂ ਘਰਾਂ ਦੇ ਅੰਦਰ ਕਰੀਬ 150 ਤੋਂ ਲੈ ਕੇ 200 ਫੁੱਟ ਤੱਕ ਕੀਤੇ ਜਾਂਦੇ ਬੋਰਾਂ ਵਿੱਚੋਂ ਪਾਣੀ ਬਹੁਤ ਵਧੀਆ ਤੱਤ ਭਰਪੂਰ ਆਉਂਦਾ ਸੀ ਪਰ ਹੁਣ ਹਾਲਾਤ ਇੰਨੇ ਭਿਆਨਕ ਹੋ ਚੁੱਕੇ ਹਨ ਕਿ ਉਹ ਮਿੱਠਾ ਪਾਣੀ ਹੁਣ 400 ਫੁੱਟ ਤੋਂ ਬਾਅਦ ਜਾ ਕੇ ਵੀ ਨਸੀਬ ਨਹੀਂ ਹੋ ਰਿਹਾ। ਹਾਲਾਤ ਭਾਵੇਂ ਬਹੁਤ ਖਤਰਨਾਕ ਦਿਸ਼ਾ ਵੱਲ ਜਾ ਰਹੇ ਹਨ ਪਰ ਅਸੀਂ ਪਾਣੀ ਦੀ ਸੰਭਾਲ ਪ੍ਰਤੀ ਕੋਈ ਵੀ ਠੋਸ ਨੀਤੀ ਨਹੀਂ ਅਪਣਾ ਰਹੇ।

ਸੂਬਾ ਸਰਕਾਰ ਵੱਲੋਂ ਪੰਜਾਬ ਅੰਦਰ ਝੋਨੇ ਦੀ ਲਵਾਈ ਨੂੰ 3 ਜੋਨਾਂ ਵਿੱਚ ਵੰਡ ਕੇ 1 ਜੂਨ ਤੋਂ ਲਵਾਈ ਸ਼ੁਰੂ ਕਰਨ ਦੇ ਐਲਾਨ ਤੋਂ ਬਾਅਦ ਕਿਸਾਨਾਂ ਦੇ ਵੱਡੇ ਹਿੱਸੇ ਵੱਲੋਂ ਪੂਸਾ 44 'ਤੇ ਪਾਬੰਦੀ ਦੇ ਬਾਵਜੂਦ ਪੂਸਾ 44 ਝੋਨੇ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ। ਮੱਕੀ ਦੀ ਫ਼ਸਲ ਵੀ ਪੰਜਾਬ ਦੇ ਪਾਣੀ ਨੂੰ ਖਤਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਹ ਵੀ ਪੰਜਾਬ ਦੇ ਹਿੱਤ ਵਿੱਚ ਨਹੀਂ। ਉਸ ਤੋਂ ਬਾਅਦ ਬਹੁਤ ਸਾਰੇ ਸੱਜਣਾਂ ਵੱਲੋਂ ਧਰਤੀ ਨੂੰ ਠੰਡਾ ਕਰਨ ਦੇ ਮਕਸਦ ਹੇਠ ਖੁੱਲ੍ਹੇਆਮ ਬੇ-ਰਹਿਮੀ ਨਾਲ ਖੇਤਾਂ ਦੇ ਅੰਦਰ ਛੱਡਿਆ ਜਾ ਰਿਹਾ ਪਾਣੀ ਵੀ ਸਾਡੇ ਜੜ੍ਹੀ ਬੈਠ ਰਿਹਾ ਹੈ। ਇੱਕ ਪਾਸੇ ਧਰਤੀ ਹੇਠਲੇ ਪਾਣੀ ਦੇ ਡੂੰਘਾ ਹੋ ਜਾਣ ਦੀ ਦੁਹਾਈ ਦੇ ਰਹੇ ਹਾਂ ਅਤੇ ਦੂਜੇ ਪਾਸੇ ਉਸ ਦੀ ਅੰਨ੍ਹੇਵਾਹ ਦੁਰਵਰਤੋ ਕੀਤੀ ਜਾ ਰਹੀ ਹੈ।

ਚੰਗਾ ਹੋਵੇ ਜੇਕਰ ਘੱਟ ਸਮੇਂ ਵਿੱਚ ਪੱਕਣ ਵਾਲੇ ਝੋਨੇ ਦੇ ਬੀਜ ਬੀਜੇ ਜਾਣ, ਫੈਕਟਰੀਆਂ ਅੰਦਰ ਹੋ ਰਹੇ ਪਾਣੀ ਦੀ ਦੁਰਵਰਤੋ ਨੂੰ ਸਖ਼ਤੀ ਨਾਲ ਰੋਕਿਆ ਜਾਵੇ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਨਿਰਭਰਤਾ ਵਧਾਉਣ ਤੋਂ ਇਲਾਵਾ ਹਰ ਇੱਕ ਉਸ ਗੱਲ 'ਤੇ ਪਾਬੰਦੀ ਲੱਗੇ ਜਿਸ ਨਾਲ ਪਾਣੀ ਦੀ ਦੁਰਵਰਤੋਂ ਹੁੰਦੀ ਹੈ। ਜੇਕਰ ਅਸੀਂ ਅੱਜ ਵੀ ਨਾ ਸੰਭਲੇ ਤਾਂ ਸਾਡੀ 'ਜਰਖੇਜ਼ ਧਰਤੀ' ਦਾ ਹਾਲ ਵੀ ਮਹਿਜ਼ ਕੁਝ ਸਮੇਂ ਤੱਕ ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਵਰਗਾ ਹੋ ਜਾਵੇਗਾ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

# ਮੈਂ ਪੈਸੇ ਕਿੱਥੋਂ ਦਿਆਂ?



ਮੈਨੂੰ ਪੂਰੀ ਹੋਸ਼ ਸੀ ਜਦੋਂ ਪਿੰਡ ਰਹਿੰਦਿਆਂ ਅਕਸਰ ਹੀ ਅਸੀਂ ਤਾਏ ਜਗਮੇਲ ਸਿੰਘ ਦੇ ਘਰ ਖੇਡਣ ਚਲੇ ਜਾਂਦੇ ਸੀ। ਸੁੱਖ ਨਾਲ ਟੱਬਰ ਸਾਡਾ ਵੀ ਵਾਹਵਾ ਵੱਡਾ ਸੀ ਤੇ ਉਨ੍ਹਾਂ ਦਾ ਵੀ। ਉਦੋਂ ਜ਼ਮਾਨਾ ਹੀ ਇਹੋ ਜਿਹਾ ਸੀ ਕਿ ਭੂਆ ਤੇ ਚਾਚੇ ਜਿੱਡੇ ਹੀ ਭਤੀਜੇ ਭਤੀਜੀਆਂ ਹੁੰਦੇ ਸਨ। ਇਕੱਠਿਆਂ ਨੇ ਖੇਡਣਾ। ਜਿੱਥੋਂ ਖਾਣ ਨੂੰ ਮਿਲ ਜਾਣਾ ਉੱਥੋਂ ਹੀ ਖਾ ਲੈਣਾ। ਕੋਈ ਪਰਵਾਹ ਨਹੀਂ ਸੀ ਹੁੰਦੀ। ਬੇਸ਼ੱਕ, ਜਗਮੇਲ ਸਿੰਘ ਨਾ ਤਾਂ ਸਾਡੇ ਸ਼ਰੀਕੇ ਵਿੱਚੋਂ ਸੀ ਤੇ ਨਾ ਹੀ ਸਾਡੀ ਬਰਾਦਰੀ ਦਾ। ਇੰਨਾ ਜ਼ਰੂਰ ਸੀ ਕਿ ਉਹ ਵੀ ਸੰਤਾਲੀ ਦੀ ਵੰਡ ਸਮੇਂ ਪਾਕਿਸਤਾਨ ’ਚੋਂ ਉੱਜੜ ਕੇ ਆਏ ਸਨ ਤੇ ਸਾਡਾ ਪਰਿਵਾਰ ਵੀ ਉਧਰੋਂ ਉੱਜੜ ਕੇ ਆਇਆ ਸੀ। ਜਿਉਂ ਜਿਉਂ ਅਲਾਟਮੈਂਟਾਂ ਹੋਈਆਂ ਉਵੇਂ ਹੀ ਇੱਧਰ ਵਸਦੇ ਗਏ। ਸਾਡਾ ਤਾਂ ਪਿੰਡ ਸਾਰਾ ਹੀ ਮੁਸਲਮਾਨਾਂ ਦਾ ਹੁੰਦਾ ਸੀ ਜਿਸ ਕਰਕੇ ਉਹ ਘਰ ਖਾਲੀ ਕਰਕੇ ਚਲੇ ਗਏ ਸੀ। ਉਨ੍ਹਾਂ ਦੇ ਖਾਲੀ ਘਰਾਂ ਵਿੱਚ ਸਾਡੇ ਪਰਿਵਾਰਾਂ ਨੇ ਰਹਿਣਾ ਸ਼ੁਰੂ ਕਰ ਦਿੱਤਾ। ਬਸ ਹੌਲੀ-ਹੌਲੀ ਕਰਕੇ ਇੱਕ ਦੂਜੇ ਨਾਲ ਵਰਤ-ਵਰਤਾਰਾ ਸ਼ੁਰੂ ਹੋ ਗਿਆ। ਸਾਡੇ ਸਾਰੇ ਭੈਣ ਭਰਾ ਉਸ ਨੂੰ ਤਾਇਆ ਕਹਿ ਕੇ ਬੁਲਾਉਂਦੇ ਹੁੰਦੇ ਸੀ। ਸਾਡੀ ਤਾਈ ਗੁਰੋ ਦਾ ਸੁਭਾਅ ਵੀ ਬਹੁਤ ਵਧੀਆ ਹੁੰਦਾ ਸੀ। ਉਸ ਨੇ ਕਦੇ ਕਦਾਈਂ ਡੁੱਲ੍ਹੇ ਵਿਗੜੇ ਤੋਂ ਆਪਣੇ ਜਵਾਕਾਂ ਨੂੰ ਝਿੜਕ ਲੈਣਾ, ਪਰ ਸਾਨੂੰ ਨਹੀਂ। ਉਨ੍ਹਾਂ ਦੇ ਜਵਾਕ ਵੀ ਪੜ੍ਹਨ ਨਹੀਂ ਜਾਂਦੇ ਸੀ ਤੇ ਅਸੀਂ ਵੀ ਨਹੀਂ। ਇੱਕ ਤਾਂ ਪਿੰਡ ਬਾਰਡਰ ’ਤੇ ਸੀ, ਦੂਜਾ ਸਕੂਲ ਵੀ ਨਾ ਹੋਇਆਂ ਵਰਗਾ ਹੁੰਦਾ ਸੀ। ਮੇਰੇ ਅੱਖੀਂ ਵੇਖਣ ਦੀ ਗੱਲ ਹੈ ਕਿ ਸਕੂਲ ਵੰਡ ਤੋਂ ਪਹਿਲਾਂ ਦੀ ਇੱਕ ਢੱਠੀ ਜਿਹੀ ਮਸਜਿਦ ਵਿੱਚ ਹੁੰਦਾ ਸੀ ਜਿੱਥੇ ਇੱਕ ਅੱਧਾ ਮਾਸਟਰ ਜਾਂ ਭੈਣ ਜੀ ਟੁੱਟੀ ਜਿਹੀ ਕੁਰਸੀ ’ਤੇ ਬੈਠੇ ਹੁੰਦੇ ਸੀ। ਪੰਜ ਸੱਤ ਜਵਾਕ ਲਿੱਬੜੇ ਤਿਬੜੇ ਪੜ੍ਹਨ ਆਉਂਦੇ ਸੀ। ਸਾਡੇ ਵੱਡਿਆਂ ਨੇ ਕਹਿਣਾ ਕਿ ਇਨ੍ਹਾਂ ਜਵਾਕਾਂ ਨੂੰ ਕੰਮ ਧੰਦੇ ਲਾਇਆ ਕਰੋ, ਇਨ੍ਹਾਂ ਨੇ ਪੜ੍ਹ ਕੇ ਕਿਹੜਾ ਡੀਸੀ ਲੱਗਣਾ ਹੈ। ਪਰ ਜਗਮੇਲ ਸਿੰਘ ਆਪ ਖ਼ੁਦ ਉਰਦੂ ਦੀਆਂ ਅੱਠ-ਨੌਂ ਜਮਾਤਾਂ ਪੜ੍ਹਿਆ ਹੋਇਆ ਸੀ ਜਿਸ ਕਰਕੇ ਉਸ ਨੇ ਆਪਣੇ ਸਾਰੇ ਹੀ ਜਵਾਕ ਸਕੂਲੇ ਪੜ੍ਹਨੇ ਲਾ ਦਿੱਤੇ। ਹੌਲੀ ਹੌਲੀ ਪਿੰਡ ਵਾਲਿਆਂ ਨੇ ਸਕੂਲ ਦੀ ਇੱਕ ਇਮਾਰਤ ਵੀ ਬਣਵਾ ਦਿੱਤੀ। ਕੋਈ ਮੰਤਰੀ ਆਇਆ ਤੇ ਉਸ ਨੇ ਸਕੂਲ ਨੂੰ ਪ੍ਰਾਇਮਰੀ ਤੋਂ ਮਿਡਲ ਬਣਾ ਦਿੱਤਾ। ਅੱਜ ਹੋਰ ਤੇ ਕੱਲ੍ਹ ਹੋਰ। ਜਿਹੜੇ ਜਵਾਕਾਂ ਨੂੰ ਪਿੱਛੋਂ ਡੰਡਿਆਂ ਦਾ ਡਰ ਸੀ ਉਹ ਪੜ੍ਹ ਲਿਖ ਗਏ ਤੇ ਜਿਨ੍ਹਾਂ ਨੂੰ ਨਹੀਂ ਸੀ ਉਹ ਡੰਗਰ ਚਾਰਨ ਲੱਗ ਪਏ। ਜਗਮੇਲ ਸਿੰਘ ਨੇ ਦਿਨ ਰਾਤ ਮਿਹਨਤ ਕਰਕੇ ਆਪਣੀਆਂ ਤਿੰਨਾਂ ਧੀਆਂ ਤੇ ਤਿੰਨਾਂ ਪੁੱਤਰਾਂ ਨੂੰ ਚੰਗਾ ਪੜ੍ਹਾ ਲਿਖਾ ਦਿੱਤਾ। ਵੱਡਾ ਮੁੰਡਾ ਪੜ੍ਹ ਲਿਖ ਕੇ ਵੀ ਆਪਣੇ ਪਿਉ ਨਾਲ ਕੰਮ ਕਰਵਾਉਣ ਲੱਗ ਪਿਆ। ਛੋਟੇ ਦੋਵੇਂ ਅੰਮ੍ਰਿਤਸਰ ਕਿਸੇ ਹਸਪਤਾਲ ਵਿੱਚ ਕੋਰਸ ਕਰਨ ਲੱਗ ਪਏ। ਕੁੜੀਆਂ ਵਿਆਹੀਆਂ ਗਈਆਂ, ਆਪੋ ਆਪਣੇ ਘਰ ਚਲੀਆਂ ਗਈਆਂ। ਵੱਡਾ ਮੁੰਡਾ ਬਿੱਲਾ ਆਪਣੇ ਬਾਪੂ ਵਾਲੇ ਕੰਮ ਵਿੱਚ ਮਾਹਿਰ ਹੋ ਗਿਆ, ਪਰ ਉਸ ਨੇ ਸੇਪੀ ਛੱਡ ਕੇ ਨਕਦ ਪੈਸੇ ਲੈ ਕੇ ਕੰਮ ਕਰਨਾ। ਵਿਚਕਾਰਲਾ ਮੁੰਡਾ ਛਿੰਦਾ ਡਾਕਟਰੀ ਦਾ ਕੰਮ ਸਿੱਖ ਕੇ ਆ ਗਿਆ। ਬਾਜ਼ਾਰ ਵਿੱਚ ਇੱਕ ਨਿੱਕਾ ਜਿਹਾ ਕਲੀਨਿਕ ਬਣਾ ਕੇ ਬੈਠ ਗਿਆ। ਬਸ ਉਸ ਦੇ ਬੈਠਣ ਦੀ ਹੀ ਦੇਰ ਸੀ ਕਿ ਮਰੀਜ਼ਾਂ ਦੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ। ਹੱਥ ਦਾ ਬਹੁਤ ਸਿਆਣਾ ਸੀ, ਪਰ ਪੈਸਿਆਂ ਵਾਲੇ ਆਹੂ ਲਾਹੁਣ ਲੱਗ ਪਿਆ। ਜਗਮੇਲ ਸਿੰਘ ਦੇ ਦਿਨ ਬਦਲਣ ਲੱਗ ਪਏ। ਇੰਨੇ ਨੂੰ ਛੋਟਾ ਮੁੰਡਾ ਰੂਪਾ ਵੀ ਕੋਰਸ ਕਰਕੇ ਭਰਾ ਨਾਲ ਹੱਥ ਵਟਾਉਣ ਲੱਗ ਪਿਆ। ਦੋਹਾਂ ਦੀ ਡਾਕਟਰੀ ਖ਼ੂਬ ਚੱਲੀ। ਸਾਰਿਆਂ ਦੇ ਵਿਆਹ ਹੋ ਗਏ। ਹਰ ਇੱਕ ਬੰਦਾ ਜਗਮੇਲ ਸਿੰਘ ਦੀ ਇੱਜ਼ਤ ਕਰਦਾ, ਪਰ ਜਗਮੇਲ ਸਿੰਘ ਵਿੱਚ ਕੋਈ ਫ਼ਰਕ ਨਹੀਂ ਸੀ ਆਇਆ। ਜਿਵੇਂ ਪਹਿਲਾਂ ਸੀ ਉਵੇਂ ਹੀ ਹੁਣ ਸੀ। ਜਿਵੇਂ ਸਿਆਣੇ ਕਹਿੰਦੇ ਨੇ ਕਿ ਵਪਾਰ ਤੇ ਰੁੱਖ ਦੀ ਵਧਣ ਦੀ ਇੱਕ ਸੀਮਾ ਹੁੰਦੀ ਹੈ, ਇੱਕ ਸਮਾਂ ਆਉਂਦਾ ਹੈ ਜਦੋਂ ਰੁੱਖ ਦਾ ਵਧਣਾ ਬੰਦ ਹੋ ਜਾਂਦਾ ਹੈ, ਇਸੇ ਤਰ੍ਹਾਂ ਵਪਾਰ ਇੱਕ ਦਿਨ ਵਧਣਾ ਬੰਦ ਹੋ ਜਾਂਦਾ ਹੈ। ਉਹੀ ਗੱਲ ਜਗਮੇਲ ਸਿੰਘ ਦੇ ਘਰ ਦੀ ਹੋਈ। ਪਹਿਲਾਂ ਵੱਡਾ ਪੁੱਤਰ ਬਿੱਲਾ ਵੱਖਰਾ ਹੋ ਗਿਆ। ਫ਼ਿਰ ਥੋੜ੍ਹੇ ਚਿਰ ਬਾਅਦ ਛਿੰਦਾ ਤੇ ਰੂਪਾ। ਕਿਸੇ ਵੀ ਪੁੱਤਰ ਨੇ ਇਹ ਨਾ ਕਿਹਾ ਕਿ ਬਾਪੂ ਤੂੰ ਸਾਡੇ ਨਾਲ ਰਹਿ। ਜਿਹੜਾ ਸਾਂਝਾ ਘਰ ਸੀ ਉਹ ਬਿੱਲੇ ਨੇ ਲੈ ਲਿਆ ਤੇ ਬਾਕੀ ਡਾਕਟਰਾਂ ਨੇ ਬਾਹਰ ਥਾਂ ਲੈ ਕੇ ਘਰ ਬਣਾ ਲਏ। ਵੰਡ ਕਰਦੇ ਸਮੇਂ ਮੁੰਡਿਆਂ ਦੀ ਆਪਸ ਵਿੱਚ ਕੋਈ ਤਤਕਾਰ ਹੋ ਗਈ ਜਿਸ ਕਰਕੇ ਬਾਪੂ ਨੂੰ ਕਿਸੇ ਨੇ ਵੀ ਨਾਲ ਨਾ ਰੱਖਿਆ। ਹੁਣ ਜਗਮੇਲ ਸਿੰਘ ਬੁੱਢਾ ਵੀ ਹੋ ਚੁੱਕਾ ਸੀ। ਸਾਰਾ ਪੈਸਾ ਧੇਲਾ ਮੁੰਡਿਆਂ ਨੂੰ ਸੈੱਟ ਕਰਨ ’ਤੇ ਲਾ ਦਿੱਤਾ। ਕੁਝ ਕੁੜੀਆਂ ਦੇ ਵਿਆਹਾਂ ’ਤੇ ਖਰਚ ਕਰ ਦਿੱਤਾ। ਜਿਹੜੀ ਦੋ ਕਨਾਲਾਂ ਜ਼ਮੀਨ ਸੀ ਉਹ ਵੀ ਵੇਚ ਚੁੱਕਾ ਸੀ। ਹੁਣ ਦੋਵੇਂ ਜੀਅ ਬੇਸਹਾਰਾ ਹੋ ਕੇ ਆਪਣੀ ਅਖਰੀਲੀ ਜ਼ਿੰਦਗੀ ਕੱਟਣ ਲੱਗ ਪਏ। ਥੋੜ੍ਹਾ ਸਮਾਂ ਹੀ ਬੀਤਿਆ ਕਿ ਜੀਵਨ ਸਾਥਣ ਗੁਰੋ ਤਾਈ ਵੀ ਚੱਲ ਵੱਸੀ। ਹੁਣ ਜਗਮੇਲ ਸਿੰਘ ਸੋਚਣ ਲੱਗਿਆ ਕਿ ਕਿਸ ਨਾਲ ਰਹਾਂਗਾ। ਭੋਗ ਤੋਂ ਬਾਅਦ ਰਿਸ਼ਤੇਦਾਰ ਇਕੱਠੇ ਬੈਠੇ ਸਨ। ਜਗਮੇਲ ਸਿੰਘ ਨੇ ਆਪਣਾ ਪੱਖ ਉਨ੍ਹਾਂ ਅੱਗੇ ਰੱਖ ਦਿੱਤਾ, “ਮੇਰੇ ਬਾਰੇ ਸੋਚੋ। ਮੈਨੂੰ ਕਿਸ ਨਾਲ ਰਹਿਣ ਵਾਸਤੇ ਕਹਿਣਾ ਜੇ!” ਵੱਡੇ ਮੁੰਡੇ ਬਿੱਲੇ ਤੇ ਸਾਰਿਆਂ ਤੋਂ ਨਿੱਕੇ ਮੁੰਡੇ ਰੂਪੇ ਨੇ ਸਾਫ਼ ਜਵਾਬ ਦੇ ਦਿੱਤਾ ਕਿ ਅਸੀਂ ਬੁੱਢੇ ਨੂੰ ਆਪਣੇ ਪਰਿਵਾਰ ਵਿੱਚ ਨਹੀਂ ਰੱਖ ਸਕਦੇ, ਐਵੇਂ ਸਾਰਾ ਦਿਨ ਦਿਨ ਖਹੂ-ਖਹੂ ਕਰਦਾ ਰਹੇਗਾ। ਹੁਣ ਰਹਿ ਗਿਆ ਵਿਚਕਾਰਲਾ ਛਿੰਦਾ ਉਹ ਕਹਿਣ ਲੱਗਾ, “ਜੇ ਬੁੱਢੇ ਨੇ ਮੇਰੇ ਨਾਲ ਰਹਿਣਾ ਹੈ ਤਾਂ ਮੈਨੂੰ ਖਰਚਾ ਚਾਹੀਦਾ ਹੈ। ਇਸ ਦੇ ਲੀੜੇ ਕੱਪੜੇ ਵੀ ਧੋਣੇ ਨੇ, ਰੋਟੀ ਟੁੱਕ ਵੀ ਦੇਣਾ ਹੈ। ਦਵਾ ਦਾਰੂ ਦਾ ਖਰਚ ਹੋਵੇਗਾ,।” ਸਾਰੇ ਰਿਸ਼ਤੇਦਾਰ ਤੇ ਕੁੜੀਆਂ ਉਸ ਦੇ ਮੂੰਹ ਵੱਲ ਵੇਖਣ ਲੱਗੇ ਕਿ ਇਹ ਕੀ ਆਖ ਰਿਹਾ ਹੈ। “ਹਾਂ, ਮੈਂ ਸਹੀ ਆਖਦਾ ਹਾਂ। ਇਹ ਕੋਈ ਮੇਰੇ ਇਕੱਲੇ ਦਾ ਪਿਉ ਨਹੀਂ ਸਗੋਂ ਆਪਣਾ ਛੇਆਂ ਭੈਣ ਭਰਾਵਾਂ ਦਾ ਹੈ।”

ਬਜ਼ੁਰਗ ਜਗਮੇਲ ਸਿੰਘ ਰੋਂਦਾ ਹੋਇਆ ਬੋਲਿਆ, “ਮੈਂ ਪੈਸੇ ਕਿੱਥੋਂ ਲਿਆਵਾਂਗਾ? ਮੇਰੇ ਕੋਲ ਤੁਹਾਨੂੰ ਦੇਣ ਵਾਸਤੇ ਪੈਸੇ ਕਿੱਥੇ ਹਨ। ਤੁਸੀਂ ਮੈਨੂੰ ਬਿਰਧ ਆਸ਼ਰਮ ਛੱਡ ਆਉ। ਜਿਹੜੇ ਚਾਰ ਦਿਨ ਜ਼ਿੰਦਗੀ ਦੇ ਬਚੇ ਹਨ ਉਹ ਮੈਂ ਰੁਲ ਖੁਲ ਕੇ ਉੱਥੇ ਕੱਟ ਲਵਾਂਗਾ। ਮੈਨੂੰ ਤੁਸੀਂ ਸਾਰੇ ਮੁਆਫ਼ ਕਰ ਦਿਓ। ਰੱਬ ਚੰਗਾ ਹੁੰਦਾ ਤਾਂ ਮੈਨੂੰ ਵੀ ਨਾਲ ਹੀ ਚੁੱਕ ਲੈਂਦਾ, ਆਹ ਦਿਨ ਤਾਂ ਨਾ ਵੇਖਣੇ ਪੈਂਦੇ।”

ਇੰਨੀ ਗੱਲ ਸੁਣ ਕੇ ਛੋਟਾ ਜਵਾਈ ਬਾਂਹ ਫ਼ੜ ਕੇ ਉਸ ਨੂੰ ਨਾਲ ਲੈ ਗਿਆ। ਕਿਸੇ ਵੀ ਪੁੱਤ ਪੋਤੇ ਨੇ ਉਸ ਦੀ ਬਾਂਹ ਨਾ ਛੁਡਾਈ।

* * * * *

# ਵੰਝਲੀ ਦੀ ਹੂਕ

ਜਗਜੀਤ ਸਿੰਘ ਲੋਹਟਬੱਦੀ

ਮੌਸਮ ਦੀ ਪਹਿਲੀ ਬਰਫ਼ਬਾਰੀ ਹੋ ਚੁੱਕੀ ਸੀ। ਕੜਾਕੇ ਦੀ ਠੰਡ ਨੇ ਅਜੇ ਪੂਰਾ ਜ਼ੋਰ ਨਹੀਂ ਸੀ ਫੜਿਆ। ਕਦੇ ਕਦੇ ਤਿੱਖੀ ਹਵਾ ਦੇ ਝੋਂਕੇ ਸਰਦ ਰੁੱਤ ਦੇ ਆਗਮਨ ਦਾ ਅਹਿਸਾਸ ਜ਼ਰੂਰ ਕਰਾ ਦਿੰਦੇ। ਖ਼ੁਸ਼ਨੁਮਾ ਘੜੀਆਂ ਦਾ ਜਜ਼ਬਾ ਮਨ ਵਿੱਚ ਸੰਜੋਈ ਮੈਂ ਪਾਰਕ-ਨੁਮਾ-ਗਰਾਊਂਡ ਵਿੱਚ ਜਾ ਪਹੁੰਚਿਆ। ਬੱਚੇ ਆਪਣੀਆਂ ਖੇਡਾਂ ਵਿੱਚ ਮਗਨ, ਕੋਈ ਪੀਂਘਾਂ ਝੂਟ ਰਿਹਾ.. ਕੋਈ ਚੰਡੋਲ ਦੇ ਚੱਕਰਾਂ ਵਿੱਚ ਕਿਲਕਾਰੀਆਂ ਮਾਰ ਰਿਹਾ.. ਕੋਈ ਖ਼ਰਗੋਸ਼ਾਂ ਦੀ ਡਾਹ ਲੈਣ ਲਈ ਕਾਹਲਾ। ਨਾਲ ਆਏ ਵਡੇਰੇ ਆਪਣੇ ਹਮ-ਉਮਰਾਂ ਸੰਗ ਬਾਬਾਣੀਆਂ ਕਹਾਣੀਆਂ ਵਿੱਚ ਮਸਰੂਫ਼।

ਬਜ਼ੁਰਗਾਂ ਦਾ ਇੱਕ ਵੱਖਰਾ ਦਾਇਰਾ ਹੁੰਦਾ। ਗੱਲਾਂ ਬੀਤੇ ਜ਼ਮਾਨੇ ਦੀਆਂ.. ਪੰਜਾਬ ਦੀਆਂ.. ਕੈਨੇਡਾ ਦੀਆਂ। ਅੰਮ੍ਰਿਤਸਰ ਤੋਂ ਆਏ ਸੱਜਣ ਦੱਸ ਰਹੇ ਸਨ: ਕੈਨੇਡਾ ਦੇ ਇਸ ਸ਼ਹਿਰ ਰੀਜਾਇਨਾ ਨੂੰ ਲਗਾਤਾਰ ਪੰਜਵੇਂ ਸਾਲ ‘ਟ੍ਰੀ ਸਿਟੀ ਆਫ ਦਾ ਵਰਲਡ’ (ਰੁੱਖਾਂ ਦਾ ਸ਼ਹਿਰ) ਐਲਾਨਿਆ ਗਿਆ ਹੈ। ਛੋਟੇ ਜਿਹੇ ਇਸ ਖ਼ੂਬਸੂਰਤ ਸ਼ਹਿਰ ਨੂੰ ਇੱਕ ਲੱਖ ਅੱਸੀ ਹਜ਼ਾਰ ਰੰਗ ਬਰੰਗੇ ਬਿਰਖਾਂ ਨੇ ਸੁੰਦਰ ਦਿੱਖ ਨਾਲ ਸ਼ਿੰਗਾਰਿਆ ਹੋਇਐ। ਬਰਸਾਤ ਅਤੇ ਬਰਫ਼ ਦੇ ਪਾਣੀ ਨੂੰ ਬਚਾ ਕੇ ਧਰਤੀ ਅੰਦਰ ਹੀ ਪਾਇਆ ਜਾਂਦਾ ਹੈ। ਜੀਵ ਜੰਤੂਆਂ ਦੀ ਸੁਰੱਖਿਆ ਸਮਾਜਿਕ ਜ਼ਿੰਮੇਵਾਰੀ ਹੈ। ਕਿੰਨੇ ਕੁਦਰਤ ਪ੍ਰੇਮੀ ਹਨ ਇਹ ਲੋਕ? ਬਲਿਹਾਰੀ ਕੁਦਰਤਿ ਵਸਿਆ... ਦਾ ਸੰਕਲਪ ਧਾਰਿਆ ਹੋਇਐ!



ਰੋਜ਼ ਵਾਂਗ ਸੰਗੀ-ਸਾਥੀਆਂ ਨੂੰ ਦੁਆ ਸਲਾਮ ਕਰ ਕੇ ਮੈਂ ਬੈਂਚ ’ਤੇ ਬੈਠਿਆ ਤਾਂ ਕੰਨਾਂ ਵਿੱਚ ਸੰਗੀਤਕ ਧੁਨਾਂ ਦੀ ਮੱਧਮ ਜਿਹੀ ਆਵਾਜ਼ ਪਈ। ਆਲੇ-ਦੁਆਲੇ ਨਜ਼ਰ ਘੁਮਾਈ ਤਾਂ ਦੇਖਿਆ ਕਿ ਪਾਰਕ ਦੀ ਪਾਰਲੀ ਗੁੱਠੇ ਕੋਈ ਸ਼ਖ਼ਸ ਬੰਸਰੀ ਵਜਾ ਰਿਹਾ ਸੀ। ਮਨ ਕਿਸੇ ਵਿਸਮਾਦ ਵਿੱਚ ਜੁੜ ਗਿਆ। ਅਗਲੇ ਦਿਨ ਫਿਰ ਸੰਗੀਤ ਦੀ ਵੇਦਨਾ ਨੇ ਆਪਣੇ ਵੱਲ ਧਿਆਨ ਖਿੱਚ ਲਿਆ। ਕਈ ਦਿਨ ਇਹ ਸਿਲਸਿਲਾ ਚੱਲਦਾ ਰਿਹਾ। ਜਗਿਆਸਾ-ਵੱਸ ਇੱਕ ਦਿਨ ਮੈਂ ਪਾਰਕ ਦੇ ਉਸ ਕਿਨਾਰੇ ਵੱਲ ਚੱਲ ਪਿਆ, ਜਿੱਧਰੋਂ ਰੋਜ਼ ਸਰੋਦੀ ਸੁਰਾਂ ਦੀ ਆਹਟ ਸੁਣਾਈ ਦਿੰਦੀ ਸੀ। ਥੋੜ੍ਹੀ ਵਿੱਥ ’ਤੇ ਓਹਲੇ ਜਿਹੇ ਬੈਠ ਮੈਂ ਕਿੰਨਾ ਚਿਰ ਇਸ ਸੁਰਲੋਕ ਵਿੱਚ ਸਰਸ਼ਾਰ ਹੁੰਦਾ ਰਿਹਾ।

ਵੰਝਲੀ ਵਜਾਉਣ ਵਾਲੀ ਅੱਧਖੜ ਉਮਰ ਦੀ ਗੋਰੀ ਔਰਤ ਸੀ। ਵੈਰਾਗਮਈ ਤਰੰਗਾਂ ਨਾਲ ਚੁਫ਼ੇਰਾ ਗ਼ਮਗੀਨ ਹੋ ਗਿਆ ਜਾਪਿਆ। ਪੈਰ ਮੱਲੋਮੱਲੀ ਸੰਗੀਤ ਦੇ ਮੁਜੱਸਮੇ ਤੱਕ ਲੈ ਗਏ। ਜਕਦੇ ਜਕਦੇ ਜਾਣਨਾ ਚਾਹਿਆ ਤਾਂ ਭਰੇ ਮਨ ਨਾਲ ਉਸ ਦੱਸਿਆ ਕਿ ਪਿਛਲੇ ਦਿਨੀਂ ਅਣਜਾਣੇ ਵਿੱਚ ਉਸ ਕੋਲੋਂ ਘੋਰ ਪਾਪ ਹੋ ਗਿਆ ਸੀ। ਇਸੇ ਪਾਰਕ ਦੀ ਸਾਹਮਣੀ ਸੜਕ ’ਤੇ ਵਾਹੋ-ਦਾਹੀ ਭੱਜਿਆ ਆਉਂਦਾ ਇੱਕ ਖ਼ਰਗੋਸ਼ ਉਸ ਦੀ ਕਾਰ ਹੇਠ ਆ ਕੇ ਕੁਚਲਿਆ ਗਿਆ ਸੀ। ਉਸ ਨੂੰ ਜੁਰਮਾਨਾ ਭਰਨਾ ਪਿਆ ਸੀ ਅਤੇ ਡਰਾਈਵਿੰਗ ਲਾਇਸੈਂਸ ’ਤੇ ਵੀ ਰੈੱਡ ਮਾਰਕ ਲੱਗ ਗਿਆ ਸੀ। ਪਰ ਉਸ ਦੀ ਅੰਤਰ-ਆਤਮਾ ਉਸ ਨੂੰ ਜੀਵ ਹੱਤਿਆ ਹੋਣ ’ਤੇ ਲਗਾਤਾਰ ਝੰਜੋੜ ਰਹੀ ਸੀ। ਸੰਗੀਤ ਉਸ ਦੇ ਵਲੂੰਧਰੇ ਹਿਰਦੇ ਨੂੰ ਸਕੂਨ ਬਖ਼ਸ਼ਦਾ ਸੀ।

ਮੈਂ ਮਨ ਹੀ ਮਨ ਸੋਚ ਰਿਹਾ ਸੀ ਕਿ ਅਸੀਂ ਪ੍ਰਕਿਰਤੀ ਦੀ ਦੁਹਾਈ ਦੇਣ ਵਾਲੇ ‘ਧਾਰਮਿਕ’ ਜੀਵ, ਇਨ੍ਹਾਂ ‘ਨਾਸਤਿਕ’ ਲੋਕਾਂ ਦੇ ਹਾਣ ਦੇ ਕਦੋਂ ਹੋਵਾਂਗੇ?

ਮੇਰੇ ਸਾਹਮਣੇ ਬੈਠੀ ਉਸ ਔਰਤ ਦੇ ਪਰਲ ਪਰਲ ਵਗਦੇ ਪਛਤਾਵੇ ਦੇ ਅੱਥਰੂ ਉਸ ਦੇ ਚਿਹਰੇ ਨੂੰ ਧੋ ਰਹੇ ਸਨ।

* * *

# ਮਿੰਨੀ ਕਹਾਣੀਆਂ

## ਬਕਾਇਆ

### ਮਾਸਟਰ ਸੁਖਵਿੰਦਰ ਦਾਨਗੜ੍ਹ

ਗੁਰਦੇਵ ਕੌਰ ਆਪਣੀ ਪੈਨਸ਼ਨ ਨੂੰ ਬੇਸਬਰੀ ਨਾਲ ਉਡੀਕਦੀ ਰਹਿੰਦੀ ਸੀ। ਜਦ ਵੀ ਉਸ ਦਾ ਮੁੰਡਾ ਦਰਸ਼ਨ ਸ਼ਹਿਰ ਵੱਲ ਜਾਣ ਲੱਗਦਾ ਤਾਂ ਉਹ ਆਪਣੀ ਬੈਂਕ ਵਾਲੀ ਕਾਪੀ ਫੜਾਉਂਦੀ ਬੋਲਦੀ, “ਵੇ ਪੁੱਤ!! ਲੱਗਦੇ ਹੱਥ ਬੈਂਕ ’ਚੋਂ ਮੇਰੀ ਪੈਲਸਨ ਦਾ ਵੀ ਪਤਾ ਕਰ ਆਵੀਂ।”

ਅੱਗੋਂ ਦਰਸ਼ਨ ਵੀ ਕਹਿ ਦਿੰਦਾ, “ਤੂੰ ਵੀ ਬੇਬੇ ਸਾਰਾ ਦਿਨ ਪੈਨਸ਼ਨ-ਪੈਨਸ਼ਨ ਕਰੀ ਜਾਂਦੀ ਐਂ! ਦੱਸ ਕੀ ਕਮੀ ਐ ਆਪਣੇ ਕੋਲ? ਇਹ ਜਾਇਦਾਦ ਤੁਹਾਡੀ ਹੀ ਹੈ ਜਿਸ ਦੇ ਸਿਰ ’ਤੇ ਅਸੀਂ ਐਸ਼ ਕਰਦੇ ਆਂ, ਬੋਲ ਕਿੰਨੇ ਪੈਸੇ ਦੇਵਾਂ ਤੈਨੂੰ?”

ਅੱਗੋਂ ਗੁਰਦੇਵ ਕੌਰ ਵੀ ਕਹਿ ਦਿੰਦੀ, “ਪੁੱਤ! ਇਹ ਦੌਲਤ ਤੁਹਾਨੂੰ ਸੁਹਾਂਢਣੀ ਹੋਵੇ। ਮੇਰੇ ਲਈ ਤਾਂ ਪੈਲਸਨ ਹੀ ਬਥੇਰੀ ਐ, ਪਰ ਚੰਦਰੀ ਮਿਲ ਜਾਇਆ ਕਰੇ ਟੈਮ ਨਾਲ।”

ਦਰਸ਼ਨ ਕਾਪੀ ਲੈ ਕੇ ਸ਼ਹਿਰ ਚਲਾ ਗਿਆ ਅਤੇ ਵਾਪਸ ਆ ਕੇ ਕਹਿਣ ਲੱਗਿਆ, “ਮਾਂ! ਆ ਗਈ ਤੇਰੀ ਪੈਨਸ਼ਨ, ਨਾਲੇ ਐਤਕੀਂ ਤਾਂ ਸਰਕਾਰ ਨੇ ਬਕਾਇਆ ਵੀ ਪਾ ਦਿੱਤਾ।”

ਇਹ ਸੁਣ ਕੇ ਗੁਰਦੇਵ ਕੌਰ ਦਾ ਚਿਹਰਾ ਖਿੜ ਗਿਆ ਅਤੇ ਦੂਜੇ ਦਿਨ ਉਹ ਬੈਂਕ ’ਚ ਜਾ ਕੇ ਆਪਣੇ ਪੈਸੇ ਕਢਵਾ ਲਿਆਈ। ਆਪਣੇ ਪੋਤੇ-ਪੋਤੀਆਂ ਨੂੰ ਪੰਜ-ਪੰਜ ਸੌ ਦੇ ਨੋਟ ਦਿੰਦਿਆਂ ਬੋਲੀ, “ਆਹ ਲਓ ਵੇ! ਆਪਣੇ ਵਾਸਤੇ ਜੋ ਮਰਜ਼ੀ ਲੈ ਆਇਓ, ਕਰੋ ਮੌਜਾਂ।”

ਇਸ ਪਿੱਛੋਂ ਗੁਰਦੇਵ ਕੌਰ ਦੀ ਪੈਨਸ਼ਨ ਕਦੇ ਵੀ ਲੇਟ ਨਾ ਹੋਈ। ਹਰ ਚੜ੍ਹਦੇ ਮਹੀਨੇ ਖਾਤੇ ’ਚ ਪੈ ਜਾਂਦੀ ਅਤੇ ਦੋ ਚਾਰ ਮਹੀਨਿਆਂ ਬਾਅਦ ਪੰਜ-ਚਾਰ ਹਜ਼ਾਰ ਬਕਾਇਆ ਵੀ ਪੈ ਜਾਂਦਾ ਸੀ।

ਅਚਾਨਕ ਇਹ ਬਦਲਾਅ ਆਇਆ ਦੇਖ ਕੇ ਗੁਰਦੇਵ ਕੌਰ ਸੋਚਦੀ, ‘ਆਹ ਤਾਂ ਸਰਕਾਰ ਨੇ ਰੰਗ-ਭਾਗ ਲਾ ਦਿੱਤੇ ਨੇ।’ ਉਹ ਬੈਂਕ ਵਾਲਿਆਂ ਨੂੰ ਅਸੀਸਾਂ ਦਿੰਦੀ ਨਾ ਥੱਕਦੀ, ਨੂੰਹ-ਪੁੱਤ ਵਾਸਤੇ ਜੋੜਾ-ਜੁੱਤੀ ਆਪ ਹੀ ਲੈ ਆਉਂਦੀ। ਦੂਜੇ ਪਾਸੇ ਦਰਸ਼ਨ ਵੀ ਖ਼ੁਸ਼ ਸੀ ਕਿ ਬੇਬੇ ਨੇ ਸਾਰੀ ਉਮਰ ਕਮਾਈ ਕੀਤੀ ਹੈ, ਹੁਣ ਤਾਂ ਬਾਪੂ ਦਾ ਸਹਾਰਾ ਵੀ ਨਹੀਂ ਰਿਹਾ, ਬੇਬੇ ਦਾ ਕਰਜ਼ ਤਾਂ ਅਸੀਂ ਸਾਰੀ ਉਮਰ ਨਹੀਂ ਮੋੜ ਸਕਦੇ, ਤਾਂ ਕੀ ਹੋ ਗਿਆ ਜੇ ਮੈਂ ਆਪਣੇ ਕੋਲੋਂ ਚੜ੍ਹੇ ਮਹੀਨੇ ਹਜ਼ਾਰ ਦੋ ਹਜ਼ਾਰ ਬੇਬੇ ਦੇ ਖਾਤੇ ’ਚ ਜਮ੍ਹਾਂ ਕਰਵਾ ਦਿੰਦਾ ਹਾਂ ਅਤੇ ਬੇਬੇ ਵੀ ਕਢਵਾ ਕੇ ਪਰਿਵਾਰ ’ਚ ਹੀ ਵੰਡ ਦਿੰਦੀ ਹੈ।

****

## ਆਸ਼ੀਰਵਾਦ

### ਪਰਮਜੀਤ ਕੌਰ

ਪੰਜਵੀਂ ’ਚ ਪੜ੍ਹਦਾ ਸ਼ਰਾਰਤੀ ਰਮਨ ਦੌੜਾ-ਦੌੜਾ ਆਇਆ। ਕਾਹਲੀ ਨਾਲ ਮਾੜਾ ਜਿਹਾ ਝੁਕ ਕੇ, ਦਾਦੀ ਮਾਂ, ਮੈਨੂੰ ਛੇਤੀ ਆਸ਼ੀਰਵਾਦ ਦਿਓ, ਮੈਂ ਸਕੂਲ ਜਾਣੈ ਵੈਨ ਹਾਰਨ ਮਾਰੀ ਜਾਂਦੀ ਐ।”

ਦਾਦੀ ਮਾਂ ਨੇ ਅਸੀਸ ਦਿੰਦਿਆਂ ਕਿਹਾ, ਪੁੱਤ, ਅੱਜ ਕੀ ਗੱਲ ਹੈ, ਬਹੁਤ ਲਾਡ ਆ ਰਿਹਾ ਦਾਦੀ ਮਾਂ ਦਾ?”

“ਦਾਦੀ ਮਾਂ, ਅੱਜ ਮੇਰਾ ਇਮਤਿਹਾਨ ਐ। ਹੁਣ ਰੋਜ਼ ਆਸ਼ੀਰਵਾਦ ਦਿਆ ਕਰੋ ਮੈਨੂੰ।” ਦਾਦੀ ਮਾਂ ਨੇ ਹੱਸਦੇ ਹੋਏ ਕਿਹਾ, ਪਹਿਲਾਂ ਕਦੇ ਆਸ਼ੀਰਵਾਦ ਲੈਣ ਦਾ ਚੇਤਾ ਨਹੀਂ ਆਇਆ?” ਚੇਤਾ ਤਾਂ ਸੀ ਮੈਨੂੰ। ਫਿਰ ਸੋਚਿਆ ਕਿਤੇ ਰੋਜ਼-ਰੋਜ਼ ਆਸ਼ੀਰਵਾਦ ਲੈਣ ਨਾਲ ਘਟ ਹੀ ਜਾਣ ਤੇ ਫਿਰ ਮੌਕੇ ’ਤੇ ਕੰਮ ਹੀ ਨਾ ਆਉਣ, ਰਮਨ ਇਹ ਕਹਿੰਦਾ ਸਕੂਲ ਵੈਨ ਵਿੱਚ ਬੈਠ ਗਿਆ ਅਤੇ ਦਾਦੀ ਮਾਂ ਪੋਤੇ ਦੀਆਂ ਗੱਲਾਂ ’ਤੇ ਮੁਸਕਰਾ ਰਹੀ ਸੀ ਤੇ ਨਾਲ ਸੋਚ ਰਹੀ ਸੀ ਕਿ ‘ਪੁੱਤਰਾ, ਅਸੀਸਾਂ ਰੱਬੀ ਬਰਕਤਾਂ ਵਾਂਗੂੰ ਵਧਦੀਆਂ ਨੇ ਘਟਦੀਆਂ ਨਹੀਂ’।

***

## ਰਫ਼ਤਾਰ

### ਪਰਮਿੰਦਰ ਕੌਰ

ਇੱਕ ਜੰਗਲ ਵਿੱਚ ਬਹੁਤ ਸਾਰੇ ਜਾਨਵਰ ਮਿਲ-ਜੁਲ ਕੇ ਇਕੱਠੇ ਰਹਿੰਦੇ ਸਨ। ਇੱਕ ਰਾਤ ਸਾਰੇ ਜਾਨਵਰਾਂ ਨੇ ਸਵੇਰੇ ਪਿਕਨਿਕ ਜਾਣ ਦਾ ਪ੍ਰੋਗਰਾਮ ਬਣਾਇਆ। ਲੂੰਬੜੀ ਸਮੇਂ ਦੀ ਪਾਬੰਦ ਸੀ। ਉਸ ਨੇ ਕਿਹਾ ਕਿ ਸਵੇਰੇ ਛੇ ਵਜੇ ਸਾਰੇ ਤਿਆਰ ਹੋ ਕੇ ਇੱਕ ਥਾਂ ਇਕੱਠੇ ਹੋ ਜਾਣ, ਜੋ ਦੇਰੀ ਨਾਲ ਆਇਆ ਉਹ ਇੱਥੇ ਹੀ ਰਹੇਗਾ ਤੇ ਸਾਰਿਆਂ ਲਈ ਰਾਤ ਦੇ ਖਾਣੇ ਦੀ ਤਿਆਰੀ ਦੇ ਨਾਲ ਨਾਲ ਸਾਫ਼-ਸਫ਼ਾਈ ਵੀ ਕਰੇਗਾ। ਸਾਰੇ ਜਾਨਵਰ ਰਾਜ਼ੀ ਹੋ ਗਏ। ਖ਼ਰਗੋਸ਼ ਨੂੰ ਆਪਣੀ ਰਫ਼ਤਾਰ ਦਾ ਬਹੁਤ ਘੁਮੰਡ ਸੀ। ਸਾਰੇ ਜਾਨਵਰ ਜਲਦੀ ਸੌਣ ਦੀ ਤਿਆਰੀ ਕਰਨ ਲੱਗੇ ਕਿਉਂਕਿ ਜਲਦੀ ਸੌਣਗੇ ਤਾਂ ਹੀ ਜਲਦੀ ਉੱਠਣਗੇ। ਕੱਛੂ ਨੇ ਦੇਖਿਆ ਕਿ ਖ਼ਰਗੋਸ਼ ਮੋਬਾਈਲ ਦੇਖ ਰਿਹਾ ਸੀ। ਉਸ ਨੇ ਖ਼ਰਗੋਸ਼ ਨੂੰ ਕਿਹਾ, “ਤੂੰ ਜਲਦੀ ਸੌਂ ਜਾ। ਨਹੀਂ ਤਾਂ ਸਵੇਰੇ ਪਿਕਨਿਕ ਲਈ ਨਹੀਂ ਜਾ ਸਕੇਗਾ।” ਪਰ ਖ਼ਰਗੋਸ਼ ਨੇ ਉਸ ਨੂੰ ਉਲਟਾ ਜਵਾਬ ਦਿੰਦੇ ਹੋਏ ਕਿਹਾ, “ਤੂੰ ਆਪਣੀ ਰਫ਼ਤਾਰ ਦੀ ਫ਼ਿਕਰ ਕਰ। ਸਵੇਰੇ-ਸਵੇਰੇ ਪਿਕਨਿਕ ਲਈ ਜਿਸ ਥਾਂ ਇਕੱਠੇ ਹੋਣਾ ਹੈ, ਤੈਨੂੰ ਤਾਂ ਉੱਥੇ ਪਹੁੰਚਦਿਆਂ ਹੀ ਇੱਕ ਘੰਟਾ ਲੱਗ ਜਾਣਾ ਹੈ ਜਦੋਂਕਿ ਮੈਂ ਤਾਂ ਦਸ ਮਿੰਟ ਵਿੱਚ ਹੀ ਪਹੁੰਚ ਜਾਵਾਂਗਾ। ਤੂੰ ਸੌਂ ਜਾ ਜਲਦੀ,” ਇਹ ਕਹਿ ਕੇ ਖ਼ਰਗੋਸ਼ ਦੇਰ ਰਾਤ ਤੱਕ ਮੋਬਾਈਲ ਦੇਖਦਾ ਰਿਹਾ। ਕੱਛੂ ਅਲਾਰਮ ਲਗਾ ਕੇ ਸੌਂ ਗਿਆ। ਸਵੇਰੇ ਚਾਰ ਵਜੇ ਅਲਾਰਮ ਵੱਜਿਆ ਤਾਂ ਉਸ ਨੇ ਇੱਕ ਵਾਰ ਫਿਰ ਖ਼ਰਗੋਸ਼ ਨੂੰ ਉਠਾਇਆ ਕਿ ਚਾਰ ਵੱਜ ਗਏ ਹਨ, ਉੱਠ ਕੇ ਤਿਆਰ ਹੋ ਜਾਵੇ।

ਖ਼ਰਗੋਸ਼ ਨੇ ਆਪਣੀ ਰਫ਼ਤਾਰ ਦਾ ਘੁਮੰਡ ਕਰਦੇ ਹੋਏ ਕੱਛੂ ਨੂੰ ਗੁੱਸੇ ਨਾਲ ਕਿਹਾ, “ਮੈਨੂੰ ਤੰਗ ਨਾ ਕਰ। ਤੂੰ ਤਿਆਰ ਹੋ ਤੇ ਜਾ। ਮੈਂ ਅਜੇ ਹੋਰ ਸੌਂ ਕੇ ਵੀ ਤੇਰੇ ਨਾਲੋਂ ਪਹਿਲਾਂ ਪਹੁੰਚ ਜਾਵਾਂਗਾ।” ਫਿਰ ਕੱਛੂ ਨਹਾ-ਧੋ ਕੇ ਤਿਆਰ ਹੋਇਆ ਤੇ ਜ਼ਰੂਰਤ ਦਾ ਸਾਮਾਨ ਨਾਲ ਲੈ ਕੇ ਤੁਰ ਪਿਆ। ਉਹ ਸਮੇਂ ਤੋਂ ਦਸ ਕੁ ਮਿੰਟ ਪਹਿਲਾਂ ਹੀ ਉਸ ਜਗ੍ਹਾ ਪਹੁੰਚ ਗਿਆ ਜਿੱਥੇ ਸਭ ਨੇ ਇਕੱਠੇ ਹੋਣਾ ਸੀ। ਖ਼ਰਗੋਸ਼ ਬਹੁਤ ਦੇਰ ਨਾਲ ਉੱਠਿਆ ਤੇ ਜਦ ਤਿਆਰ ਹੋ ਕੇ ਪਹੁੰਚਿਆ ਤਾਂ ਸਾਰੇ ਉੱਥੋਂ ਜਾ ਚੁੱਕੇ ਸਨ। ਹੁਣ ਉਹ ਪਛਤਾਅ ਰਿਹਾ ਸੀ ਕਿ ਉਹ ਦੇਰ ਰਾਤ ਤੱਕ ਮੋਬਾਈਲ ਕਿਉਂ ਦੇਖਦਾ ਰਿਹਾ ਅਤੇ ਕੱਛੂ ਦੇ ਜਗਾਉਣ ’ਤੇ ਵੀ ਕਿਉਂ ਨਾ ਜਾਗਿਆ।

# ਮੇਰੀ ਕਲਮ

## ਸਲਾਮ

ਕਮਲ ਬਠਿੰਡਾ

ਸੱਯਦ ਆਦਿਲ ਹੁਸੈਨ ਸ਼ਾਹ ਤੈਨੂੰ,
ਸਲਾਮ ! ਸਲਾਮ ! ਸਲਾਮ !
ਸੱਯਦ ਆਦਿਲ ਹੁਸੈਨ ਸ਼ਾਹਾ,
ਤੂੰ ਪੁੱਤਰ ਧਰਤੀ ਮਾਂ ਦਾ ਜਾਇਆ,
ਤੂੰ ਬਣਿਆ ਆਪਣੇ ਲੋਕਾਂ ਦਾ ਸਾਇਆ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ,
ਤੂੰ ਸੱਚ ਕਰ ਦਿਖਾਇਆ,
ਹੈ ਸਾਨੂੰ ਤੇਰੇ 'ਤੇ ਵੱਡਾ ਮਾਣ,
ਤੇਰੇ ਜਜ਼ਬੇ ਨੂੰ ਸਾਡਾ ਸਲਾਮ !
ਜੰਨਤ ਨੂੰ ਜਹੰਨਮ ਬਣਾਉਣ ਵਾਲੇ,
ਫਿਜ਼ਾ 'ਚ ਦਹਿਸ਼ਤ ਫੈਲਾਉਣ ਵਾਲੇ,
ਤੇਰੇ ਅੱਗੇ ਅੱਜ ਬੌਣੇ ਹੋਏ,
ਤੇ ਤੇਰੀ ਕਿੱਡੀ ਉੱਚੀ ਸ਼ਾਨ,
ਵਾਹ ! ਜੁਆਨਾ, ਤੇਰੀ ਜੁਰਅੱਤ ਨੂੰ ਸਲਾਮ !
ਹਾਕਮਾਂ ਨੇ ਨਹੀਂ ਕੱਢਣਾ ਸ਼ਾਇਦ,
ਕਦੇ ਇਸ ਮਸਲੇ ਦਾ ਹੱਲ,
ਇਨ੍ਹਾਂ ਤਖ਼ਤ ਸਲਾਮਤ ਰੱਖਣੇ,
ਸਾਨੂੰ ਝੋਕੀ ਜਾਣਾ ਵਿੱਚ ਅੱਗ,
ਉਸੇ ਅੱਗ ਨੇ ਤੈਨੂੰ ਵੀ,
ਕਰ ਹੀ ਦਿੱਤਾ ਖ਼ਾਕ,
ਪਰ ਹਰ ਜਿਉਂਦੀ ਜ਼ਮੀਰ 'ਤੇ,
ਤੂੰ ਡੂੰਘੀ ਛੱਡ ਗਿਆ ਛਾਪ,
ਤੂੰ ਜਿੰਦ ਪਿਆਰੀ ਆਪਣੀ,
ਵਾਰੀ ਮਨੁੱਖਤਾ ਦੇ ਨਾਮ,
ਕੁੱਲ ਲੋਕਾਈ ਤੈਨੂੰ ਕਰ ਰਹੀ,
ਸੱਚੇ ਦਿਲੋਂ ਸਲਾਮ !
ਦਹਿਸ਼ਤੀਆਂ ਨਾਲ ਭਿੜਨ ਦਾ,
ਤੂੰ ਜੋ ਅਪਣਾਇਆ ਢੰਗ,
ਤੱਕ ਕੇ ਤੇਰਾ ਹੌਸਲਾ,
ਸੱਭੇ ਰਹਿ ਗਏ ਦੰਗ,
ਮਿੱਟੀ ਵਿੱਚ ਮਿਲ ਜਾਵਣੇ,
ਇਹ ਜੋ ਕਾਗਜ਼ੀ ਸ਼ੇਰ,
ਚਾਨਣ ਕਦੇ ਨਾ ਹਰਦਾ,
ਜਿਨ੍ਹਾਂ ਮਰਜ਼ੀ ਹੋਵੇ ਅੰਧੇਰ,
ਤੂੰ ਚਾਨਣ ਦੀ ਛਿੱਟ ਵੰਡ ਗਿਆ,
ਸਭ ਜ਼ੁਬਾਨਾਂ 'ਤੇ ਤੇਰਾ ਨਾਮ,
ਬੱਲੇ ਓ ਮਾਂ ਦੇ ਸ਼ੇਰ ਪੁੱਤਾ,
ਤੈਨੂੰ ਝੁਕ ਝੁਕ ਕਰੀਏ ਸਲਾਮ
ਤੈਨੂੰ ਕੋਟਿ ਕੋਟਿ ਪ੍ਰਣਾਮ !

## ਜ਼ੁਲਮ-ਏ-ਪਹਿਲਗਾਮ

ਐਡਵੋਕੇਟ
ਰਵਿੰਦਰ ਸਿੰਘ
ਧਾਲੀਵਾਲ



ਪਹਿਲਗਾਮ ਵਿੱਚ ਵਰਤਾ ਕੇ ਭਾਣਾ
ਕੁੱਲ ਜਹਾਨ ਦਹਿਲਾ ਦਿੱਤਾ
ਸੈਲਾਨੀਆਂ ਉੱਪਰ ਅੰਨ੍ਹੇਵਾਹ ਗੋਲੀ
ਸਵਰਗ ਨੂੰ ਨਰਕ ਬਣਾ ਦਿੱਤਾ
ਰੋਜ਼ੀ ਰੋਟੀ ਦਾ ਇਹ ਵਸੀਲਾ
ਉਨ੍ਹਾਂ ਨੂੰ ਵੱਡੇ ਦੁੱਖ ਤੋਂ ਘੱਟ ਨਹੀਂ
ਤੇ ਸੁਹਾਗਣ ਦੀਆਂ ਖ਼ੁਸ਼ੀਆਂ ਦਾ
ਜ਼ਾਲਮੋ ਸਿਵਾ ਜਲਾ ਦਿੱਤਾ
ਜੰਨਤ ਨੂੰ ਨਰਕ ਬਣਾ ਦਿੱਤਾ
ਸਕੂਨ ਵਿੱਚ ਬੇਫ਼ਿਕਰੇ ਘੁੰਮਦੇ
ਜਿਵੇਂ ਪੰਛੀ ਅੰਬਰੀਂ ਲਾਉਣ ਉਡਾਰੀ
ਬੇਦੋਸ਼ਿਆਂ 'ਤੇ ਜ਼ੁਲਮ ਕਮਾ ਦਿੱਤਾ
ਸੁਰਗ ਨੂੰ ਨਰਕ ਬਣਾ ਦਿੱਤਾ
ਉੱਜੜ ਗਏ ਨੇ ਘਰ ਕਈਆਂ ਦੇ
ਮੁੜ ਵਸਣੇ ਦੀ ਆਸ ਨਾ ਕੋਈ
ਨੇਤਾਵਾਂ ਨੇ ਬਸ ਦੁੱਖ ਪ੍ਰਗਟਾ ਦਿੱਤਾ
ਘਾਟੀ ਨੂੰ ਨਰਕ ਬਣਾ ਦਿੱਤਾ
ਧਾਲੀਵਾਲ ਇਹ ਖੇਡ ਮੌਤ ਦੀ
ਸੰਨ ਸੰਤਾਲੀ ਤੋਂ ਰੁਕੀ ਨਹੀਂ
ਫਿਰ ਵੀ ਕੋਈ ਕੋਈ ਬੁਲੰਦ ਆਵਾਜ਼
ਜ਼ੁਲਮਾਂ ਮੂਹਰੇ ਝੁਕੀ ਨਹੀਂ
ਪਰ ਪਤਾ ਨਹੀਂ ਕਿਸ ਨੇ ਜੰਗਾਂ ਖ਼ਾਤਰ
ਕਸ਼ਮੀਰ ਨੂੰ ਨਰਕ ਬਣਾ ਦਿੱਤਾ.......

## ਧਰਮ ਇਨਸਾਨੀਅਤ

ਕਰਮਜੀਤ ਕੌਰ ਬੁਗਰਾ

ਕੀ ਹਿੰਦੂ ਕੀ ਮੁਸਲਮਾਨ ਕੀ ਸਿੱਖ ਇਸਾਈ।
ਸਾਰੇ ਧਰਮਾਂ 'ਚ ਕੁਝ ਬਣ ਬੈਠੇ ਨੇ ਕਸਾਈ।
ਕਿਹੜਾ ਗ੍ਰੰਥ ਕਹਿੰਦਾ ਹੈ ਮਜ਼ਹਬ ਦੇ ਨਾਂ 'ਤੇ ਲੜੋ।
ਖ਼ੂਨ ਖ਼ਰਾਬਾ ਦੂਜਿਆਂ ਦਾ ਤੁਸੀਂ ਸ਼ਰ੍ਹੇਆਮ ਕਰੋ।
ਕੀ ਹੈ ਧਰਮ 'ਚ ਜਿਹੜਾ ਤੁਸੀਂ ਵੰਡਾਉਣਾ ਹੈ।
ਖੇਡ ਹੋਲੀ ਖ਼ੂਨ ਦੀ ਕਿਹੜਾ ਰੱਬ ਮਨਾਉਣਾ ਹੈ।
ਕੀ ਮਿਲਦਾ ਹੈ ਕਿਸੇ ਨੂੰ ਦੂਜੇ ਦਾ ਘਰ ਉਜਾੜ ਕੇ।
ਅੱਲ੍ਹਾ ਵਾਹਿਗੁਰੂ ਰਾਮ ਦੇ ਧੀਆਂ ਪੁੱਤਰ ਮਾਰ ਕੇ।
ਕਿਹੜਾ ਧਰਮ ਸਿਖਾਉਂਦਾ ਹੈ ਆਪਸ ਵਿੱਚ ਲੜਨਾ।
ਕਿਹੜੇ ਗ੍ਰੰਥ ਵਿੱਚ ਲਿਖਿਆ ਮਾਰਨਾ ਤੇ ਮਰਨਾ।
ਐ ਹਾਕਮੋਂ ਲਾਸ਼ਾਂ ਦੇ ਨਾਲ ਕੁਰਸੀ ਨਾ ਸਜਾਓ।
ਹਾੜ੍ਹਾ ! ਧਰਮ ਦੇ ਨਾਂ 'ਤੇ ਰਾਜਨੀਤੀ ਨਾ ਚਲਾਓ।
ਆਓ ਫੜੋ ਪੱਲਾ ਇਨਸਾਨੀਅਤ ਦੇ ਧਰਮ ਦਾ।
ਜੇ ਪਾਉਣਾ ਚਾਹੁੰਦੇ ਓ ਫਲ ਕਿਸੇ ਕਰਮ ਦਾ।

## ਫ਼ਰਕ

ਜਸਵੰਤ ਗਿੱਲ ਸਮਾਲਸਰ



ਕੋਠੀ ਦੀ ਤੀਜੀ ਮੰਜ਼ਿਲ ਦੇ
ਆਪਣੇ ਕਮਰੇ ਦੀ
ਖਿੜਕੀ ਖੋਲ੍ਹ
ਕਣੀਆਂ ਨਾਲ ਸ਼ਰਾਰਤਾਂ ਕਰਦੀ
ਸ਼ਹਿਰ ਦੀ ਸੋਹਣੀ ਕੁੜੀ
ਕਦੇ ਹੱਥਾਂ ਨਾਲ
ਮੀਂਹ ਦਾ ਪਾਣੀ ਉਛਾਲਦੀ
ਕਦੇ ਚਿਹਰਾ ਬਾਹਰ ਕੱਢ
ਮਸਤੀ ਕਰਦੀ
ਤੇ ਕਦੇ ਬੁੱਕ ਵਿੱਚ
ਕਣੀਆਂ ਨੂੰ ਇਕੱਠਾ ਕਰ
ਆਪਣੇ ਗੋਰੇ ਮੁੱਖ 'ਤੇ ਮਾਰਦੀ
ਖਿੜ-ਖਿੜ ਹੱਸਦੀ
ਉਸ ਲਈ ਬਾਰਿਸ਼
ਮੌਜ ਮਸਤੀ ਦਾ ਸਾਧਨ ਹੈ
ਆਨੰਦ ਦੇ ਰਹੀਆਂ ਕਣੀਆਂ
ਚਿਹਰੇ 'ਤੇ ਵੱਜਦੀਆਂ
ਜਦ ਬੁੱਲ੍ਹਾਂ ਨੂੰ ਛੂਹ ਕੇ
ਲੰਮੀ ਗਰਦਨ ਤੱਕ ਪਹੁੰਚਦੀਆਂ
ਤਾਂ ਦਿਲ ਮੋਰ ਵਾਂਗ ਨੱਚ ਉੱਠਦਾ ਹੈ
ਇਹ ਖੇਡ ਖੇਡਦੀ
ਉਹ ਨੀਲੇ ਚਿੱਟੇ ਰੱਬ ਨੂੰ ਹਾਕਾਂ ਮਾਰਦੀ
ਹੋਰ ਬਾਰਿਸ਼ ਪਾਉਣ ਲਈ ਕਹਿੰਦੀ
ਜ਼ੋਰ ਦੀ ਵਰ੍ਹਨ ਲਈ
ਜ਼ੋਰ ਲਾ ਕੇ ਰੌਲਾ ਪਾਉਂਦੀ
ਉਹ ਅਣਜਾਣ ਹੈ
ਕਿ ਉਸ ਦੇ ਘਰ ਤੋਂ ਕਿਧਰੇ ਦੂਰ
ਕੋਈ ਕਿਰਤੀ ਕਿਸਾਨ
ਰਾਤਾਂ ਨੂੰ ਪਹਿਰਾ ਦੇ ਕੇ
ਜੇਠ ਹਾੜ੍ਹ ਦੀਆਂ ਧੁੱਪਾਂ ਸਹਿ ਕੇ
ਜਵਾਨ ਕੀਤੀ ਫ਼ਸਲ 'ਤੇ
ਕਣੀਆਂ ਦੇ ਕੀਤੇ ਜ਼ਖ਼ਮ
ਪਲੋਸਦਾ ਹੋਇਆ ਰੋ ਰਿਹਾ ਹੈ
ਤੇ ਭਾਰ ਕਹਿਰਾਂ ਦਾ ਢੋਹ ਰਿਹਾ ਹੈ
ਇੱਥੇ ਹੀ ਕੋਈ ਗ਼ਰੀਬ
ਆਪਣੇ ਢਹਿ ਰਹੇ
ਕੋਠੇ ਦੀ ਛੱਤ ਨੂੰ ਦੇਖ
ਭੁੱਬਾਂ ਮਾਰ ਅੰਦਰੋਂ ਅੰਦਰੀ
ਹੰਝੂ ਵਹਾਅ ਰਿਹਾ ਹੈ
ਉਸ ਨੇ ਜਵਾਨ ਧੀ ਦੇ ਵਿਆਹ
ਛੋਟੇ ਬੱਚਿਆਂ ਦੀ ਪੜ੍ਹਾਈ
ਤੇ ਮੁੜ ਛੱਤ ਪਾਉਣ ਲਈ
ਵਰ੍ਹਦੇ ਮੀਂਹ ਵਿੱਚ
ਕਰ ਲਿਆ ਹੈ ਫ਼ੈਸਲਾ
ਇੱਕ ਸੀਰ ਹੋਰ ਲਾਉਣ ਦਾ......
ਪਤਨੀ ਰੱਬ ਨੂੰ ਗਾਲ੍ਹਾਂ ਕੱਢ ਰਹੀ ਹੈ
ਉਧਰ ਕੁੜੀ ਨੇ 'ਥੈਂਕ ਗੌਡ' ਕਹਿ
ਖਿੜਕੀ ਬੰਦ ਕਰ ਦਿੱਤੀ.......।

## ਗ਼ਜ਼ਲ

ਅਮਰਪ੍ਰੀਤ ਸਿੰਘ ਝੀਤਾ

ਧਰਤੀ ਦੇ ਸੁਰਗ 'ਚ ਇਹ ਕੈਸਾ ਮੰਜ਼ਰ ਛਾਇਆ।
ਨਫ਼ਰਤ ਵੰਡਣ ਵਾਲਿਆਂ ਖ਼ੂਨੀ ਖੇਲ ਰਚਾਇਆ।
ਨਾਮ, ਧਰਮ ਦਾ ਪੁੱਛ ਕੇ ਮਾਰਨ ਪਾਪੀ ਗੋਲੀ,
ਨਫ਼ਰਤ ਨੇ ਮਾਨਵਤਾ ਦਾ ਹੈ ਕਤਲ ਕਰਾਇਆ।
ਵੈਣ ਸਜਵਿਆਹੀ ਦੇ ਸੁਣ ਅੰਬਰ ਵੀ ਰੋਇਆ,
ਕਿਸ ਗੱਲ ਕਰਕੇ ਮੇਰਾ ਮਾਹੀ ਮਾਰ ਮੁਕਾਇਆ ?
ਰਾਮ ਰਹੀਮ ਗਏ ਮਾਰੇ ਵਿੱਚ ਇਸ ਖ਼ੂਨ ਖ਼ਰਾਬੇ,
ਆਦਿਲ ਸੀ ਜਾਂ ਦੀਪਕ ਕੋਈ ਨਾ ਬਚ ਪਾਇਆ।
ਦਹਿਸ਼ਤ ਦਾ ਮਾਹੌਲ ਕਿਉਂ ਦਿਸ ਰਿਹਾ ਹਰ ਪਾਸੇ,
ਮੁਲਕ 'ਚ ਚੋਣਾਂ ਦਾ ਫਿਰ ਉਤਸਵ ਤਾਂ ਨ੍ਹੀਂ ਆਇਆ ?
'ਅਮਰ' ਕਿਸੇ ਮਸਲੇ ਦਾ ਹੱਲ ਗੋਲੀ ਨਾ ਹੋਵੇ,
ਨਫ਼ਰਤ ਵਿੱਚ ਹੋ ਅੰਨੇ ਕਾਤੂੰ ਖ਼ੂਨ ਵਹਾਇਆ ?

## ਅਸੀਂ

ਹਰਭਿੰਦਰ ਸਿੰਘ ਸੰਧੂ

ਅਸੀਂ ਤੰਗ ਹੋਏ ਵਿਹੜੇ ਵਿੱਚ ਡਿੱਗੇ ਪੱਤਿਆਂ ਤੋਂ,
ਤਾਹੀਓਂ ਵੇਖਾ ਵੇਖੀ, ਅਸਾਂ ਰੁੱਖ ਘਰਾਂ 'ਚੋਂ ਵੱਢੇ ਨੇ।
ਅਸੀਂ ਭੁੱਲਗੇ ਬੁਰਕੀਆਂ ਸੁੱਟਣੀਆਂ ਛੱਤਾਂ ਦੇ ਉੱਤੇ,
ਹੁਣ ਤਾਹੀਉਂ ਪੰਛੀਆਂ ਨੇ ਸਾਡੇ ਘਰ ਛੱਡੇ ਨੇ।
ਜਿਸ ਘਰ ਨਾ ਏ.ਸੀ. ਉਸ ਦਾ ਮਜ਼ਾਕ ਉਡਾਉਂਦੇ ਹਾਂ,
ਅਸੀਂ ਫੁਕਰਪੁਣੇ ਵਿੱਚ ਰੁਤਬੇ ਕੀਤੇ ਵੱਡੇ ਨੇ।
ਹੁਣ ਚੱਲਣ ਲੱਗ ਪਏ ਸਰੀਰ ਨਾਲ ਦਵਾਈਆਂ ਦੇ,
ਅਸੀਂ ਹਾਲੇ ਵੀ ਨਾ ਧੌਣਾਂ 'ਚੋਂ ਕਿੱਲੇ ਕੱਢੇ ਨੇ।
ਜੇ ਹਾਲੇ ਵੀ ਨਾ ਸੰਧੂਆਂ ਸਾਨੂੰ ਇਹ ਸਮਝ ਆਈ,
ਫਿਰ ਕੀਹਨੂੰ ਗੁਆਚੇ ਲਾਲ ਮਿੱਟੀ 'ਚੋਂ ਲੱਭੇ ਨੇ ?

## ਗਠੜੀ ਸੰਭਾਲ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,
ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।
ਕੁੰਡੀ ਚੁੱਕੀ ਫਿਰਦੇ, ਚੌਗਿਰਦੇ ਉਹ ਸਾਰੇ ਤੇਰੇ,
ਹਰ ਦਮ ਲੱਭਦੇ ਨੇ, ਮੌਕਿਆਂ ਦੀ ਭਾਲ ਬਈ।
ਅੱਖ ਮਟਕਾਵੇ ਕੋਈ, ਡੋਰੇ ਵਾਰ ਵਾਰ ਸੁੱਟੇ,
ਚੱਲਣ ਉਹ ਹਰ ਵੇਲੇ, ਵਿੰਗੀ ਟੇਢੀ ਚਾਲ ਬਈ।
ਮੋਮੋਠੱਗ ਹਰ ਵੇਲੇ, ਲੱਭਦੇ ਨੇ ਊਂਧਿਆਂ ਨੂੰ,
ਦਿਨ ਰਾਤ ਉਹ ਨੇ ਸਾਰੇ, ਪਾਂਵਦੇ ਭੁਚਾਲ਼ ਬਈ।
ਚਤਰ ਤੂੰ ਭਾਵੇਂ ਬਣ, ਲੱਖ 'ਤੇ ਕਰੋੜ ਵਾਰੀ,
ਟੱਪਣ ਨਾ ਦੇਣਗੇ, ਤੈਨੂੰ ਕੋਈ ਖਾਲ਼ ਬਈ।
ਈਮੇਲਾਂ, ਟੈਕਸਟਾਂ, ਟਿਕ ਟੌਕ, ਫੇਸ ਬੁੱਕਾਂ,
ਵਟਸਐਪ, ਫ਼ੋਨਾਂ ਉੱਤੇ, ਬੁਣਦੇ ਨੇ ਜਾਲ਼ ਬਈ।
ਮਖੌਟਿਆਂ ਦੇ ਪਿੱਛੇ ਅੱਜ, ਲੁਕੇ ਹੋਏ ਭੇੜੀਏ,
ਪੁੱਠੇ ਸਿੱਧੇ ਪੁੱਛਣਗੇ, ਤੈਨੂੰ ਉਹ ਸਵਾਲ ਬਈ।
ਨਜ਼ਾਰੇ ਸਬਜ਼ ਬਾਗਾਂ ਵਾਲੇ, ਪਰੋਸਣਗੇ ਤੇਰੇ ਅੱਗੇ,
ਖੋਹਣਗੇ ਉਹ ਤੇਰੇ ਹੱਥੋਂ, ਆਖਰੀ ਨਿਵਾਲ ਬਈ।
ਬਚਣ ਦਾ ਤੇਰਾ ਕੋਈ, ਚਾਰਾ ਨਾ ਉਹ ਛੱਡਣਗੇ,
ਰੱਖ ਭਾਵੇਂ ਜਿੰਨਾ ਵੀ ਤੂੰ, ਆਪਣਾ ਖਿਆਲ ਬਈ।
ਮੁੰਨਣਗੇ ਤੈਨੂੰ ਸਾਰੇ, ਚੰਗੀ ਭਾਰੀ ਭੇਡ ਵਾਂਗੂੰ,
ਛੱਡਣਗੇ ਤੇਰੇ ਉੱਤੇ, ਕੋਈ ਨਾ ਉਹ ਵਾਲ ਬਈ।
ਬਚ ਲੈ ਜੇ ਬਚ ਹੁੰਦਾ, ਤੇਰੇ ਕੋਲੋਂ ਮਿੱਤਰਾ ਉਏ,
ਨਹੀਂ ਤੇ ਬਿਤਾਂਵੇਂਗਾ, ਮੰਦੜੇ ਤੂੰ ਹਾਲ ਬਈ।
ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,
ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।

## ਗ਼ਜ਼ਲ

ਬਲਵਿੰਦਰ ਬਾਲਮ

ਆਪੇ ਰੁਸਦੇ ਆਪੇ ਮੰਨਦੇ ਆਪੇ ਦੇਣ ਦਿਲਾਸੇ।
ਕਿੰਨਾ ਕੁ ਚਿਰ ਰਹਿ ਸਕਦੇ ਨੇ ਪਾਣੀ ਵਿੱਚ ਪਤਾਸੇ।
ਲੱਖਾਂ ਹੀ ਸਤਰੰਗੀਆਂ ਪੀਂਘਾਂ ਅੰਬਰ ਦੇ ਵਿੱਚ ਪਈਆਂ,
ਨਿੱਕੀ ਨਿੱਕੀ ਬਾਰਿਸ਼ ਦੇ ਵਿੱਚ ਘੁਲ ਗਏ ਤੇਰੇ ਹਾਸੇ।
ਮੰਗਣ ਦੀ ਮਰਿਆਦਾ ਦਾ ਵੀ ਨਿਯਮ ਬਣਾ ਕੇ ਰੱਖੀਂ,
ਉਧਾਰ ਕਿਸੇ ਤੋਂ ਮੰਗੀਦੇ ਨਈਂ ਟੁੱਟੇ ਹੋਏ ਕਾਸੇ।
ਉਸ ਦੇ ਚੱਜ ਆਚਾਰ 'ਚ ਚੜ੍ਹਦੇ ਸੂਰਜ ਚੰਨ ਸਿਤਾਰੇ,
ਜਿਹੜਾ ਬੰਦਾ ਸੱਚੇ ਦਿਲ ਤੋਂ ਖੜ੍ਹ ਜਾਂਦਾ ਇੱਕ ਪਾਸੇ।
ਮੁੰਦਰੀ ਦੇ ਨਗ ਵਾਂਗੂੰ ਸਾਡੇ ਕੋਲ ਕਦੀ ਸੀ ਰਹਿੰਦਾ,
ਕਿੱਥੇ ਅੱਜਕੱਲ੍ਹ ਰਹਿੰਦਾ ਏਂ ਤੂੰ ਕਿੱਥੇ ਤੇਰੇ ਵਾਸੇ।
ਰਿਸ਼ਤੇਦਾਰੀ ਸੱਜਣਤਾਈ ਸੁਖ ਵਿੱਚ ਸਾਥ ਨਿਭਾਉਂਦੇ,
ਅਪਣੇ ਘਰ ਦੇ ਜੀਆਂ ਬਾਝੋਂ ਦਿੰਦਾ ਕੌਣ ਦਿਲਾਸੇ।
ਖਵਰੇ ਕਿੱਥੇ ਜਾ ਬੈਠਾ ਏਂ ਡੁੱਬੇ ਸੂਰਜ ਵਾਂਗੂੰ,
ਦੀਦ ਤਿਰੀ ਲਈ ਇਕ ਮੁੱਦਤ ਤੋਂ ਸਾਡੇ ਨੈਣ ਪਿਆਸੇ।
ਮਾਰੂਥਲ ਦੀ ਨੀਅਤ ਦੇ ਵਿੱਚ ਕੋਈ ਨਾ ਹੋਈ ਤਬਦੀਲੀ,
ਸ਼ਾਇਦ ਕੋਈ ਫੁੱਲ ਖਿੜ ਜਾਏ ਲਾਏ ਰੋਜ਼ ਕਿਆਸੇ।
ਮਾਝੀ ਨਾਲੋਂ ਕਿਧਰੇ ਚੰਗੇ ਸਾਹਿਲ ਤੱਕ ਪਹੁੰਚਾਇਆ,
ਬੇੜੀ ਆਪਾਂ ਠੇਲੀ ਸੀ ਤੂਫ਼ਾਨਾਂ ਦੇ ਭਰਵਾਸੇ।
ਜਦ ਵੀ ਪੱਤੇ ਸੁੱਕੇ ਇਨ੍ਹਾਂ ਪਾਸਾ ਝੱਟ ਵੱਟ ਲੈਣਾ,
ਠੰਢੀਆਂ ਛਾਵਾਂ ਦੇ ਤੂੰ ਕਿਧਰੇ ਆ ਨਾ ਜਾਵੀਂ ਝਾਸੇ।
ਸੁਣਿਆ ਹੈ ਅੱਜ ਬਾਰਿਸ਼ ਦੇ ਵਿੱਚ ਰਸਦਾਰ ਮਸਾਲੇ ਡਿਗਣੇਂ,
ਬਾਰਿਸ਼ ਨਾ ਆਵਣ ਦੇ 'ਬਾਲਮ' ਝੂਠੇ ਹੋਣ ਖੁਲਾਸੇ।

# ਪੰਜਾਬ ਕਿੰਗਜ਼ ਅਗਲੇ ਸਾਲ ਸ਼ਾਨਦਾਰ ਵਾਪਸੀ ਕਰੇਗੀ: ਪ੍ਰੀਤੀ ਜ਼ਿੰਟਾ

## ਪੂਰੇ ਸੀਜ਼ਨ ਦੌਰਾਨ ਦਲੇਰੀ ਨਾਲ ਲੜਨ ਅਤੇ ਦ੍ਰਿੜ੍ਹਤਾ ਦਿਖਾਉਣ ਲਈ ਖਿਡਾਰੀਆਂ ਦੀ ਕੀਤੀ ਪ੍ਰਸ਼ੰਸਾ

ਮੁੰਬਈ/ਏ.ਟੀ.ਨਿਊਜ਼: ਆਈ.ਪੀ.ਐਲ. ਫਾਈਨਲ 2025 ਵਿੱਚ ਰਾਇਲ ਚੈਲੇਂਜਰਜ਼ ਬੰਗਲੂਰੂ ਤੋਂ ਪੰਜਾਬ ਕਿੰਗਜ਼ ਦੀ ਹਾਰ ਤੋਂ ਕੁਝ ਦਿਨ ਬਾਅਦ, ਅਦਾਕਾਰਾ ਪ੍ਰੀਤੀ ਜ਼ਿੰਟਾ ਨੇ ਆਪਣੇ ਸ਼ੇਰ ਸਕੁਐਡ ਲਈ ਇੱਕ ਉਤਸ਼ਾਹਜਨਕ ਸੰਦੇਸ਼ ਲਿਖਿਆ ਹੈ। ਪ੍ਰੀਤੀ ਨੇ ਪੂਰੇ ਸੀਜ਼ਨ ਦੌਰਾਨ ਦਲੇਰੀ ਨਾਲ ਲੜਨ ਅਤੇ ਦ੍ਰਿੜ੍ਹਤਾ ਦਿਖਾਉਣ ਲਈ ਖਿਡਾਰੀਆਂ ਦੀ ਪ੍ਰਸ਼ੰਸਾ ਕੀਤੀ।

ਉਸ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ: ਇਹ (ਸੀਜ਼ਨ) ਉਸ ਤਰੀਕੇ ਨਾਲ ਖਤਮ ਨਹੀਂ ਹੋਇਆ ਜਿਵੇਂ ਅਸੀਂ ਚਾਹੁੰਦੇ ਸਾਂ ਪਰ......ਸਫਰ ਸ਼ਾਨਦਾਰ ਸੀ! ਇਹ ਰੋਮਾਂਚਕ, ਮਨੋਰੰਜਕ ਅਤੇ ਪ੍ਰੇਰਨਾਦਾਇਕ ਸੀ। ਮੈਨੂੰ ਸਾਡੀ ਨੌਜਵਾਨ ਟੀਮ ਦੀ ਲੜਾਈ ਅਤੇ ਹਿੰਮਤ ਬਹੁਤ ਪਸੰਦ ਆਈ, ਸਾਡੇ ਸ਼ੇਰ ਪੂਰੇ ਟੂਰਨਾਮੈਂਟ ਦੌਰਾਨ ਬੱਲੇ-ਬੱਲੇ ਕਰਾਉਂਦੇ ਰਹੇ। ਮੈਨੂੰ ਆਪਣੇ ਕਪਤਾਨ, ਆਪਣੇ ਸਰਪੰਚ ਵੱਲੋਂ ਅੱਗੇ ਹੋ ਕੇ ਅਗਵਾਈ ਕਰਨ ਦਾ ਤਰੀਕਾ ਪਸੰਦ ਆਇਆ ਕਿ ਕਿਵੇਂ ਭਾਰਤੀ ਅਨਕੈਪਡ ਖਿਡਾਰੀਆਂ ਨੇ ਇਸ ਆਈ.ਪੀ.ਐਲ. 'ਤੇ ਦਬਦਬਾ ਬਣਾਇਆ। ਉਸਨੇ ਕਪਤਾਨ ਸ਼ਰੇਅਸ ਅਈਅਰ ਦੀ ਪ੍ਰਸ਼ੰਸਾ ਕਰਦੇ ਹੋਏ ਲਿਖਿਆ, ਜਿਸ ਨੂੰ ਪ੍ਰਸ਼ੰਸਕਾਂ ਵੱਲੋਂ ਪਿਆਰ ਨਾਲ ਸਰਪੰਚ ਸਾਹਿਬ ਕਿਹਾ ਜਾਂਦਾ ਹੈ।



ਪ੍ਰੀਤੀ ਨੇ ਹੋਰ ਕਿਹਾ, 'ਇਹ ਸਾਲ ਵਿਲੱਖਣ ਸੀ। ਅਸੀਂ ਰਿਕਾਰਡ ਤੋੜ ਦਿੱਤੇ ਭਾਵੇਂ ਅਸੀਂ ਸੱਟਾਂ ਅਤੇ ਕੌਮੀ ਡਿਊਟੀ ਕਾਰਨ ਮੁੱਖ ਖਿਡਾਰੀਆਂ ਤੋਂ ਵਾਂਝੇ ਸਾਂ, ਟੂਰਨਾਮੈਂਟ ਵਿੱਚ ਇੱਕ ਵਕਫ਼ੇ ਦਾ ਸਾਹਮਣਾ ਕੀਤਾ, ਘਰੇਲੂ ਮੈਚਾਂ ਨੂੰ ਦੂਜੇ ਰਾਜਾਂ ਵਿੱਚ ਤਬਦੀਲ ਕੀਤਾ ਗਿਆ ਅਤੇ ਇੱਕ ਸਟੇਡੀਅਮ ਖਾਲੀ ਕਰਵਾਇਆ ਗਿਆ! ਅਸੀਂ ਇੱਕ ਦਹਾਕੇ ਬਾਅਦ ਅੰਕ ਸੂਚੀ ਵਿੱਚ ਅਨੁਕੂਲਤਾ ਬਣਾਈ ਅਤੇ ਸਿਖਰ 'ਤੇ ਰਹੇ ਅਤੇ ਇੱਕ ਦਿਲਚਸਪ ਫਾਈਨਲ ਵਿੱਚ ਅੰਤ ਤੱਕ ਲੜੇ।

ਪ੍ਰੀਤੀ ਨੇ ਆਪਣੇ ਪ੍ਰਸ਼ੰਸਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਕਿੰਗਜ਼ ਅਗਲੇ ਸਾਲ ਸ਼ਾਨਦਾਰ ਵਾਪਸੀ ਕਰੇਗੀ। ਉਨ੍ਹਾਂ ਕਿਹਾ, 'ਮੈਨੂੰ ਪੰਜਾਬ ਕਿੰਗਜ਼ ਦੇ ਹਰੇਕ ਖਿਡਾਰੀ 'ਤੇ ਬਹੁਤ ਮਾਣ ਹੈ ਕਿ ਉਨ੍ਹਾਂ ਨੇ ਪੂਰੇ ਟੂਰਨਾਮੈਂਟ ਦੌਰਾਨ ਇੰਨੀ ਵਧੀਆ ਕਾਰਗੁਜ਼ਾਰੀ ਦਿਖਾਈ। ਉਨ੍ਹਾਂ ਸਾਰਿਆਂ ਦਾ, ਸਾਡੇ ਸਪੋਰਟ ਸਟਾਫ ਅਤੇ ਪੰਜਾਬ ਕਿੰਗਜ਼ ਵਿਚਲੇ ਹਰੇਕ ਵਿਅਕਤੀ ਦਾ ਬਹੁਤ-ਬਹੁਤ ਧੰਨਵਾਦ, ਇੱਕ ਸ਼ਾਨਦਾਰ ਸੀਜ਼ਨ ਲਈ। ਸਭ ਤੋਂ ਵੱਧ, ਸਾਡੇ ਸਾਡੇ ਪ੍ਰਸ਼ੰਸਕਾਂ ਦਾ ਦਿਲੋਂ ਧੰਨਵਾਦ ਜੋ ਸਾਡੇ ਨਾਲ ਹਰ ਪਲ ਖੜ੍ਹੇ ਰਹੇ। ਅਸੀਂ ਜੋ ਵੀ ਹਾਂ ਅਤੇ ਅਸੀਂ ਕਿੰਨੀ ਦੂਰ ਪਹੁੰਚੇ ਹਾਂ, ਇਹ ਸਭ ਤੁਹਾਡੇ ਕਾਰਨ ਹੈ। ਮੈਂ ਵਾਅਦਾ ਕਰਦੀ ਹਾਂ ਕਿ ਅਸੀਂ ਕੰਮ ਪੂਰਾ ਕਰਨ ਲਈ ਵਾਪਸ ਆਵਾਂਗੇ ਕਿਉਂਕਿ ਹੁਣ ਤੱਕ ਕੰਮ ਅਜੇ ਅੱਧਾ ਰਹਿ ਗਿਆ ਹੈ। ਅਗਲੇ ਸਾਲ ਸਟੇਡੀਅਮ ਵਿੱਚ ਮਿਲਦੇ ਹਾਂ, ਉਦੋਂ ਤੱਕ ਧਿਆਨ ਰੱਖੋ ਅਤੇ ਸੁੱਖੀ-ਸਾਂਦੀ ਰਹੋ। ਤੁਹਾਨੂੰ ਸਾਰਿਆਂ ਨੂੰ ਪਿਆਰ।'

ਫਾਈਨਲ ਗੇਮ ਨੂੰ ਯਾਦ ਕਰਦੇ ਹੋਏ ਪੰਜਾਬ ਕਿੰਗਜ਼ ਨੇ ਟਾਸ ਜਿੱਤਿਆ ਅਤੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਗ਼ੌਰਤਲਬ ਹੈ ਕਿ ਪ੍ਰੀਤੀ ਜ਼ਿੰਟਾ ਦੀ ਟੀਮ ਪੰਜਾਬ ਕਿੰਗਜ਼ ਫਾਈਨਲ ਮੈਚ ਆਰ.ਸੀ.ਬੀ. ਤੋਂ 6 ਦੌੜਾਂ ਨਾਲ ਹਾਰ ਗਈ ਸੀ।

# ਆਈ.ਪੀ.ਐੱਲ. ਜੇਤੂ ਟੀਮਾਂ 'ਤੇ ਕਰੋੜਾਂ ਰੁਪਏ ਦੇ ਇਨਾਮਾਂ ਦੀ ਬਰਸਾਤ



ਅਹਿਮਦਾਬਾਦ/ਏ.ਟੀ.ਨਿਊਜ਼: ਆਈ.ਪੀ.ਐੱਲ. 2025 ਦੀ ਜੇਤੂ ਟੀਮ ਰੌਇਲ ਚੈਲੇਂਜਰਜ਼ ਬੰਗਲੂਰੂ ਨੂੰ ਟਰਾਫੀ ਨਾਲ ਇਨਾਮੀ ਰਾਸ਼ੀ ਵਜੋਂ 20 ਕਰੋੜ ਰੁਪਏ, ਜਦਕਿ ਉਪ ਜੇਤੂ ਪੰਜਾਬ ਕਿੰਗਜ਼ ਨੂੰ 12.5 ਕਰੋੜ ਰੁਪਏ ਮਿਲੇ ਹਨ। ਬੰਗਲੂਰੂ ਨੇ ਪਿਛਲੇ ਦਿਨੀਂ ਪੰਜਾਬ ਨੂੰ ਛੇ ਦੌੜਾਂ ਨਾਲ ਹਰਾ ਕੇ ਪਹਿਲੀ ਵਾਰ ਆਈ.ਪੀ.ਐੱਲ. ਖਿਤਾਬ ਜਿੱਤਿਆ ਹੈ। ਤੀਜੇ ਸਥਾਨ 'ਤੇ ਰਹੀ ਮੁੰਬਈ ਇੰਡੀਅਨਜ਼ ਨੂੰ 7 ਕਰੋੜ ਰੁਪਏ ਅਤੇ ਚੌਥੇ ਸਥਾਨ 'ਤੇ ਰਹੀ ਗੁਜਰਾਤ ਟਾਈਟਨਜ਼ ਦੀ ਟੀਮ ਨੂੰ 6.5 ਕਰੋੜ ਰੁਪਏ ਇਨਾਮ ਵਜੋਂ ਦਿੱਤੇ ਗਏ ਹਨ। 2008 ਵਿੱਚ ਆਈ.ਪੀ.ਐੱਲ. ਦੇ ਪਹਿਲੇ ਸੀਜ਼ਨ ਵਿੱਚ ਜੇਤੂ ਟੀਮ ਨੂੰ 4.8 ਰੁਪਏ ਅਤੇ ਉਪ ਜੇਤੂ ਟੀਮ ਨੂੰ 2.4 ਕਰੋੜ ਰੁਪਏ ਮਿਲੇ ਸਨ।

ਦਿੱਲੀ ਅਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਨੂੰ ਅਰੁਣ ਜੇਤਲੀ ਸਟੇਡੀਅਮ ਲਈ ਸਭ ਤੋਂ ਵਧੀਆ ਪਿੱਚ ਅਤੇ ਮੈਦਾਨ ਦਾ ਪੁਰਸਕਾਰ ਮਿਲਿਆ ਹੈ। ਉਸ ਨੂੰ ਇਨਾਮ ਵਜੋਂ 50 ਲੱਖ ਰੁਪਏ ਦਿੱਤੇ ਗਏ ਹਨ। ਐਤਕੀਂ ਇਸ ਸਟੇਡੀਅਮ 'ਚ ਸੱਤ ਮੈਚ ਖੇਡੇ ਗਏ ਸਨ। ਡੀ.ਡੀ.ਸੀ.ਏ. ਦੇ ਪ੍ਰਧਾਨ ਰੋਹਨ ਜੇਤਲੀ ਨੇ ਕਿਹਾ, 'ਇਹ ਪੁਰਸਕਾਰ ਸਾਡੇ ਕਿਊਰੇਟਰਾਂ, ਸਟਾਫ ਅਤੇ ਪ੍ਰਬੰਧਕਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਅਸੀਂ ਕ੍ਰਿਕਟ ਬੁਨਿਆਦੀ ਢਾਂਚੇ ਦੇ ਉੱਚ ਮਿਆਰਾਂ ਨੂੰ ਬਣਾਈ ਰੱਖਣ ਲਈ ਕੰਮ ਕਰਨਾ ਜਾਰੀ ਰੱਖਾਂਗੇ।'

ਇਸ ਦੌਰਾਨ ਸਭ ਤੋਂ ਵੱਧ ਦੌੜਾਂ ਬਣਾਉਣ ਲਈ 'ਓਰੇਂਜ ਕੈਪ' ਜੇਤੂ ਸਾਈ ਸੁਦਰਸ਼ਨ ਨੂੰ 10 ਲੱਖ ਰੁਪਏ ਇਨਾਮ ਵਜੋਂ ਮਿਲੇ ਹਨ। ਸੁਦਰਸ਼ਨ ਨੂੰ ਉਭਰਦਾ ਖਿਡਾਰੀ ਵੀ ਚੁਣਿਆ ਗਿਆ, ਜਿਸ ਲਈ ਉਸ ਨੂੰ 1 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ ਹੈ। ਇਸੇ ਤਰ੍ਹਾਂ ਸਭ ਤੋਂ ਵੱਧ ਵਿਕਟਾਂ ਲੈਣ ਲਈ 'ਪਰਪਲ ਕੈਪ' ਜੇਤੂ ਪ੍ਰਸਿੱਧ ਕ੍ਰਿਸ਼ਨਾ ਨੂੰ 10 ਲੱਖ ਰੁਪਏ, 'ਮੋਸਟ ਵੈਲਿਊਏਬਲ ਪਲੇਅਰ' ਸੂਰਿਆਕੁਮਾਰ ਯਾਦਵ ਨੂੰ 15 ਲੱਖ ਰੁਪਏ, 'ਸੁਪਰ ਸਟ੍ਰਾਈਕਰ ਆਫ ਦਿ ਸੀਜ਼ਨ' ਵੈਭਵ ਸੂਰਿਆਵੰਸ਼ੀ ਨੂੰ 10 ਲੱਖ ਰੁਪਏ ਅਤੇ ਟਾਟਾ ਕਰਵ ਕਾਰ, ਸਭ ਤੋਂ ਸ਼ਾਨਦਾਰ ਕੈਚ ਲਈ ਕਮਿੰਡੂ ਮੈਂਡਿਸ ਨੂੰ 10 ਲੱਖ ਰੁਪਏ, ਸਭ ਤੋਂ ਵੱਧ ਡੌਟ ਗੇਂਦਾਂ ਲਈ ਮੁਹੰਮਦ ਸਿਰਾਜ ਨੂੰ 10 ਲੱਖ ਰੁਪਏ, ਸਭ ਤੋਂ ਵੱਧ ਛੱਕੇ ਮਾਰਨ ਲਈ ਨਿਕੋਲਸ ਪੂਰਨ ਨੂੰ 10 ਲੱਖ ਰੁਪਏ, ਸਭ ਤੋਂ ਵੱਧ ਚੌਕੇ ਮਾਰਨ ਲਈ ਸਾਈ ਸੁਦਰਸ਼ਨ ਨੂੰ 10 ਲੱਖ ਰੁਪਏ ਅਤੇ ਫੇਅਰਪਲੇਅ ਐਵਾਰਡ ਲਈ ਚੇਨੱਈ ਸੁਪਰਕਿੰਗਜ਼ ਦੀ ਟੀਮ ਨੂੰ 10 ਲੱਖ ਰੁਪਏ ਇਨਾਮ ਵਜੋਂ ਦਿੱਤੇ ਗਏ ਹਨ।

# ਫਰੈਂਚ ਓਪਨ: ਇਰਾਨੀ ਤੇ ਪਾਓਲਿਨੀ ਨੇ ਮਹਿਲਾ ਡਬਲਜ਼ ਖ਼ਿਤਾਬ ਜਿੱਤਿਆ

## ਉਲੰਪਿਕ 'ਚ ਵੀ ਸੋਨ ਤ.ਗਮਾ ਜਿੱਤ ਚੁੱਕੀ ਹੈ ਇਟਲੀ ਦੀ ਟੈਨਿਸ ਜੋੜੀ



ਪੈਰਿਸ/ਏ.ਟੀ.ਨਿਊਜ਼: ਉਲੰਪਿਕ ਖੇਡਾਂ ਵਿੱਚ ਸੋਨ ਤ.ਗਮਾ ਜੇਤੂ ਇਟਲੀ ਦੀ ਟੈਨਿਸ ਜੋੜੀ ਸਾਰਾ ਇਰਾਨੀ ਅਤੇ ਜੈਸਮੀਨ ਪਾਓਲਿਨੀ ਨੇ ਆਪਣਾ ਪਹਿਲਾ ਫਰੈਂਚ ਓਪਨ ਮਹਿਲਾ ਡਬਲਜ਼ ਖਿਤਾਬ ਜਿੱਤਿਆ, ਜਦਕਿ ਮਾਰਸੇਲ ਗ੍ਰੈਨੋਲਰਜ਼ ਅਤੇ ਹੋਰਾਸੀਓ ਜ਼ੇਬਾਲੋਸ ਦੀ ਜੋੜੀ ਪੁਰਸ਼ ਡਬਲਜ਼ ਵਿੱਚ ਚੈਂਪੀਅਨ ਬਣ ਗਈ ਹੈ। ਪਿਛਲੇ ਸਾਲ ਉਪ ਜੇਤੂ ਰਹੀ ਇਰਾਨੀ ਤੇ ਪਾਓਲਿਨੀ ਦੀ ਜੋੜੀ ਨੇ ਐਨਾ ਡੈਨੀਲਿਨਾ ਅਤੇ ਅਲੈਗਜ਼ੈਂਡਰਾ ਕਰੂਨਿਕ ਨੂੰ 6-4, 2-6, 6-1 ਨਾਲ ਹਰਾਇਆ। ਇਤਾਲਵੀ ਜੋੜੀ ਨੇ ਪਿਛਲੇ ਸਾਲ ਇਸੇ ਸਥਾਨ 'ਤੇ ਓਲੰਪਿਕ ਸੋਨ ਤਗਮਾ ਜਿੱਤਿਆ ਸੀ। ਇਹ ਇਰਾਨੀ ਦਾ ਮਹਿਲਾ ਡਬਲਜ਼ ਵਿੱਚ ਛੇਵਾਂ ਗਰੈਂਡ ਸਲੈਮ ਖਿਤਾਬ ਅਤੇ ਦੂਜਾ ਫਰੈਂਚ ਓਪਨ ਖਿਤਾਬ ਹੈ। ਪਹਿਲਾਂ ਉਸ ਦੀ ਰੌਬਰਟਾ ਵਿੰਚੀ ਨਾਲ ਜੋੜੀ ਬਹੁਤ ਸਫਲ ਰਹੀ ਸੀ। ਦੋਵਾਂ ਨੇ ਯੂ.ਐੱਸ. ਓਪਨ, ਵਿੰਬਲਡਨ ਅਤੇ ਆਸਟਰੇਲੀਅਨ ਓਪਨ ਖਿਤਾਬ ਜਿੱਤੇ ਸਨ। ਇਹ ਫ੍ਰੈਂਚ ਓਪਨ ਵਿੱਚ ਇਸ ਸਾਲ ਇਰਾਨੀ ਦਾ ਦੂਜਾ ਖਿਤਾਬ ਹੈ। ਉਹ ਪਹਿਲਾਂ ਐਂਡਰੀਆ ਵਾਵਾਸੋਰੀ ਨਾਲ ਮਿਕਸਡ ਡਬਲਜ਼ ਖਿਤਾਬ ਵੀ ਜਿੱਤ ਚੁੱਕੀ ਹੈ। ਪੁਰਸ਼ ਡਬਲਜ਼ ਵਿੱਚ ਸਪੇਨ ਦੇ 39 ਸਾਲਾ ਗ੍ਰੈਨੋਲਰਜ਼ ਅਤੇ ਅਰਜਨਟੀਨਾ ਦੇ 40 ਸਾਲਾ ਜ਼ੇਬਾਲੋਸ ਦੀ ਜੋੜੀ ਚੌਥੀ ਵਾਰ ਕਿਸੇ ਗਰੈਂਡ ਸਲੈਮ ਟੂਰਨਾਮੈਂਟ ਦੇ ਫਾਈਨਲ ਵਿੱਚ ਪਹੁੰਚੀ ਅਤੇ ਪਹਿਲੀ ਵਾਰ ਚੈਂਪੀਅਨ ਬਣਨ ਵਿੱਚ ਸਫਲ ਰਹੀ। ਫਰੈਂਚ ਓਪਨ ਵਿੱਚ ਪੰਜਵਾਂ ਦਰਜਾ ਪ੍ਰਾਪਤ ਇਸ ਜੋੜੀ ਨੇ ਫਾਈਨਲ ਵਿੱਚ ਜੋਅ ਸੈਲਿਸਬਰੀ ਅਤੇ ਨੀਲ ਸਕੂਪਸਕੀ ਦੀ ਬਰਤਾਨਵੀ ਜੋੜੀ ਨੂੰ 6-0, 6-7 (5), 7-5 ਨਾਲ ਹਰਾਇਆ। ਗ੍ਰੈਨੋਲਰਜ਼ ਅਤੇ ਜ਼ੇਬਾਲੋਸ 2019 ਯੂਐਸ ਓਪਨ ਅਤੇ 2021 ਤੇ 2023 ਵਿੰਬਲਡਨ ਵਿੱਚ ਉਪ ਜੇਤੂ ਰਹੇ ਸਨ। ਸੈਲਿਸਬਰੀ ਅਤੇ ਸਕੂਪਸਕੀ ਓਪਨ ਯੁਗ ਵਿੱਚ ਗਰੈਂਡ ਸਲੈਮ ਪੁਰਸ਼ ਡਬਲਜ਼ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਬਰਤਾਨਵੀ ਜੋੜੀ ਸੀ।

# ਦੁਨੀਆ ਦੀ ਸਭ ਤੋਂ ਪ੍ਰਸਿੱਧ ਖੇਡ ਹੈ ਫੁੱਟਬਾਲ



ਦੁਨੀਆ ਭਰ ਵਿੱਚ ਇੱਕ ਅਰਬ ਤੋਂ ਵੱਧ ਪ੍ਰਸ਼ੰਸਕਾਂ ਦੇ ਨਾਲ, ਫੁੱਟਬਾਲ ਦੁਨੀਆਂ ਦੀ ਸਭ ਤੋਂ ਪ੍ਰਸਿੱਧ ਖੇਡ ਹੈ। ਇਸ ਵਿੱਚ 90 ਮਿੰਟ ਦਾ ਹਰ ਪਲ ਖਿਡਾਰੀਆਂ ਲਈ ਬਹੁਤ ਮਹੱਤਵਪੂਰਨ ਅਤੇ ਦਰਸ਼ਕਾਂ ਲਈ ਰੋਮਾਂਚ ਨਾਲ ਭਰਪੂਰ ਹੁੰਦਾ ਹੈ। ਇਸ ਖੇਡ ਲਈ ਬਹੁਤ ਚੁਸਤੀ ਦੀ ਲੋੜ ਹੁੰਦੀ ਹੈ। ਇਸ ਖੇਡ ਦਾ ਇੱਕ ਲੰਮਾ ਇਤਿਹਾਸ ਹੈ।



ਫੁੱਟਬਾਲ ਦਾ ਅਰਥ ਫੁੱਟਬਾਲ ਸ਼ਬਦ ਵਿੱਚ ਹੀ ਸਾਫ਼ ਨਜ਼ਰ ਆਉਂਦਾ ਹੈ। ਇਸ ਖੇਡ ਵਿੱਚ ਗੇਂਦ ਨੂੰ ਪੈਰਾਂ ਨਾਲ ਖੇਡਿਆ ਜਾਂਦਾ ਹੈ। ਜਿਸ ਕਾਰਨ ਇਸ ਨੂੰ ਫੁੱਟਬਾਲ ਦਾ ਨਾਂ ਦਿੱਤਾ ਗਿਆ। ਇਸ ਦੇ ਇਤਿਹਾਸ ਬਾਰੇ ਕਈ ਵਿਚਾਰ ਹਨ। ਫੀਫਾ ਦੇ ਅਨੁਸਾਰ, ਫੁੱਟਬਾਲ ਚੀਨੀ ਖੇਡ ਸੁਜੂ ਦਾ ਵਿਕਸਤ ਰੂਪ ਹੈ। ਜਿਸ ਦਾ ਵਿਕਾਸ ਹਯਾਨ ਰਾਜਵੰਸ਼ ਦੇ ਦੌਰਾਨ ਹੋਇਆ। ਇਸ ਦੇ ਨਾਲ ਹੀ, 'ਫੁੱਟਬਾਲ' ਨੂੰ ਜਾਪਾਨ ਦੇ ਅਸੁਕਾ ਰਾਜਵੰਸ਼ ਦੇ ਸ਼ਾਸਨ ਦੌਰਾਨ ਖੇਡੀ ਜਾਣ ਵਾਲੀ 'ਕੇਮਾਰੀ' ਦਾ ਵਿਕਸਤ ਰੂਪ ਮੰਨਿਆ ਜਾਂਦਾ ਹੈ।

ਜਦੋਂ ਇਹ ਖੇਡ 1409 ਵਿੱਚ ਬਰਤਾਨੀਆ ਪਹੁੰਚੀ ਤਾਂ ਪ੍ਰਿੰਸ ਹੈਨਰੀ ਚੌਥੇ ਨੇ ਇਸ ਦਾ ਨਾਂ ਫੁੱਟਬਾਲ ਰੱਖਿਆ। ਜਦੋਂ ਉੱਥੋਂ ਦੇ ਲੋਕ ਇਸ ਨੂੰ ਪਸੰਦ ਕਰਨ ਲੱਗੇ ਤਾਂ ਰਾਜਾ ਹੈਨਰੀ ਨੇ ਸਾਲ 1526 ਵਿੱਚ ਇਸ ਖੇਡ ਲਈ ਇੱਕ ਖਾਸ ਕਿਸਮ ਦੇ ਜੁੱਤੇ ਬਣਾਏ ਤਾਂ ਜੋ ਫੁੱਟਬਾਲ ਖਿਡਾਰੀ ਆਸਾਨੀ ਨਾਲ ਖੇਡ ਸਕਣ। ਮੀਡੀਆ ਰਿਪੋਰਟਾਂ ਅਨੁਸਾਰ, 1586 ਵਿੱਚ, ਜੌਨ ਡੇਵਿਸ, ਜੋ ਕਿ ਇੱਕ ਸਮੁੰਦਰੀ ਜਹਾਜ਼ ਦਾ ਕਪਤਾਨ ਸੀ, ਦੀ ਗ੍ਰੀਨ ਲੈਂਡ ਵਿੱਚ ਮੌਤ ਹੋ ਗਈ ਸੀ। ਉਹ ਆਪਣੇ ਦੋਸਤਾਂ ਨਾਲ ਫੁੱਟਬਾਲ ਮੈਚ ਖੇਡਦਾ ਸੀ।


ਮਾਹਿਰਾਂ ਅਨੁਸਾਰ ਫੁੱਟਬਾਲ ਟੂਰਨਾਮੈਂਟ 16ਵੀਂ ਸਦੀ ਦੇ ਅੰਤ ਅਤੇ 17ਵੀਂ ਸਦੀ ਦੇ ਸ਼ੁਰੂ ਵਿੱਚ ਕਰਵਾਏ ਜਾਣੇ ਸ਼ੁਰੂ ਹੋਏ ਸਨ। ਇਹ ਖੇਡ ਦੋ ਟੀਮਾਂ ਵਿਚਕਾਰ ਖੇਡੀ ਜਾਣ ਲੱਗੀ। ਇਸ ਦੌਰਾਨ ਗੋਲ ਕਰਨ ਦੇ ਨਿਯਮ ਵੀ ਬਣਾਏ ਗਏ। ਉਸ ਸਮੇਂ 8 ਤੋਂ 12 ਗੋਲਾਂ ਦਾ ਮੈਚ ਹੁੰਦਾ ਸੀ।

ਹੌਲੀ-ਹੌਲੀ 20ਵੀਂ ਸਦੀ ਤੱਕ ਇਸ ਖੇਡ ਨੂੰ ਬਹੁਤ ਪਸੰਦ ਕੀਤਾ ਜਾਣ ਲੱਗਾ। ਉਦੋਂ ਫੁੱਟਬਾਲ ਲਈ ਅੰਤਰਰਾਸ਼ਟਰੀ ਸੰਸਥਾ ਦੀ ਲੋੜ ਮਹਿਸੂਸ ਹੋਈ। ਫਿਰ ਇੰਗਲਿਸ਼ ਫੁੱਟਬਾਲ ਐਸੋਸੀਏਸ਼ਨ ਦੀ ਅਗਵਾਈ ਹੇਠ ਯੂਰਪੀਅਨ ਦੇਸ਼ਾਂ ਫਰਾਂਸ, ਡੈਨਮਾਰਕ, ਸਪੇਨ, ਨੀਦਰਲੈਂਡ, ਸਵੀਡਨ, ਬੈਲਜੀਅਮ ਅਤੇ ਸਵਿਟਜ਼ਰਲੈਂਡ ਨਾਲ ਮੀਟਿੰਗ ਕੀਤੀ ਗਈ। ਇਸ ਤੋਂ ਇਲਾਵਾ 21 ਮਈ 1904 ਨੂੰ ਫੈਡਰੇਸ਼ਨ ਇੰਟਰਨੈਸ਼ਨਲ ਆਫ ਫੁੱਟਬਾਲ ਐਸੋਸੀਏਸ਼ਨ (ਫੀਫਾ) ਦੀ ਸਥਾਪਨਾ ਕੀਤੀ ਗਈ। ਜਿਸਦਾ ਹੈੱਡਕੁਆਰਟਰ ਜ਼ਿਊਰਿਖ, ਸਵਿਟਜ਼ਰਲੈਂਡ ਵਿੱਚ ਸਥਿਤ ਹੈ।

## ਕਾਮਾਗਾਟਾਮਾਰੂ ਦੁਖਾਂਤ ਨੂੰ ਜੀਵੰਤ ਕਰਦੀ ਫ਼ਿਲਮ

# 'ਗੁਰੂ ਨਾਨਕ ਜਹਾਜ਼'

### ਗਿਆਨੀ ਗੁਰਦਿੱਤ ਸਿੰਘ ਤੇ ਮੇਵਾ ਸਿੰਘ ਦੀ ਸੂਰਬੀਰਤਾ ਫ਼ਿਲਮ ਵਿੱਚ ਉਜਾਗਰ




### 'ਗੁਰੂ ਨਾਨਕ ਜਹਾਜ਼' ਨਾਮਕਰਣ: ਸਮਾਜਿਕ ਨਿਆਂ ਦਾ ਨਸਲਵਾਦ ਵਿਰੁੱਧ ਸੁਨੇਹਾ

ਕਾਮਾਗਾਟਾਮਾਰੂ ਦੀ ਦੁਖਦਾਈ ਗਾਥਾ, ਜਿਸ ਨੂੰ ਇਤਿਹਾਸ ਦੇ ਪੰਨਿਆਂ ਵਿੱਚ 'ਬਜ ਬਜ ਘਾਟ ਦੁਖਾਂਤ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਪੰਜਾਬੀ ਸਿਨੇਮਾ ਦੀ ਫ਼ਿਲਮ 'ਗੁਰੂ ਨਾਨਕ ਜਹਾਜ਼' ਦੇ ਰੂਪ ਵਿੱਚ ਸਾਹਮਣੇ ਆਈ ਹੈ। ਇਹ ਫ਼ਿਲਮ ਜੋ ਸਮਕਾਲੀ ਸਮਾਜ ਨੂੰ ਇਤਿਹਾਸ ਦੇ ਉਸ ਦਰਦਨਾਕ ਪੰਨੇ ਨਾਲ ਜੋੜਦੀ ਹੈ, ਜਿਸ ਨੂੰ ਸਮੇਂ ਦੀਆਂ ਸਰਕਾਰਾਂ ਨੇ ਅਣਗੌਲਿਆ ਹੀ ਰਹਿਣ ਦਿੱਤਾ।

ਕਾਮਾਗਾਟਾਮਾਰੂ ਦੀ ਘਟਨਾ 1914 ਦੀ ਉਸ ਸਮੇਂ ਦੀ ਤਸਵੀਰ ਪੇਸ਼ ਕਰਦੀ ਹੈ ਜਦੋਂ ਭਾਰਤ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ। ਉਸ ਸਮੇਂ, ਕੈਨੇਡਾ ਵਰਗੇ ਦੇਸ਼, ਜੋ ਖੁਦ ਅੰਗਰੇਜ਼ੀ ਸਾਮਰਾਜ ਦਾ ਹਿੱਸਾ ਸਨ, ਭਾਰਤੀਆਂ ਨੂੰ ਨਸਲ ਅਤੇ ਰੰਗ ਦੇ ਅਧਾਰ 'ਤੇ ਅਪਮਾਨਜਨਕ ਵਿਵਹਾਰ ਦਾ ਸਾਹਮਣਾ ਕਰਨਾ ਪੈਂਦਾ ਸੀ। 14 ਮਈ, 1914 ਨੂੰ, ਜਪਾਨ ਵਿੱਚ ਬਣਿਆ ਕਾਮਾਗਾਟਾਮਾਰੂ ਜਹਾਜ਼, ਜਿਸ ਨੂੰ ਗਿਆਨੀ ਗੁਰਦਿੱਤ ਸਿੰਘ ਨੇ ਲੀਜ਼ 'ਤੇ ਲਿਆ ਸੀ, 376 ਭਾਰਤੀ ਯਾਤਰੀਆਂ ਨੂੰ ਲੈ ਕੇ ਵੈਨਕੂਵਰ ਪਹੁੰਚਿਆ। ਇਹ ਯਾਤਰੀ, ਜਿਨ੍ਹਾਂ ਵਿੱਚ ਜ਼ਿਆਦਾਤਰ ਸਿੱਖ ਸਨ, ਇੱਕ ਬਿਹਤਰ ਜੀਵਨ ਦੀ ਭਾਲ ਵਿੱਚ ਸਨ, ਪਰ ਅੰਗਰੇਜ਼ੀ ਹਕੂਮਤ ਦੀਆਂ ਨਸਲਵਾਦੀ ਨੀਤੀਆਂ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ।ਜਹਾਜ਼ ਨੂੰ ਵੈਨਕੂਵਰ ਦੀ ਬੰਦਰਗਾਹ 'ਤੇ ਮਹੀਨਿਆਂ ਤੱਕ ਰੋਕਿਆ ਗਿਆ ਅਤੇ ਯਾਤਰੀਆਂ ਨੂੰ ਅਣਮਨੁੱਖੀ ਸਥਿਤੀਆਂ ਵਿੱਚ ਰਹਿਣ ਲਈ ਮਜਬੂਰ ਕੀਤਾ ਗਿਆ। ਅੰਤ ਵਿੱਚ, ਅੰਗਰੇਜ਼ੀ ਹਕੂਮਤ ਨੇ ਕੁਝ ਯਾਤਰੀਆਂ ਨੂੰ ਇਜਾਜ਼ਤ ਦੇ ਕੇ ਬਾਕੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ। ਜਦੋਂ ਇਹ ਜਹਾਜ਼ ਕਲਕੱਤੇ ਦੇ ਬਜ ਬਜ ਘਾਟ 'ਤੇ ਪਹੁੰਚਿਆ, ਤਾਂ ਅੰਗਰੇਜ਼ੀ ਫ਼ੌਜ ਨੇ ਨਿਰਦੋਸ਼ ਯਾਤਰੀਆਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਬਹੁਤ ਸਾਰੇ ਲੋਕ ਮਾਰੇ ਗਏ। ਇਹ ਘਟਨਾ ਭਾਰਤ ਦੀ ਗੁਲਾਮੀ ਸੰਘਰਸ਼ ਦਾ ਇੱਕ ਅਹਿਮ ਹਿੱਸਾ ਬਣੀ, ਕਿਉਂਕਿ ਇਸ ਨੇ ਅੰਗਰੇਜ਼ੀ ਸਾਮਰਾਜ ਦੀਆਂ ਜ਼ੁਲਮੀ ਨੀਤੀਆਂ ਨੂੰ ਸਾਹਮਣੇ ਲਿਆਂਦਾ।

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਇੱਕ ਨਵੀਂ ਚੇਤਨਾ ਪੈਦਾ ਕੀਤੀ ਅਤੇ ਗਦਰ ਲਹਿਰ ਨੂੰ ਹੋਰ ਮਜਬੂਤ ਕੀਤਾ। 'ਗੁਰੂ ਨਾਨਕ ਜਹਾਜ਼' ਫ਼ਿਲਮ ਇਸ ਇਤਿਹਾਸਕ ਘਟਨਾ ਨੂੰ ਸਜੀਵ ਰੂਪ ਵਿੱਚ ਪੇਸ਼ ਕਰਦੀ ਹੈ, ਜਿਸ ਨਾਲ ਨਵੀਂ ਪੀੜ੍ਹੀ ਨੂੰ ਆਪਣੇ ਪੂਰਵਜਾਂ ਦੀਆਂ ਕੁਰਬਾਨੀਆਂ ਅਤੇ ਸੰਘਰਸ਼ ਦੀ ਗਹਿਰਾਈ ਨਾਲ ਜਾਣਕਾਰੀ ਮਿਲਦੀ ਹੈ।

**ਕੌਣ ਸਨ ਗਿਆਨੀ ਗੁਰਦਿੱਤ ਸਿੰਘ**

ਗਿਆਨੀ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਗਾਥਾ ਦਾ ਕੇਂਦਰੀ ਪਾਤਰ ਸਨ। ਉਹ ਗਦਰ ਲਹਿਰ ਦੇ ਮੋਹਰੀ ਸਨ, ਜਿਨ੍ਹਾਂ ਨੇ ਅੰਗਰੇਜ਼ੀ ਹਕੂਮਤ ਦੀਆਂ ਨਸਲਵਾਦੀ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਨੂੰ ਲੀਜ਼ 'ਤੇ ਲੈ ਕੇ 376 ਭਾਰਤੀਆਂ ਨੂੰ ਕੈਨੇਡਾ ਲਿਜਾਣ ਦੀ ਜ਼ਿੰਮੇਵਾਰੀ ਚੁੱਕੀ ਸੀ। ਉਨ੍ਹਾਂ ਦਾ ਮਕਸਦ ਸਿਰਫ਼ ਆਰਥਿਕ ਤਰੱਕੀ ਨਹੀਂ ਸੀ, ਸਗੋਂ ਅੰਗਰੇਜ਼ੀ ਸਾਮਰਾਜ ਦੀਆਂ ਮਨਮਾਨੀਆਂ ਨੂੰ ਚੁਣੌਤੀ ਦੇਣਾ ਅਤੇ ਭਾਰਤੀਆਂ ਨੂੰ ਬਰਾਬਰੀ ਦਾ ਹੱਕ ਦਿਵਾਉਣਾ ਸੀ।ਗਿਆਨੀ ਗੁਰਦਿੱਤ ਸਿੰਘ ਦੀ ਸੋਚ ਅਤੇ ਦ੍ਰਿੜਤਾ ਨੇ ਉਸ




ਸਮੇਂ ਦੇ ਸਿੱਖ ਭਾਈਚਾਰੇ ਵਿੱਚ ਇੱਕ ਨਵੀਂ ਚੇਤਨਾ ਜਗਾਈ। ਉਨ੍ਹਾਂ ਨੇ ਜਹਾਜ਼ ਦਾ ਨਾਮ 'ਗੁਰੂ ਨਾਨਕ ਜਹਾਜ਼' ਰੱਖਿਆ, ਜੋ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰਬ ਸਾਂਝੀਵਾਲਤਾ ਅਤੇ ਸਮਾਜਿਕ ਨਿਆਂ ਦੀ ਵਿਚਾਰਧਾਰਾ ਨੂੰ ਸਮਰਪਿਤ ਸੀ। ਉਨ੍ਹਾਂ ਦੀ ਇਹ ਪਹਿਲਕਦਮੀ ਸਿੱਖਾਂ ਦੀ ਸਵੈਮਾਣ ਅਤੇ ਸੰਘਰਸ਼ ਦੀ ਭਾਵਨਾ ਨੂੰ ਦਰਸਾਉਂਦੀ ਹੈ।

ਫ਼ਿਲਮ 'ਗੁਰੂ ਨਾਨਕ ਜਹਾਜ਼' ਫ਼ਿਲਮ ਕਾਮਾਗਾਟਾਮਾਰੂ ਦੀ ਘਟਨਾ ਨੂੰ ਇਤਿਹਾਸਕ ਸਰੋਤਾਂ ਅਤੇ ਦਸਤਾਵੇਜ਼ਾਂ ਦੇ ਅਧਾਰ 'ਤੇ ਪੇਸ਼ ਕਰਦੀ ਹੈ। ਹਰਨਵ ਬੀਰ ਸਿੰਘ ਦੁਆਰਾ ਲਿਖਿਤ ਇਸ ਫ਼ਿਲਮ ਦੀ ਪਟਕਥਾ ਇਤਿਹਾਸਕ ਤੱਥਾਂ ਨੂੰ ਸਹੀ ਢੰਗ ਨਾਲ ਸਾਹਮਣੇ ਲਿਆਉਂਦੀ ਹੈ, ਪਰ ਸਿਨੇਮਾਈ ਪੇਸ਼ਕਾਰੀ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ, ਕੁਝ ਨਾਟਕੀਯ ਤੱਤ ਵੀ ਜੋੜੇ ਗਏ ਹਨ। ਇਹ ਨਾਟਕੀਯ ਤੱਤ ਘਟਨਾ ਦੀ ਭਾਵਨਾਤਮਕ ਡੂੰਘਾਈ ਨੂੰ ਹੋਰ ਵਧਾਉਂਦੇ ਹਨ, ਜਿਸ ਨਾਲ ਦਰਸ਼ਕ ਨੂੰ ਉਸ ਸਮੇਂ ਦੀਆਂ ਸਥਿਤੀਆਂ ਅਤੇ ਯਾਤਰੀਆਂ ਦੇ ਦੁੱਖ ਨੂੰ ਮਹਿਸੂਸ ਕਰਨ ਵਿੱਚ ਸਹਾਇਤਾ ਮਿਲਦੀ ਹੈ।ਫ਼ਿਲਮ ਵਿੱਚ ਵੈਨਕੂਵਰ ਦੀ ਬੰਦਰਗਾਹ 'ਤੇ ਜਹਾਜ਼ ਦੀ ਰੋਕਥਾਮ, ਯਾਤਰੀਆਂ ਦੀਆਂ ਮੁਸ਼ਕਿਲਾਂ ਅਤੇ ਬਜ ਬਜ ਘਾਟ 'ਤੇ ਹੋਈ ਗੋਲੀਬਾਰੀ ਦੀ ਘਟਨਾ ਨੂੰ ਇਤਿਹਾਸਕ ਸੱਚਾਈ ਦੇ ਨੇੜੇ-ਤੇੜੇ ਪੇਸ਼ ਕੀਤਾ ਗਿਆ ਹੈ।

ਫ਼ਿਲਮ ਦੀ ਪਟਕਥਾ ਹਰਨਵ ਬੀਰ ਸਿੰਘ ਨੇ ਲਿਖੀ ਹੈ। ਨਿਰਦੇਸ਼ਨ ਦੀ ਜ਼ਿੰਮੇਵਾਰੀ ਸ਼ਰਨ ਆਰਟ ਨੇ ਨਿਭਾਈ, ਜਿਨ੍ਹਾਂ ਨੇ ਇਸ ਘਟਨਾ ਨੂੰ ਸਜੀਵ ਅਤੇ ਭਾਵੁਕ ਢੰਗ ਨਾਲ ਪੇਸ਼ ਕੀਤਾ। ਨਿਰਮਾਣ ਦੀ ਜ਼ਿੰਮੇਵਾਰੀ ਸ਼ਰਨ ਆਰਟ ਅਤੇ ਮਨਪ੍ਰੀਤ ਜੌਹਲ ਨੇ ਸੰਭਾਲੀ।ਫ਼ਿਲਮ ਦੇ ਮੁੱਖ ਕਲਾਕਾਰਾਂ ਵਿੱਚ ਪੰਜਾਬੀ ਸਿਨੇਮਾ ਦੇ ਪ੍ਰਸਿੱਧ ਚਿਹਰੇ ਸ਼ਾਮਲ ਹਨ।

ਤਰਸੇਮ ਜੱਸੜ, ਜੋ ਇੱਕ ਪ੍ਰਸਿੱਧ ਗਾਇਕ ਅਤੇ ਅਦਾਕਾਰ ਹਨ, ਨੇ ਇਸ ਫ਼ਿਲਮ ਵਿੱਚ ਮੁੱਖ ਭੂਮਿਕਾ ਨਿਭਾਈ ਹੈ।ਤਰਸੇਮ ਜੱਸੜ ਨੇ ਮੇਵਾ ਸਿੰਘ ਲੋਪੋਕੇ ਦਾ ਕਿਰਦਾਰ ਨਿਭਾਇਆ ਹੈ। ਮੇਵਾ ਸਿੰਘ ਲੋਪੋਕੇ ਉਹ ਪਹਿਲੇ ਸਿੱਖ ਹਨ ਜਿਨ੍ਹਾਂ ਨੂੰ ਕੈਨੇਡਾ ਦੇ ਵਿੱਚ ਫ਼ਾਂਸੀ ਦਿੱਤੀ ਗਈ। ਮੇਵਾ ਸਿੰਘ ਲੋਪੋਕੇ ਨੂੰ 11 ਜਨਵਰੀ 1915 ਨੂੰ ਨਿਊ ਵੈਸਟਮਿਨਸਟਰ ਵਿੱਚ ਫ਼ਾਂਸੀ ਦਿੱਤੀ ਗਈ ਸੀ।

ਮੇਵਾ ਸਿੰਘ ਨੇ ਕੈਨੇਡਾ ਦੇ ਪਰਵਾਸ ਅਫ਼ਸਰ ਵਿਲੀਅਮ ਸੀ ਹੌਪਕਿਨਸਨ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਮੇਵਾ ਸਿੰਘ ਨੇ ਜੱਜਾਂ ਸਾਹਮਣੇ ਵਿਲੀਅਮ ਹੌਪਕਿਨਸਨ ਉੱਤੇ ਭਾਰਤੀਆਂ ਨਾਲ ਨਸਲੀ ਵਿਤਕਰਾ ਕਰਨ ਦੇ ਇਲਜ਼ਾਮ ਲਾਏ ਸਨ।

ਉਨ੍ਹਾਂ ਦੀ ਅਦਾਕਾਰੀ ਨੇ ਪਾਤਰਾਂ ਦੀ ਭਾਵਨਾਤਮਕ ਡੂੰਘਾਈ ਨੂੰ ਸਫ਼ਲਤਾਪੂਰਵਕ ਪੇਸ਼ ਕੀਤਾ। ਗੁਰਪ੍ਰੀਤ ਘੁੱਗੀ, ਜੋ ਆਪਣੀ ਬਹੁਮੁਖੀ ਅਦਾਕਾਰੀ ਲਈ ਜਾਣੇ ਜਾਂਦੇ ਹਨ, ਨੇ ਵੀ ਇਸ ਫ਼ਿਲਮ ਵਿੱਚ ਅਹਿਮ ਭੂਮਿਕਾ ਨਿਭਾਈ। ਮਾਰਕ ਬਿਨਿੰਗਟਨ, ਬਲਵਿੰਦਰ ਬੁਲਟ ਅਤੇ ਹਰਸ਼ਰਨ ਸਿੰਘ ਨੇ ਵੀ ਆਪਣੀਆਂ ਭੂਮਿਕਾਵਾਂ ਨਾਲ ਫ਼ਿਲਮ ਨੂੰ ਹੋਰ ਮਜਬੂਤ ਕੀਤਾ।

ਮੇਵਾ ਸਿੰਘ ਲੋਪੋਕੇ ਕੌਣ ਸਨ?

ਮੇਵਾ ਸਿੰਘ ਲੋਪੋਕੇ ਦਾ ਜਨਮ 1880 ਵਿੱਚ ਅੰਮ੍ਰਿਤਸਰ ਦੇ ਪਿੰਡ ਲੋਪੋਕੇ ਵਿੱਚ ਹੋਇਆ ਸੀ।ਪਿਤਾ ਦਾ ਨਾਮ ਨੰਦ ਸਿੰਘ ਸੀ। ਉਹ 1906 ਵਿੱਚ ਕੰਮ ਕਾਰ ਦੀ ਭਾਲ ਵਿੱਚ ਕੈਨੇਡਾ ਪਹੁੰਚੇ ਸਨ। ਡਿਕਸ਼ਨਰੀ ਆਫ਼ ਕੈਨੇਡੀਅਨ ਬਾਇਓਗ੍ਰਾਫ਼ੀ ਮੁਤਾਬਕ ਇਸ ਸਮੇਂ ਦੌਰਾਨ ਕੈਨੇਡਾ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ 5000 ਦੇ ਕਰੀਬ ਸੀ।

ਕੈਨੇਡਾ ਪਹੁੰਚ ਕੇ ਮੇਵਾ ਸਿੰਘ ਲੋਪੋਕੇ ਨੇ ਨਿਊ ਵੈਸਟਮਿਨਸਟਰ ਵਿੱਚ ਇੱਕ ਫ਼ਰੇਜ਼ਰ ਮਿੱਲ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ।ਕੰਮ ਤੋਂ ਵਿਹਲੇ ਹੋ ਕੇ ਉਹ ਵੈਨਕੂਵਰ ਗੁਰਦੁਆਰੇ ਵਿੱਚ ਗ੍ਰੰਥੀ ਵਜੋਂ ਵੀ ਕੰਮ ਕਰਦੇ ਸਨ। ਮੇਵਾ ਸਿੰਘ ਕੈਨੇਡਾ ਵਿੱਚ ਬ੍ਰਿਟਿਸ਼ ਸਰਕਾਰ ਖ਼ਿਲਾਫ਼ ਇੱਕਜੁਟ ਹੁੰਦੇ ਪੰਜਾਬੀਆਂ ਨਾਲ ਮਿਲਦੇ ਰਹਿੰਦੇ ਸਨ।ਕੈਨੇਡਾ ਵਿੱਚ ਜਦੋਂ ਸਿੱਖ ਸੰਗਤ ਵੈਨਕੂਵਰ ਵਿੱਚ ਕੈਨੇਡਾ ਦਾ ਪਹਿਲਾ ਗੁਰਦੁਆਰਾ ਬਣਾਉਣ ਲਈ ਕੰਮ ਕਰ ਰਹੀ ਸੀ ਤਾਂ ਮੇਵਾ ਸਿੰਘ ਨੇ ਵੀ ਆਪਣਾ ਯੋਗਦਾਨ ਪਾਇਆ।ਉਹ ਪੰਜਾਬ ਤੋਂ ਆਏ ਲੋਕਾਂ ਕੋਲੋਂ ਉਗਰਾਹੀ ਕਰ ਕੇ ਲੈ ਕੇ ਆਉਂਦੇ ਸਨ। ਉਨ੍ਹਾਂ ਨੇ 21 ਜੂਨ 1908 ਨੂੰ ਵੈਨਕੂਵਰ ਦੇ ਗੁਰਦੁਆਰੇ ਵਿੱਚ ਹੋਏ ਅੰਮ੍ਰਿਤ ਸੰਚਾਰ ਦੌਰਾਨ ਅੰਮ੍ਰਿਤ ਛਕ ਲਿਆ ਸੀ।

ਜਦੋਂ 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ ਜਹਾਜ਼) ਵਿੱਚ 376 ਯਾਤਰੀਆਂ ਨੂੰ ਲੈ ਕੇ ਵੈਨਕੂਵਰ ਦੇ ਕੰਢੇ ਪਹੁੰਚ ਗਏ ਤਾਂ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਉਤਰਨ ਨਹੀਂ ਦਿੱਤਾ।

ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗ਼ਦਰ ਪਾਰਟੀ ਸਮਰਥਕਾਂ ਅੰਦਰ ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ।

ਵੈਨਕੂਵਰ ਦੇ ਸਿੱਖ ਭਾਈਚਾਰੇ ਵੱਲੋਂ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਅਗਵਾਈ ਅਧੀਨ ਇਨ੍ਹਾਂ ਮੁਸਾਫ਼ਰਾਂ ਨੂੰ ਕੈਨੇਡਾ ਵਿੱਚ ਉਤਾਰਨ ਲਈ ਸੰਘਰਸ਼ ਵਿੱਢਿਆ ਗਿਆ।ਇਸ ਸੰਘਰਸ਼ ਵਿੱਚ ਮੇਵਾ ਸਿੰਘ ਨੇ ਭਾਗ ਸਿੰਘ ਤੇ ਬਲਵੰਤ ਸਿੰਘ ਦੇ ਸਾਥੀ ਬਣ ਕੇ ਮੋਹਰੀ ਰੋਲ ਨਿਭਾਇਆ।

ਜੁਲਾਈ 1914 ਵਿੱਚ ਭਾਗ ਸਿੰਘ, ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਸਾਹਰੀ ਤੇ ਮੇਵਾ ਸਿੰਘ, ਗੁਰੂ ਨਾਨਕ ਜਹਾਜ਼ ਦੇ ਸੰਘਰਸ਼ ਸਬੰਧੀ ਅਮਰੀਕਾ ਦੀ ਸਿੱਖ ਸੰਗਤ ਨਾਲ ਸਲਾਹ ਮਸ਼ਵਰਾ ਕਰਨ ਲਈ ਐਬਟਸਫ਼ੋਰਡ ਨੇੜਿਓਂ ਸਰਹੱਦ ਪਾਰ ਕਰ ਕੇ ਅਮਰੀਕਾ ਵਿੱਚ ਪਹੁੰਚੇ ਸਨ।

ਪਰ ਵਾਪਸੀ ਉੱਤੇ ਭਾਗ ਸਿੰਘ, ਬਲਵੰਤ ਸਿੰਘ ਤੇ ਬਾਬੂ ਹਰਨਾਮ ਸਿੰਘ ਸਾਹਰੀ ਨੂੰ ਅਮਰੀਕਾ ਦੀ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਸੂਮਾਸ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ।ਜਦਕਿ ਮੇਵਾ ਸਿੰਘ ਸਰਹੱਦ ਪਾਰ ਕਰਕੇ ਕੈਨੇਡਾ ਵਿੱਚ ਦਾਖ਼ਲ ਹੋ ਗਏ ਸਨ। ਪਰ ਉਨ੍ਹਾਂ ਨੂੰ ਕੈਨੇਡੀਅਨ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਮੌਕੇ ਮੇਵਾ ਸਿੰਘ ਕੋਲੋਂ ਦੋ ਰਿਵਾਲਵਰ ਤੇ ਪੰਜ ਸੌ ਗੋਲੀਆਂ ਬਰਾਮਦ ਕੀਤੀਆਂ ਗਈਆਂ।

ਮੇਵਾ ਸਿੰਘ ਉੱਪਰ ਵਿਲੀਅਮ ਹੌਪਕਿਨਸਨ ਅਤੇ ਇਮੀਗ੍ਰੇਸ਼ਨ ਵਿਭਾਗ ਦੇ ਹੈੱਡ ਮੈਲਕਮ ਰੀਡ ਵੱਲੋਂ ਦਬਾਅ ਪਾਇਆ ਗਿਆ ਕਿ ਉਹ ਸਿੱਖ ਆਗੂਆਂ ਵਿਰੁੱਧ ਬਿਆਨ ਦੇਵੇ ਕਿ ਇਹ ਹਥਿਆਰ ਉਨ੍ਹਾਂ ਵੱਲੋਂ ਵਰਤੇ ਜਾਣੇ ਸਨ।

ਪਰ ਮੇਵਾ ਸਿੰਘ ਨੇ ਅਜਿਹਾ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਮੇਵਾ ਸਿੰਘ ਨੂੰ 50 ਡਾਲਰ ਦਾ ਜ਼ੁਰਮਾਨਾ ਲਗਾ ਕੇ 7 ਅਗਸਤ 1914 ਨੂੰ ਰਿਹਾਅ ਕਰ ਦਿੱਤਾ ਸੀ।

ਅਮਰੀਕਾ ਵਿੱਚ ਗਦਰ ਪਾਰਟੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਕੈਨੇਡਾ ਦੇ ਗੁਰਦੁਆਰਿਆਂ ਵਿੱਚ ਵੀ ਇਸਦਾ ਅਸਰ ਦਿਖਣ ਲੱਗ ਗਿਆ ਸੀ। ਲਹਿਰ ਕੈਨੇਡਾ ਵਿੱਚ ਵੀ ਲਗਾਤਾਰ ਵੱਧ ਰਹੀ ਸੀ।ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿੱਚ ਵੀ ਸਿੱਖ ਗਦਰ ਪਾਰਟੀ ਦੀਆਂ ਯੋਜਨਾਵਾਂ ਉਲੀਕਣ ਲਈ ਇਕੱਠੇ ਹੁੰਦੇ ਸਨ।ਕੈਨੇਡਾ ਦਾ ਪਰਵਾਸ ਇੰਸਪੈਕਟਰ ਵਿਲੀਅਮ ਹੌਪਕਿਨਸਨ ਇਸ ਲਹਿਰ ਨੂੰ ਖਤਮ ਕਰਨਾ ਚਾਹੁੰਦਾ ਸੀ।

5 ਸਤੰਬਰ, 1914 ਨੂੰ ਹੌਪਕਿਨਸਨ ਨੇ ਆਪਣੇ ਇੱਕ ਕਰੀਬੀ ਬੇਲਾ ਤੋਂ ਦੋ ਸਿੱਖਾਂ ਭਾਗ ਸਿੰਘ ਅਤੇ ਬਧਨ ਸਿੰਘ ਦਾ ਕਤਲ ਕਰਵਾ ਦਿੱਤਾ। ਮੇਵਾ ਸਿੰਘ ਸਮੇਤ ਕੈਨੇਡਾ ਵੱਸਦੇ ਸਾਰੇ ਸਿੱਖ ਇਸ ਘਟਨਾ ਤੋਂ ਦੁਖੀ ਸਨ।

ਥੋੜ੍ਹੇ ਸਮੇਂ ਅੰਦਰ ਮੇਵਾ ਸਿੰਘ ਜੀ ਨੂੰ ਵੀ ਇੰਸਪੈਕਟਰ ਹੌਪਕਿਨਸਨ ਤੋਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਨੂੰ ਧਮਕੀ ਦਿੱਤੀ ਗਈ ਸੀ ਕਿ ਜੇਕਰ ਉਨ੍ਹਾਂ ਨੇ ਬੇਲਾ ਦੇ ਹੱਕ ਵਿੱਚ ਗਵਾਹੀ ਨਹੀਂ ਦਿੱਤੀ ਤਾਂ ਉਨ੍ਹਾਂ ਨੂੰ ਵੀ ਭਾਗ ਸਿੰਘ ਅਤੇ ਬਧਨ ਸਿੰਘ ਵਾਂਗ ਕਤਲ ਕਰ ਦਿੱਤਾ ਜਾਵੇਗਾ।

ਭਾਰਤ ਸਰਕਾਰ ਦੀ ਵੈਬਸਾਈਟ 'ਆਜ਼ਾਦੀ ਕਾ ਮਹਾਂਉਤਸਵ' ਮੁਤਾਬਕ ਕੈਨੇਡਾ ਦੇ ਅਧਿਕਾਰੀਆਂ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਮੇਵਾ ਸਿੰਘ ਪਾਗਲ ਸੀ ਅਤੇ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਮੈਂਬਰਾਂ ਦੇ ਪ੍ਰਭਾਵ ਹੇਠ ਹੌਪਕਿਨਸਨ ਦਾ ਕਤਲ ਕੀਤਾ ਸੀ। ਪਰ ਮੇਵਾ ਸਿੰਘ ਨੇ ਕਤਲ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਣ ਦੀ ਗੱਲ ਖੁਦ ਕਬੂਲ ਕੀਤੀ।

ਅਦਾਲਤੀ ਕਾਰਵਾਈ 30 ਅਕਤੂਬਰ, 1914 ਨੂੰ ਸ਼ੁਰੂ ਹੋਈ ਅਤੇ 11 ਜਨਵਰੀ, 1915 ਨੂੰ ਸਮਾਪਤ ਹੋਈ।

ਮੇਵਾ ਸਿੰਘ ਨੇ ਜੱਜਾਂ ਸਾਹਮਣੇ ਆਪਣੇ ਬਿਆਨ ਵਿੱਚ ਕੈਨੇਡਾ ਵਿੱਚ ਹੁੰਦੇ ਨਸਲੀ ਪੱਖਪਾਤ, ਬ੍ਰਿਟਿਸ਼ ਗੁਲਾਮੀ ਅਤੇ ਕੈਨੇਡੀਅਨ ਪਰਵਾਸ ਅਧਿਕਾਰੀਆਂ ਦੁਆਰਾ ਪ੍ਰਵਾਸੀਆਂ ਨਾਲ ਕੀਤੇ ਜਾਂਦੇ ਮਾੜੇ ਵਿਵਹਾਰ ਬਾਰੇ ਸਪੱਸ਼ਟ ਟਿੱਪਣੀਆਂ ਕੀਤੀਆਂ।ਜਿਸ ਤੋਂ ਬਾਅਦ 30 ਅਕਤੂਬਰ 1914 ਨੂੰ ਅਦਾਲਤ ਨੇ ਫ਼ੈਸਲਾ ਸੁਣਾਉਂਦਿਆਂ ਮੇਵਾ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ।

**(ਬਾਕੀ ਸਫ਼ਾ 31 'ਤੇ)**

## ਡੋਨਾਲਡ ਟਰੰਪ ਅਤੇ ਐਲੋਨ ਮਸਕ ਵਿਚਾਲੇ

ਟਰੰਪ ਇਸ ਬਿੱਲ ਨੂੰ 'ਵਨ ਬਿਗ ਬਿਊਟੀਫੁੱਲ ਬਿੱਲ' ਕਹਿ ਕੇ ਇਸ ਦਾ ਪ੍ਰਚਾਰ ਕਰ ਰਹੇ ਹਨ। ਦੋਵਾਂ ਆਗੂਆਂ ਵਿਚਾਲੇ ਵਿਵਾਦ ਉਦੋਂ ਪੈਦਾ ਹੋ ਗਿਆ ਜਦੋਂ ਮਸਕ ਨੇ ਟਰੰਪ ਦੇ 'ਵਨ ਬਿਗ ਬਿਊਟੀਫੁੱਲ ਬਿੱਲ' ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਮਸਕ ਨੇ ਇਸ ਬਿੱਲ ਨੂੰ 'ਐਕਸ' 'ਤੇ 'ਅਪਮਾਨਜਨਕ' ਕਿਹਾ। ਉਸਨੇ ਕਿਹਾ ਕਿ ਇਹ ਬਿੱਲ ਸਰਕਾਰੀ ਖਰਚੇ ਵਧਾਏਗਾ ਅਤੇ ਡੀ.ਓ.ਜੀ.ਈ. ਦੇ ਟੀਚਿਆਂ ਨੂੰ ਨੁਕਸਾਨ ਪਹੁੰਚਾਏਗਾ।

ਹੁਣ ਟਰੰਪ ਨੇ ਖੁਦ ਦੱਸਿਆ ਹੈ ਕਿ ਮਸਕ ਉਨ੍ਹਾਂ ਤੋਂ ਕਿਉਂ ਨਾਰਾਜ਼ ਹੈ। ਇੱਕ ਸਮਾਗਮ ਦੌਰਾਨ ਪੱਤਰਕਾਰਾਂ ਵੱਲੋਂ ਸਵਾਲ ਪੁੱਛਣ 'ਤੇ ਟਰੰਪ ਨੇ ਕਿਹਾ, "...ਐਲਨ ਨੇ ਮੇਰੇ ਲਈ ਬਹੁਤ ਜ਼ੋਰਦਾਰ ਢੰਗ ਨਾਲ ਪ੍ਰਚਾਰ ਕੀਤਾ। ਦਰਅਸਲ, ਉਸਨੇ ਮੇਰੇ ਲਈ ਪ੍ਰਚਾਰ ਕੀਤਾ..., ਪਰ ਮੈਂ ਬਹੁਤ ਨਿਰਾਸ਼ ਹਾਂ ਕਿਉਂਕਿ ਐਲਨ ਇਸ ਬਿੱਲ ਦੇ ਅੰਦਰਲੇ ਹਿੱਸੇ ਨੂੰ ਉੱਥੇ ਮੌਜੂਦ ਕਿਸੇ ਵੀ ਵਿਅਕਤੀ ਨਾਲੋਂ ਬਿਹਤਰ ਜਾਣਦਾ ਸੀ। ਉਹ ਇਸ ਬਾਰੇ ਸਭ ਕੁਝ ਜਾਣਦਾ ਸੀ। ਉਸ ਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਸੀ।"

ਇਸ ਤੋਂ ਅੱਗੇ ਟਰੰਪ ਨੇ ਕਿਹਾ, "ਮਸਕ ਨੂੰ ਅਚਾਨਕ ਸਮੱਸਿਆਵਾਂ ਹੋਣ ਲੱਗੀਆਂ ਜਦੋਂ ਉਸ ਨੂੰ ਪਤਾ ਲੱਗਾ ਕਿ ਅਸੀਂ ਈ.ਵੀ. ਮੇਨਡੇਟ ਨੂੰ ਘਟਾ ਰਹੇ ਹਾਂ, ਕਿਉਂਕਿ ਇਸ ਵਿੱਚ ਅਰਬਾਂ ਡਾਲਰ ਸ਼ਾਮਲ ਹਨ ਅਤੇ ਇਹ ਬਿਲਕੁਲ ਬੇਇਨਸਾਫ਼ੀ ਹੈ। ਅਸੀਂ ਹਰ ਤਰ੍ਹਾਂ ਦੀਆਂ ਕਾਰਾਂ ਚਾਹੁੰਦੇ ਹਾਂ। ਅਸੀਂ ਗੈਸੋਲੀਨ, ਕੰਬਸ਼ਨ, ਹਾਈਬ੍ਰਿਡ ਕਾਰਾਂ ਚਾਹੁੰਦੇ ਹਾਂ। ਅਸੀਂ ਸਭ ਕੁਝ ਵੇਚਣ ਦੇ ਯੋਗ ਹੋਣਾ ਚਾਹੁੰਦੇ ਹਾਂ... ਜੇਕਰ ਤੁਸੀਂ ਮੇਰੇ ਬਾਰੇ ਉਸ ਦੇ ਦੁਆਰਾ ਦਿੱਤੇ ਗਏ ਬਿਆਨ ਦੇਖੇ ਹਨ। ਉਸਨੇ ਮੇਰੇ ਬਾਰੇ ਕੁਝ ਬਹੁਤ ਵਧੀਆ ਗੱਲਾਂ ਕਹੀਆਂ ਹਨ ਅਤੇ ਕੁਝ ਵੀ ਨਿੱਜੀ ਜਾਂ ਗਲਤ ਨਹੀਂ ਕਿਹਾ ਹੈ।" ਜਵਾਬ ਵਿੱਚ ਮਸਕ ਨੇ ਐਕਸ 'ਤੇ ਲਿਖਿਆ, 'ਇਹ ਬਿੱਲ ਮੈਨੂੰ ਕਦੇ ਨਹੀਂ ਦਿਖਾਇਆ ਗਿਆ। ਇਹ ਰਾਤੋ-ਰਾਤ ਇੰਨੀ ਜਲਦੀ ਪਾਸ ਹੋ ਗਿਆ ਕਿ ਕੋਈ ਇਸ ਨੂੰ ਪੜ੍ਹ ਵੀ ਨਹੀਂ ਸਕਿਆ।'

ਜ਼ਿਕਰਯੋਗ ਹੈ ਕਿ ਬਾਈਡੇਨ ਸਰਕਾਰ ਦੇ ਕਾਰਜਕਾਲ ਦੌਰਾਨ ਅਮਰੀਕਾ ਵਿੱਚ ਇੱਕ ਨਵਾਂ ਇਲੈਕਟ੍ਰਿਕ ਵਾਹਨ ਖਰੀਦਣ 'ਤੇ 7,500 ਡਾਲਰ ਦੀ ਟੈਕਸ ਛੋਟ ਦਿੱਤੀ ਜਾਂਦੀ ਸੀ। ਹੁਣ ਟਰੰਪ ਪ੍ਰਸ਼ਾਸਨ ਇਸ ਛੋਟ ਨੂੰ ਪੂਰੀ ਤਰ੍ਹਾਂ ਬੰਦ ਕਰਨ ਜਾ ਰਿਹਾ ਹੈ। ਬਿੱਲ ਵਿੱਚ ਇਹ ਵੀ ਕਿਹਾ ਗਿਆ ਹੈ ਕਿ 2009 ਅਤੇ 2025 ਦੇ ਵਿਚਕਾਰ ਦੋ ਲੱਖ ਇਲੈਕਟ੍ਰਿਕ ਵਾਹਨ ਵੇਚਣ ਵਾਲੀਆਂ ਕੰਪਨੀਆਂ ਨੂੰ ਇਹ ਛੋਟ ਨਹੀਂ ਮਿਲੇਗੀ।

ਇਸ ਤਰ੍ਹਾਂ ਇਸ ਨਿਯਮ ਨਾਲ ਸਿੱਧੇ ਤੌਰ 'ਤੇ ਮਸਕ ਦੀ ਕੰਪਨੀ ਟੇਸਲਾ ਦੇ ਪ੍ਰਭਾਵਿਤ ਹੋਣ ਦਾ ਖ਼ਤਰਾ ਬਣ ਗਿਆ ਹੈ। ਇਸ ਕਾਰਨ ਟੇਸਲਾ ਦੀ ਵਿਕਰੀ ਅਤੇ ਮੁਨਾਫ਼ੇ 'ਤੇ ਬੁਰਾ ਪ੍ਰਭਾਵ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਟਰੰਪ ਅਤੇ ਮਸਕ ਦੀ ਦੋਸਤੀ ਵਿੱਚ ਦਰਾਰ ਆਉਣ ਦਾ ਇੱਕ ਹੋਰ ਕਾਰਨ ਵੀ ਹੈ। ਮਸਕ ਚਾਹੁੰਦਾ ਸੀ ਕਿ ਉਸ ਦੇ ਨਜ਼ਦੀਕੀ ਜੇਰੇਡ ਇਸਹਾਕਮੈਨ ਨੂੰ ਨਾਸਾ ਦਾ ਪ੍ਰਸ਼ਾਸਕ ਬਣਾਇਆ ਜਾਵੇ। ਮਸਕ ਦੀ ਸੋਚ ਇਹ ਸੀ ਕਿ ਇਸਹਾਕਮੈਨ ਦੀ ਨਿਯੁਕਤੀ ਨਾਲ ਉਸ ਦੀ ਕੰਪਨੀ ਸਪੇਸਐਕਸ ਨੂੰ ਫਾਇਦਾ ਹੋਵੇਗਾ। ਸਪੇਸਐਕਸ ਪੁਲਾੜ ਯਾਤਰੀਆਂ ਨੂੰ ਨਾਸਾ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਲੈ ਜਾਂਦਾ ਹੈ। ਪਰ ਟਰੰਪ ਨੇ ਮਸਕ ਦੀ ਸਿਫਾਰਸ਼ ਨੂੰ ਨਹੀਂ ਮੰਨਿਆ। ਇਸ ਨਾਲ ਮਸਕ ਟਰੰਪ ਨਾਲ ਹੋਰ ਨਾਰਾਜ਼ ਹੋ ਗਿਆ। ਇਹਨਾਂ ਦੋਵਾਂ ਕਾਰਨਾਂ ਕਰਕੇ ਦੋਵਾਂ ਆਗੂਆਂ ਵਿਚਾਲੇ ਵਿਵਾਦ ਪੈਦਾ ਹੋਣ ਲੱਗਿਆ, ਜੋ ਕਿ ਦੋਵਾਂ ਦੀ ਦੋਸਤੀ ਟੁੱਟਣ ਤੱਕ ਪਹੁੰਚ ਗਿਆ।

ਕਿਹਾ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਡੋਨਾਲਡ ਟਰੰਪ ਅਤੇ ਐਲੋਨ ਮਸਕ ਵਿਚਕਾਰ ਟਕਰਾਅ ਤੋਂ ਬਾਅਦ ਮਸਕ ਦੀ ਟੇਸਲਾ ਕੰਪਨੀ ਨੂੰ 14% ਦਾ ਨੁਕਸਾਨ ਹੋਇਆ ਹੈ। ਜਿਸ ਤੋਂ ਬਾਅਦ ਗੁੱਸੇ ਵਿੱਚ ਆਏ ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਖ਼ਿਲਾਫ਼ ਇੱਕ ਨਵੀਂ ਰਾਜਨੀਤਿਕ ਪਾਰਟੀ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ। ਉਸਨੇ ਐਕਸ 'ਤੇ ਪੋਸਟ ਕੀਤਾ ਜਿਸ ਵਿੱਚ ਉਸਨੇ ਲੋਕਾਂ ਤੋਂ ਪੁੱਛਿਆ ਕਿ ਕੀ ਉਸ ਨੂੰ 80% ਮੱਧ ਵਰਗ ਲਈ ਇੱਕ ਨਵੀਂ ਰਾਜਨੀਤਿਕ ਪਾਰਟੀ ਸ਼ੁਰੂ ਕਰਨੀ ਚਾਹੀਦੀ ਹੈ।

ਇਸ ਸਮੇਂ, ਟਰੰਪ ਅਤੇ ਐਲੋਨ ਮਸਕ ਦੀ ਦੋਸਤੀ ਟੁੱਟਣ ਨਾਲ ਜਿੱਥੇ ਅਮਰੀਕਾ ਅਤੇ ਮਸਕ ਦੀ ਕੰਪਨੀ ਨੂੰ ਹੀ ਨੁਕਸਾਨ ਹੋ ਰਿਹਾ ਹੈ ਉੱਥੇ ਹੀ ਇਸ ਕਾਰਨ ਵਿਸ਼ਵ-ਵਿਆਪੀ ਵਪਾਰ ਨੂੰ ਨੁਕਸਾਨ ਹੋ ਰਿਹਾ ਹੈ। ਦੋਵਾਂ ਸ਼ਕਤੀਸ਼ਾਲੀ ਆਗੂਆਂ ਵਿਚਾਲੇ ਕੋਈ ਸਮਝੌਤਾ ਹੋਣ ਦੀ ਥਾਂ ਵਿਵਾਦ ਦਿਨੋਂ ਦਿਨ ਗਹਿਰਾਉਂਦਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਟਰੰਪ ਅਤੇ ਮਸਕ ਵਿਚਾਲੇ ਮੌਜੂਦਾ ਵਿਵਾਦ ਮੁੱਖ ਸੁਰਖ਼ੀਆਂ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਵੱਖ- ਵੱਖ ਵਿਦਵਾਨ ਟਰੰਪ ਅਤੇ ਮਸਕ ਵਿਚਾਲੇ ਵਿਵਾਦ ਸਬੰਧੀ ਆਪਣੇ ਵਿਚਾਰ ਪੇਸ਼ ਕਰ ਰਹੇ ਹਨ। ਹੁਣ ਇਸ ਵਿਵਾਦ ਦਾ ਅੰਤ ਕਿੱਥੇ ਜਾ ਕੇ ਹੁੰਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

***

## ਅਮਰੀਕਾ ਦੀ ਸਿਆਸੀ

ਨਿੱਜੀ ਅੜਚਣ ਨਹੀਂ, ਸਗੋਂ ਇਸ ਦੇ ਡੂੰਘੇ ਪ੍ਰਭਾਵ ਅਮਰੀਕੀ ਅਰਥਚਾਰੇ, ਸਿਆਸਤ ਅਤੇ ਗਲੋਬਲ ਸਟੇਜ 'ਤੇ ਵੀ ਦਿਖਣ ਦੀ ਸੰਭਾਵਨਾ ਹੈ। ਟਰੰਪ ਦੀ ਮਸਕ ਦੀਆਂ ਕੰਪਨੀਆਂ ਨਾਲ ਸਰਕਾਰੀ ਇਕਰਾਰਨਾਮੇ ਖਤਮ ਕਰਨ ਦੀ ਧਮਕੀ, ਮਸਕ ਦਾ 'ਐਪਸਟੀਨ ਫਾਈਲਾਂ' ਵਾਲਾ ਧਮਾਕਾ, ਟਰੰਪ ਦਾ ਮਸਕ 'ਤੇ ਡਰੱਗਜ਼ ਦੇ ਦੋਸ਼ ਅਤੇ ਹੁਣ ਰੂਸ ਵੱਲੋਂ ਮਸਕ ਨੂੰ ਸਿਆਸੀ ਸ਼ਰਨ ਦੀ ਪੇਸ਼ਕਸ਼, ਇਹ ਸਾਰੇ ਮਾਮਲੇ ਮਿਲ ਕੇ ਅਮਰੀਕੀ ਸਿਆਸਤ ਨੂੰ ਇੱਕ ਅਜਿਹੇ ਮੋੜ 'ਤੇ ਲੈ ਆਏ ਹਨ, ਜਿੱਥੇ ਸਵਾਲ ਹਰ ਕਿਸੇ ਦੇ ਮਨ ਵਿੱਚ ਗੂੰਜ ਰਹੇ ਹਨ: ਅੱਗੇ ਕੀ ? ਮਸਕ ਕੀ ਰੂਸ ਵੱਲ ਝੁਕੇਗਾ ? ਟਰੰਪ ਕੀ ਪਾਬੰਦੀਆਂ ਲਗਾਏਗਾ ? ਅਮਰੀਕੀ ਅਰਥਚਾਰੇ ਦਾ ਕੀ ਬਣੇਗਾ ?

## ਟਰੰਪ ਵੱਲੋਂ ਵ੍ਹਾਈਟ ਹਾਊਸ ਅੰਦਰ

ਸੌ ਸਾਲਾਂ ਤੋਂ ਚਾਹੁੰਦੇ ਸਨ।' ਉਨ੍ਹਾਂ ਕਿਹਾ, 'ਇਹ ਇੱਕ ਵਿਸ਼ਵ ਪੱਧਰੀ ਸੁੰਦਰ ਬਾਲਰੂਮ ਹੋਵੇਗਾ।' ਵ੍ਹਾਈਟ ਹਾਊਸ ਆਮ ਤੌਰ 'ਤੇ ਆਪਣੇ ਈਸਟ ਰੂਮ ਨੂੰ ਡਾਂਸ, ਰਿਸੈਪਸ਼ਨ ਅਤੇ ਦਾਅਵਤ ਲਈ ਵਰਤਦਾ ਹੈ। ਟਰੰਪ ਨੇ ਮਾਰਚ ਵਿੱਚ ਈਸਟ ਰੂਮ ਵਿੱਚ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਦੌਰਾਨ ਟਿੱਪਣੀ ਕੀਤੀ ਸੀ ਕਿ ਕਮਰਾ 'ਵਧੀਆ ਨਹੀਂ' ਸੀ ਅਤੇ 'ਅਸੀਂ ਇੱਕ ਵੱਡਾ ਕਮਰਾ ਵਰਤ ਸਕਦੇ ਹਾਂ।' ਉਸਨੇ ਭਵਿੱਖਬਾਣੀ ਕੀਤੀ ਸੀ ਕਿ ਇਸ ਪ੍ਰੋਜੈਕਟ ਦੀ ਲਾਗਤ 100 ਮਿਲੀਅਨ ਡਾਲਰ ਤੱਕ ਹੋ ਸਕਦੀ ਹੈ। ਵ੍ਹਾਈਟ ਹਾਊਸ ਵਿੱਚ ਸਥਾਪਤ ਕਰਨ ਲਈ ਦੋ 100-ਫੁੱਟ ਫਲੈਗ ਪੋਲ ਖਰੀਦਣ ਦੇ ਫੈਸਲੇ ਤੋਂ ਬਾਅਦ ਇਹ ਟਰੰਪ ਦਾ ਦੂਜਾ ਜਨੂੰਨ ਪ੍ਰੋਜੈਕਟ ਹੈ।

***

## ਕਾਫ਼ੀ ਮਹੱਤਵਪੂਰਨ ਰਹੀ

'ਕਰਾਊਨ ਭਾਸ਼ਣ' ਨੇ ਦਰਸਾਅ ਦਿੱਤਾ ਕਿ ਕੈਨੇਡੀਅਨ ਸੋਚ, ਨੀਤੀ ਅਤੇ ਵਿਵਹਾਰ ਨੇ ਇਤਿਹਾਸਕ ਮੋੜ ਕੱਟਦਿਆਂ ਅਮਰੀਕੀਵਾਦ ਨੂੰ ਤਿਲਾਂਜਲੀ ਦੇ ਕੇ ਬ੍ਰਿਟਿਸ਼ਵਾਦ ਨੂੰ ਅਪਨਾਉਣ ਦਾ ਨਿਰਣਾ ਲਿਆ ਹੈ। ਰਾਜਾ ਚਾਰਲਸ ਨੇ ਕੈਨੇਡਾ ਨਾਲ ਆਪਣੇ ਸੰਵੇਦਨਸ਼ੀਲ ਸਬੰਧਾਂ ਨੂੰ ਰੂਹਾਂ ਨੂੰ ਛੂਹਣ ਵਾਲਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ 'ਮੈਂ ਜਦੋਂ ਵੀ ਕੈਨੇਡਾ ਆਇਆ, ਕੈਨੇਡਾ ਮੇਰੀਆਂ ਰਗਾਂ ਵਿੱਚੋਂ ਦੀ ਗੁਜ਼ਰ ਕੇ ਸਿੱਧਾ ਮੇਰੇ ਦਿਲ ਵਿੱਚ ਧਸ ਜਾਂਦਾ ਰਿਹਾ।'

ਭਾਰਤ ਦੇ ਮਰਹੂਮ ਵਿਸ਼ਵ ਪ੍ਰਸਿੱਧ ਆਰਥਿਕ ਮਾਹਿਰ ਡਾ. ਮਨਮੋਹਨ ਸਿੰਘ ਜੋ 10 ਸਾਲ ਪ੍ਰਧਾਨ ਮੰਤਰੀ ਰਹੇ, ਵਾਂਗ ਵਿਸ਼ਵ ਪ੍ਰਸਿੱਧ ਆਰਥਿਕ ਮਾਹਿਰ ਤੋਂ ਸਿਆਸਤਦਾਨ ਬਣੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਲਈ ਰਾਜਾ ਚਾਰਲਸ ਦੀ ਕੈਨੇਡਾ ਫ਼ੇਰੀ ਬਹੁਤ ਵੱਡੀ ਰਾਜਨੀਤਕ, ਯੁੱਧਨੀਤਕ, ਡਿਪਲੋਮੈਟਿਕ ਤੇ ਵਪਾਰਕ ਜਿੱਤ ਸਾਬਿਤ ਹੋਈ ਹੈ। ਭਾਰਤ, ਆਸਟ੍ਰੇਲੀਆ, ਨਿਊਜ਼ੀਲੈਂਡ, ਜਮਾਇਕਾ, ਬਾਰਬਾਡੋਸ ਆਦਿ ਕਾਮਨਵੈਲਥ ਦੇਸ਼ਾਂ ਦੇ ਉਲਟ ਕੈਨੇਡਾ ਨੇ ਬ੍ਰਿਟਿਸ਼ ਰਾਜਾਸ਼ਾਹੀ ਨੂੰ ਇਕ ਆਜ਼ਾਦ, ਪ੍ਰਭੂਸੱਤਾ ਸੰਪੰਨ ਦੇਸ਼ ਹੋਣ ਦੇ ਬਾਵਜੂਦ ਸੰਵਿਧਾਨਕ ਮੁਖੀ ਬਣਾਈ ਰੱਖਿਆ। ਇਸ ਵਿਵਸਥਾ ਰਾਹੀਂ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਧਮਕੀਆਂ ਦਾ ਦਲੇਰਾਨਾ ਅਤੇ ਢੁੱਕਵਾਂ ਜਵਾਬ ਦੇਣ ਲਈ ਪ੍ਰਧਾਨ ਮੰਤਰੀ ਕਾਰਨੀ ਦੀ ਦੂਰ-ਅੰਦੇਸ਼ੀ ਨੇ ਪੂਰੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ ਹੈ।

***

## ਪੰਜਾਬ ਅਤੇ ਹਰਿਆਣਾ

ਪੰਜਾਬ ਇਸ ਧੱਕੇ ਨੂੰ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਬੀ.ਬੀ.ਐਮ.ਬੀ. ਦਾ ਫੰਡ ਰੋਕਣ ਅਤੇ ਪਿਛਲੇ ਫੰਡ ਦੀ ਆਡਿਟ ਦੀ ਗੱਲ ਵੀ ਕਹੀ। 27 ਮਈ 2025 ਦੌਰਾਨ ਭਗਵੰਤ ਮਾਨ ਨੇ ਬੀ.ਬੀ.ਐਮ.ਬੀ. ਦੇ ਪੁਨਰਗਠਨ ਦੀ ਮੰਗ ਕੀਤੀ, ਕਹਿੰਦਿਆਂ ਕਿ ਬੀ.ਬੀ.ਐਮ.ਬੀ. ਨੇ ਪੰਜਾਬ ਵਿਰੁੱਧ ਗੈਰ-ਸੰਵਿਧਾਨਕ ਫੈਸਲੇ ਲਏ ਹਨ।

***

## ਸ਼੍ਰੋਮਣੀ ਅਕਾਲੀ ਦਲ 'ਚ

ਪੰਜਾਬ ਵਿੱਚ ਅਕਾਲੀ ਦਲ ਦੇ ਹੋਰ ਗਰੁੱਪ ਵੀ ਸਰਗਰਮ ਹਨ, ਜਿਨ੍ਹਾਂ ਦਾ ਆਪੋ ਆਪਣੇ ਇਲਾਕਿਆਂ ਵਿੱਚ ਕੁਝ ਆਧਾਰ ਹੋਣ ਦਾ ਦਾਅਵਾ ਵੀ ਇਹਨਾਂ ਅਕਾਲੀ ਗਰੁੱਪਾਂ ਦੇ ਆਗੂਆਂ ਵੱਲੋਂ ਕੀਤਾ ਜਾਂਦਾ ਹੈ ਪਰ ਆਮ ਤੌਰ 'ਤੇ ਉਸ ਅਕਾਲੀ ਦਲ ਨੂੰ ਸਭ ਤੋਂ ਸ਼ਕਤੀਸ਼ਾਲੀ ਸਮਝਿਆ ਜਾਂਦਾ ਹੈ, ਜਿਸ ਦਾ ਕਬਜ਼ਾ ਸ਼੍ਰੋਮਣੀ ਕਮੇਟੀ 'ਤੇ ਹੋਵੇ। ਇਸ ਸਮੇਂ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਬਾਦਲ ਦਾ ਕਬਜ਼ਾ ਹੋਣ ਕਾਰਨ ਇਸ ਅਕਾਲੀ ਦਲ ਨੂੰ ਹੋਰਨਾਂ ਅਕਾਲੀ ਗਰੁੱਪਾਂ ਤੋਂ ਮਜ਼ਬੂਤ ਮੰਨਿਆ ਜਾ ਰਿਹਾ ਹੈ। ਭਾਵੇਂ ਕਿ ਵੱਖ- ਵੱਖ ਅਕਾਲੀ ਦਲਾਂ ਦੇ ਆਗੂ ਵੀ ਆਪਣੇ ਦਲਾਂ ਨੂੰ ਸਿੱਖਾਂ ਦੀ ਨੁਮਾਇੰਦਗੀ ਸਿਆਸੀ ਪਾਰਟੀ ਹੋਣ ਦਾ ਦਾਅਵਾ ਕਰਦੇ ਹਨ।

ਜਦੋਂ ਵੀ ਕਿਸੇ ਦੂਜੇ ਰਾਜ ਵਿੱਚ ਸਿੱਖਾਂ ਨਾਲ ਧੱਕਾ ਹੁੰਦਾ ਹੈ ਤਾਂ ਸਿੱਖ ਅਤੇ ਪੰਜਾਬੀ ਸਭ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲ ਆਸ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ ਕਿਉਂਕਿ ਵੱਡੀ ਗਿਣਤੀ ਸਿੱਖ ਅਤੇ ਪੰਜਾਬੀ ਅਜੇ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਮੋਹ ਰੱਖਦੇ ਹਨ ਭਾਵੇਂ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਵੱਡੀ ਗਿਣਤੀ ਸਿੱਖਾਂ ਅਤੇ ਪੰਜਾਬੀਆਂ ਨੂੰ ਪ੍ਰਵਾਨ ਨਹੀਂ ਪਰ ਉਹ ਅਕਾਲੀ ਦਲ ਦਾ ਮੁੜ ਉਭਾਰ ਚਾਹੁੰਦੇ ਹਨ ਅਤੇ ਇਸ ਲਈ ਚਾਹੁੰਦੇ ਹਨ ਕਿ ਲੀਡਰਸ਼ਿਪ ਵਿੱਚ ਤਬਦੀਲੀ ਵੀ ਸਮੇਂ ਦੀ ਲੋੜ ਮਹਿਸੂਸ ਹੋ ਰਹੀ ਹੈ। ਵੱਖ- ਵੱਖ ਬੁੱਧੀਜੀਵੀ ਕਹਿ ਰਹੇ ਹਨ ਕਿ ਅਕਾਲੀ ਦਲ ਲਈ ਹੁਣ ਮੌਕਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਗੁਆਚੀ ਹੋਈ ਜ਼ਮੀਨ ਮੁੜ ਹਾਸਲ ਕਰਨ ਲਈ ਯਤਨ ਕਰੇ। ਇਸ ਲਈ ਜੇ ਸੀਨੀਅਰ ਲੀਡਰਸ਼ਿਪ ਨੂੰ ਆਪਣੇ ਅਹੁਦਿਆਂ ਦੀ ਕੁਰਬਾਨੀ ਦੇਣੀ ਪੈ ਜਾਵੇ ਤਾਂ ਉਹਨਾਂ ਨੂੰ ਇਹ ਕੁਰਬਾਨੀ ਦੇਣੀ ਚਾਹੀਦੀ ਹੈ ਕਿਉਂਕਿ ਅਕਾਲੀ ਦਾ ਇਤਿਹਾਸ ਹੀ ਕੁਰਬਾਨੀਆਂ ਭਰਿਆ ਹੈ। ਆਉਣ ਵਾਲੇ ਦਿਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਕਿੰਨਾ ਕੁ ਮਜ਼ਬੂਤ ਹੁੰਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

***

## ਕੀ ਸੁਖਬੀਰ ਬਾਦਲ ਦਾ ਸੁਪਨਾ

ਹੁਣ ਸੁਖਬੀਰ ਬਾਦਲ ਚਾਹੁੰਦੇ ਹਨ ਕਿ ਉਹਨਾਂ ਦਾ ਇਹ ਸੁਪਨਾ ਸਾਲ 2027 ਵਿੱਚ ਪੂਰਾ ਹੋ ਜਾਵੇ। ਇਸ ਲਈ ਉਹਨਾਂ ਵੱਲੋਂ ਪਾਰਟੀ ਦਾ ਮੁੜ ਪ੍ਰਧਾਨ ਬਣਨ ਤੋਂ ਬਾਅਦ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਜਦੋਂ ਤੋਂ ਅਕਾਲੀ ਦਲ ਦੀ ਵਾਗਡੋਰ ਬਾਦਲ ਪਰਿਵਾਰ ਦੇ ਹੱਥ ਆਈ ਹੈ ਤਾਂ ਉਦੋਂ ਤੋਂ ਬਾਦਲ ਪਰਿਵਾਰ ਹੱਥ ਪਾਰਟੀ ਦਾ ਪ੍ਰਧਾਨ ਬਣਦਾ ਆ ਰਿਹਾ ਹੈ। ਇਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਅਕਾਲੀ ਦਲ ਬਾਦਲ ਕਿਹਾ ਜਾਂਦਾ ਹੈ। ਜਦੋਂ ਕਿ ਵੱਡੀ ਗਿਣਤੀ ਟਕਸਾਲੀ ਅਕਾਲੀ ਆਗੂ ਬਾਦਲ ਦਲ ਤੋਂ ਦੂਰ ਹੋ ਚੁੱਕੇ ਹਨ। ਅਕਾਲੀ ਆਗੂਆਂ ਵਿੱਚ ਏਕਤਾ ਕਰਵਾਉਣ ਅਤੇ ਸਾਂਝਾ ਅਕਾਲੀ ਦਲ ਬਣਾਉਣ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਕੀਤੇ ਗਏ ਯਤਨ ਵੀ ਅਜੇ ਤਕ ਸਫ਼ਲ ਨਹੀਂ ਹੋਏ। ਇਸ ਕਰਕੇ ਇਸ ਸਮੇਂ ਅਕਾਲੀ ਦਲ ਬਾਦਲ ਦੇ ਕਰਤਾ ਧਰਤਾ ਪੂਰੀ ਤਰ੍ਹਾਂ ਸੁਖਬੀਰ ਬਾਦਲ ਹੱਥ ਹਨ।

ਸੁਖਬੀਰ ਬਾਦਲ ਨੇ ਜਿਸ ਤਰੀਕੇ ਨਾਲ ਅਕਾਲੀ ਦਲ ਬਾਦਲ ਦੇ ਸਾਲ 2027 ਵਿੱਚ ਸੱਤਾ ਵਿੱਚ ਆਉਣ ਦਾ ਦਾਅਵਾ ਕੀਤਾ ਹੈ ਉਸ ਬਾਰੇ ਅਜੇ ਕੁਝ ਕਹਿਣਾ ਮੁਸ਼ਕਿਲ ਹੈ ਕਿਉਂਕਿ ਸਾਲ 2027 ਆਉਣ ਵਿੱਚ ਹੱਥ ਡੇਢ ਸਾਲ ਦੇ ਕਰੀਬ ਸਮਾਂ ਪਿਆ ਹੈ। ਸੁਖਬੀਰ ਬਾਦਲ ਦਾ ਇਹ ਦਾਅਵਾ ਅਤੇ ਸੁਪਨਾ ਕਿੰਨਾ ਕੁ ਪੂਰਾ ਹੁੰਦਾ ਹੈ ਇਹ ਤਾਂ ਸਾਲ 2027 ਦੀਆਂ ਚੋਣਾਂ ਤੋਂ ਬਾਅਦ ਹੀ ਪਤਾ ਚੱਲੇਗਾ।

***

## ਆਸ ਮੁਤਾਬਿਕ ਨਹੀਂ ਨਿਕਲੇ

ਸਰਕਾਰ ਨੇ 200 ਮਨੋਰੋਗ ਡਾਕਟਰਾਂ ਦੀ ਅਸਥਾਈ ਭਰਤੀ ਦਾ ਐਲਾਨ ਕੀਤਾ, ਜੋ 6 ਮਹੀਨਿਆਂ ਬਾਅਦ ਸ਼ੁਰੂ ਹੋਵੇਗੀ। ਪ੍ਰਾਈਵੇਟ ਹਸਪਤਾਲਾਂ 'ਚ 1000 ਤੇ ਸਰਕਾਰੀ ਹਸਪਤਾਲਾਂ 'ਚ 5000 ਬੈੱਡਾਂ ਦਾ ਪ੍ਰਬੰਧ ਕੀਤਾ ਗਿਆ। ਸਰਕਾਰ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦਾ ਖਰਚ ਵੀ ਚੁੱਕੇਗੀ। ਪਰ ਸਵਾਲ ਇਹ ਹੈ ਕਿ ਕੀ ਇਹ ਸਾਰੇ ਪ੍ਰਬੰਧ ਨਸ਼ੇ ਦੀ ਜੜ੍ਹ 'ਤੇ ਵਾਰ ਕਰ ਸਕਣਗੇ, ਜਾਂ ਸਿਰਫ ਅੰਕੜਿਆਂ ਦੀ ਖੇਡ ਨੂੰ ਹੋਰ ਚਮਕਾਉਣਗੇ ?

ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਅੰਕੜਿਆਂ ਦੀ ਖੇਡ ਨਹੀਂ, ਸਗੋਂ ਅਸਲ ਹੱਲ ਚਾਹੀਦੇ ਨੇ। ਸਰਕਾਰ ਨੂੰ ਚਾਹੀਦਾ ਹੈ ਕਿ ਵੱਡੇ ਸਮਗਲਰਾਂ 'ਤੇ ਨਕੇਲ ਕਸੇ, ਨਸ਼ਾ ਛੁਡਾਊ ਕੇਂਦਰਾਂ ਵਿੱਚ ਸੁਧਾਰ ਕਰੇ, ਤੇ ਸਭ ਤੋਂ ਵੱਡੀ ਗੱਲ 'ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰੇ।' ਜਦੋਂ ਤੱਕ ਪੰਜਾਬ ਦੇ ਨੌਜਵਾਨਾਂ ਦੇ ਹੱਥ ਵਿੱਚ ਕੰਮ ਨਹੀਂ, ਉਹ ਨਸ਼ਿਆਂ ਦੀ ਦਲਦਲ ਵਿੱਚੋਂ ਨਹੀਂ ਨਿਕਲ ਸਕਣਗੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਜੰਗ ਨੂੰ ਅੰਕੜਿਆਂ ਦੀ ਬਜਾਏ ਦਿਲੋਂ ਲੜੇ, ਨਹੀਂ ਤਾਂ ਪੰਜਾਬ ਦੀ ਇਹ ਧਰਤੀ, ਜੋ ਕਦੀ ਸੋਨੇ ਦੀ ਚਿੜੀ ਸੀ, ਨਸ਼ਿਆਂ ਦੀ ਚਪੇਟ ਵਿੱਚ ਹੋਰ ਡੁੱਬਦੀ ਜਾਵੇਗੀ।

***

## '84 ਦੇ ਸਿੱਖ ਘੱਲੂਘਾਰੇ 'ਚ ਬ੍ਰਿਟਿਸ਼ ਸਰਕਾਰ

ਨੇ ਲਗਾਤਾਰ ਇਸ ਮੁੱਦੇ 'ਤੇ ਸੁਤੰਤਰ ਜਾਂਚ ਦੀ ਮੰਗ ਕੀਤੀ ਹੈ। ਇਨ੍ਹਾਂ ਰਾਜਨੀਤਕ ਅਤੇ ਸਮਾਜਿਕ ਸੰਗਠਨਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਬ੍ਰਿਟਿਸ਼ ਸਰਕਾਰ ਦੀ ਚੁੱਪੀ ਅਤੇ ਅਣਗਹਿਲੀ ਨੇ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਹੋਰ ਗੰਭੀਰ ਕੀਤਾ ਹੈ।

ਬ੍ਰਿਟਿਸ਼ ਸਰਕਾਰ ਦੀ ਚੁੱਪੀ ਅਤੇ ਸੁਤੰਤਰ ਜਾਂਚ ਨੂੰ ਟਾਲਣ ਦੀ ਨੀਤੀ ਦੇ ਪਿੱਛੇ ਕਈ ਸੰਭਾਵਿਤ ਕਾਰਨ ਹੋ ਸਕਦੇ ਹਨ। ਪਹਿਲਾਂ, ਇਹ ਮਾਮਲਾ 1984 ਦਾ ਹੈ, ਅਤੇ ਇਸ ਦੇ ਸਾਰੇ ਸਬੂਤਾਂ ਨੂੰ ਜਨਤਕ ਕਰਨਾ ਸੰਭਵ ਤੌਰ 'ਤੇ ਬ੍ਰਿਟਿਸ਼ ਸਰਕਾਰ ਦੀ ਅੰਤਰਰਾਸ਼ਟਰੀ ਸਾਖ ਨੂੰ ਨੁਕਸਾਨ ਪਹੁੰਚਾ ਸਕਦਾ ਹੈ। 1984 ਵਿੱਚ ਭਾਰਤ ਨਾਲ ਬ੍ਰਿਟੇਨ ਦੇ ਰਾਜਨੀਤਕ ਅਤੇ ਵਪਾਰਕ ਸਬੰਧ ਮਜ਼ਬੂਤ ਸਨ ਅਤੇ ਅਜਿਹੀ ਸਹਾਇਤਾ ਪ੍ਰਦਾਨ ਕਰਨਾ ਸ਼ਾਇਦ ਉਸ ਸਮੇਂ ਦੀ ਰਾਜਨੀਤਕ ਰਣਨੀਤੀ ਦਾ ਹਿੱਸਾ ਸੀ। ਪਰ ਅੱਜ, ਜਦੋਂ ਸਿੱਖ ਭਾਈਚਾਰਾ ਇਸ ਸੱਚ ਨੂੰ ਸਾਹਮਣੇ ਲਿਆਉਣ ਦੀ ਮੰਗ ਕਰ ਰਿਹਾ ਹੈ, ਤਾਂ ਸਰਕਾਰ ਸ਼ਾਇਦ ਆਪਣੀ ਇਤਿਹਾਸਕ ਗਲਤੀ ਨੂੰ ਸਵੀਕਾਰ ਕਰਨ ਤੋਂ ਝਿਜਕ ਰਹੀ ਹੈ।

### ਸੁਤੰਤਰ ਜਾਂਚ ਦੀ ਜ਼ਰੂਰਤ ਅਤੇ ਸਿੱਖ ਭਾਈਚਾਰੇ ਦਾ ਸੰਘਰਸ਼

ਸੁਤੰਤਰ ਜਾਂਚ ਦੀ ਮੰਗ ਸਿਰਫ਼ ਸਿੱਖ ਭਾਈਚਾਰੇ ਦੀ ਪੁਕਾਰ ਨਹੀਂ, ਸਗੋਂ ਨਿਆਂ ਅਤੇ ਸੱਚਾਈ ਦੀ ਲੜਾਈ ਹੈ। 1984 ਦੇ ਘੱਲੂਘਾਰੇ ਦੀ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਸੁਤੰਤਰ ਜਾਂਚ ਨਾ ਸਿਰਫ਼ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਮਰਹਮ ਲਗਾਏਗੀ, ਸਗੋਂ ਇਹ ਵੀ ਸੁਨਿਸ਼ਚਿਤ ਕਰੇਗੀ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਮੁੜ ਕੇ ਨਾ ਵਾਪਰਨ। ਬ੍ਰਿਟਿਸ਼ ਸਰਕਾਰ ਦੀ ਚੁੱਪੀ ਸਿੱਖ ਭਾਈਚਾਰੇ ਦੇ ਨਿਆਂ ਦੇ ਅਧਿਕਾਰ ਨੂੰ ਖੋਹਣ ਦੀ ਕੋਸ਼ਿਸ਼ ਹੈ। ਸਿੱਖ ਭਾਈਚਾਰੇ ਦਾ ਸੰਘਰਸ਼ ਸਿਰਫ਼ ਬ੍ਰਿਟੇਨ ਤੱਕ ਸੀਮਿਤ ਨਹੀਂ ਹੈ। ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੀ ਸਿੱਖ ਸੰਗਠਨ ਅਤੇ ਰਾਜਨੀਤਕ ਨੇਤਾ ਇਸ ਮੁੱਦੇ ਨੂੰ ਜਨਤਕ ਪਲੇਟਫਾਰਮਾਂ 'ਤੇ ਉਠਾ ਰਹੇ ਹਨ। ਪਰ ਬ੍ਰਿਟਿਸ਼ ਸਰਕਾਰ ਦੀ ਅਣਗਹਿਲੀ ਨੇ ਸਿੱਖ ਭਾਈਚਾਰੇ ਦੇ ਸੰਘਰਸ਼ ਨੂੰ ਹੋਰ ਜਟਿਲ ਬਣਾ ਦਿੱਤਾ ਹੈ। 1984 ਦੇ ਘੱਲੂਘਾਰੇ ਵਿੱਚ ਬ੍ਰਿਟਿਸ਼ ਸਰਕਾਰ ਦੀ ਕਥਿਤ ਸ਼ਮੂਲੀਅਤ ਦਾ ਮੁੱਦਾ ਸਿਰਫ਼ ਸਿੱਖ ਭਾਈਚਾਰੇ ਦਾ ਨਹੀਂ, ਸਗੋਂ ਸਮੁੱਚੇ ਮਨੁੱਖੀ ਅਧਿਕਾਰਾਂ ਦੀ ਲੜਾਈ ਦਾ ਮੁੱਦਾ ਹੈ। ਸੁਤੰਤਰ ਜਾਂਚ ਦੀ ਮੰਗ ਨੂੰ ਸਵੀਕਾਰ ਕਰਕੇ ਬ੍ਰਿਟਿਸ਼ ਸਰਕਾਰ ਨਾ ਸਿਰਫ਼ ਸਿੱਖ ਭਾਈਚਾਰੇ ਨੂੰ ਨਿਆਂ ਦੇ ਸਕਦੀ ਹੈ, ਸਗੋਂ ਇਹ ਵੀ ਸਾਬਤ ਕਰ ਸਕਦੀ ਹੈ ਕਿ ਉਹ ਮਨੁੱਖੀ ਅਧਿਕਾਰਾਂ ਅਤੇ ਸੱਚਾਈ ਦੇ ਪੱਖ ਵਿੱਚ ਹੈ। ਪਰ ਸਰਕਾਰ ਦੀ ਚੁੱਪੀ ਅਤੇ ਅਣਗਹਿਲੀ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਹੋਰ ਗੰਭੀਰ ਕਰ ਰਹੀ ਹੈ।

***

## ਪੂਰੀ ਤੇਜ਼ ਹੋ ਗਈ ਹੈ ਲੁਧਿਆਣਾ

ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਜ਼ੋਰ ਪੰਜਾਬ ਦੇ ਮਸਲੇ ਹਲ਼ ਕਰਨ ਲਈ ਕੋਈ ਠੋਸ ਸੁਝਾਅ ਦੇਣ ਦੀ ਥਾਂ ਇੱਕ ਦੂਜੇ ਦੀ ਨਿਖੇਧੀ ਕਰਨ ਅਤੇ ਆਪਣੀ ਪਾਰਟੀ ਦੇ ਉਮੀਦਵਾਰ ਲਈ ਵੋਟਾਂ ਪੱਕੀਆਂ ਕਰਨ ਵੱਲ ਲੱਗਿਆ ਹੋਇਆ ਹੈ। ਇਸ ਚੋਣ ਦੌਰਾਨ ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਨੇ ਕੋਈ ਨਵਾਂ ਪ੍ਰੋਗਰਾਮ ਜਾਂ ਸਿਆਸੀ ਏਜੰਡਾ ਆਮ ਲੋਕਾਂ ਅੱਗੇ ਪੇਸ਼ ਨਹੀਂ ਕੀਤਾ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਪਿਛਲੀਆਂ ਚੋਣਾਂ ਦੌਰਾਨ ਕੀਤੀਆਂ ਗਈਆਂ ਗੱਲਾਂ ਨੂੰ ਹੀ ਦੁਹਰਾਅ ਰਹੇ ਹਨ। ਕਿਸੇ ਸਿਆਸੀ ਪਾਰਟੀ ਕੋਲ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਕਿਸੇ ਵਿਸ਼ੇਸ਼ ਨੀਤੀ ਦਾ ਖਰੜਾ ਨਹੀਂ ਹੈ। ਉਂਝ ਸਾਰੀਆਂ ਹੀ ਸਿਆਸੀ ਪਾਰਟੀਆਂ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਲਈ ਵੱਡੇ ਉਪਰਾਲੇ ਕਰਨ ਦੇ ਦਾਅਵੇ ਅਤੇ ਵਾਅਦੇ ਕਰ ਰਹੀਆਂ ਹਨ। ਅਕਸਰ ਚੋਣਾਂ ਮੌਕੇ ਸਿਆਸੀ ਪਾਰਟੀਆਂ ਵੋਟਰਾਂ ਨਾਲ ਅਜਿਹੇ ਵਾਅਦੇ ਵੀ ਕਰ ਜਾਂਦੀਆਂ ਹਨ, ਜਿਨ੍ਹਾਂ ਨੂੰ ਚੋਣਾਂ ਜਿੱਤਣ ਤੋਂ ਬਾਅਦ ਵੀ ਪੂਰੇ ਕਰਨਾ ਸੰਭਵ ਨਹੀਂ ਹੁੰਦਾ।

***

## ਸਿੱਖ ਸੇਵਕ ਸੁਸਾਇਟੀ ਦੀ ਸੇਵਾ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਇਸ ਮੌਕੇ 'ਤੇ ਸਿੱਖ ਪੰਥ ਵਿਰੁੱਧ ਜਾਤੀਵਾਦ ਦੇ ਲੱਗ ਰਹੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸਿੱਖੀ ਸਦਾ ਦਬੇ-ਕੁਚਲੇ ਵਰਗਾਂ ਦੇ ਹੱਕ ਵਿੱਚ ਖੜ੍ਹੀ ਹੈ। ਉਨ੍ਹਾਂ ਨੇ ਕਿਹਾ, "ਸਿੱਖ ਪੰਥ ਨੇ ਹਮੇਸ਼ਾ ਹੜ੍ਹਾਂ, ਬਿਪਤਾਵਾਂ ਅਤੇ ਸਮਾਜਿਕ ਅਨਿਆਂ ਵਿਰੁੱਧ ਗਰੀਬਾਂ ਦਾ ਸਾਥ ਦਿੱਤਾ ਹੈ। ਸਿੱਖ ਸੇਵਕ ਸੁਸਾਇਟੀ ਇਸੇ ਸਿਧਾਂਤ 'ਤੇ ਚੱਲਦੀ ਹੈ।" ਉਨ੍ਹਾਂ ਦਸਿਆ ਕਿ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਸਥਾਪਨਾ ਦਾ ਮੁੱਖ ਮਕਸਦ ਸਿੱਖੀ ਦੇ ਸੇਵਾ ਅਤੇ ਸਮਾਨਤਾ ਦੇ ਸਿਧਾਂਤਾਂ ਨੂੰ ਅਮਲ ਵਿੱਚ ਲਿਆਉਣਾ ਹੈ। ਸੰਸਥਾ ਨੇ ਨਾ ਸਿਰਫ ਰਾਜਬੀਰ ਸਿੰਘ ਦੀ ਸਹਾਇਤਾ ਕੀਤੀ, ਸਗੋਂ ਸਮਾਜ ਦੇ ਹੋਰ ਵੀ ਕਈ ਲੋੜਵੰਦ ਲੋਕਾਂ ਦੀ ਮਦਦ ਕਰਕੇ ਸਿੱਖੀ ਦੀ ਮਹਾਨ ਪਰੰਪਰਾ ਨੂੰ ਜਾਰੀ ਰੱਖਿਆ ਹੈ। ਇਸ ਮੌਕੇ 'ਤੇ ਸੰਸਥਾ ਦੇ ਮੈਂਬਰਾਂ ਨੇ ਸਪੱਸ਼ਟ ਕੀਤਾ ਕਿ ਉਹ ਅੱਗੇ ਵੀ ਅਜਿਹੀਆਂ ਸੇਵਾਵਾਂ ਜਾਰੀ ਰੱਖਣਗੇ, ਜੋ ਸਮਾਜ ਦੇ ਹਰ ਵਰਗ ਨੂੰ ਇੱਕ ਸਮਾਨ ਮਾਣ-ਸਤਿਕਾਰ ਦਿੰਦੀਆਂ ਹਨ। ਸਿੱਖ ਸੇਵਕ ਸੁਸਾਇਟੀ ਦੀ ਇਹ ਪਹਿਲ ਵੀ ਇਸੇ ਸਿਧਾਂਤ ਦੀ ਪੁਸ਼ਟੀ ਕਰਦੀ ਹੈ, ਜਿੱਥੇ ਰਾਜਬੀਰ ਸਿੰਘ ਰਵਿਦਾਸੀਆ ਨੂੰ ਗੁਰੂ ਨਾਨਕ ਪੰਥ ਦੇ ਹਿੱਸੇ ਵਜੋਂ ਸਹਾਇਤਾ ਪ੍ਰਦਾਨ ਕੀਤੀ ਗਈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਇਹ ਪਹਿਲ ਸਿੱਖੀ ਦੀ ਸੇਵਾ-ਭਾਵਨਾ ਅਤੇ ਸਮਾਨਤਾ ਦੇ ਸਿਧਾਂਤਾਂ ਦੀ ਜੀਵੰਤ ਮਿਸਾਲ ਹੈ।

***

## ਕੀ ਸਿੰਧੂ ਜਲ ਸੰਧੀ ਦਾ ਸੰਕਟ ਭਾਰਤ

ਭਾਰਤ ਨੇ 33 ਦੇਸ਼ਾਂ ਵਿੱਚ ਸੱਤ ਵੱਡੇ ਡੈਲੀਗੇਸ਼ਨ ਭੇਜੇ, ਪਰ ਨਿਊਜ਼ ਏਜੰਸੀ 'ਰਾਇਟਰਜ਼' ਦੀ 12 ਮਈ, 2025 ਦੀ ਰਿਪੋਰਟ ਅਨੁਸਾਰ, ਕੋਈ ਵੀ ਵੱਡਾ ਦੇਸ਼ ਖੁੱਲ੍ਹ ਕੇ ਸਮਰਥਨ ਨਹੀਂ ਦੇ ਸਕਿਆ। ਰੂਸ ਅਤੇ ਅਮਰੀਕਾ ਦਾ ਸਮਰਥਨ ਅਸਪਸ਼ਟ ਰਿਹਾ, ਜਦਕਿ ਚੀਨ ਅਤੇ ਤੁਰਕੀ ਨੇ ਪਾਕਿਸਤਾਨ ਦਾ ਪੱਖ ਲਿਆ। ਅੰਤਰਰਾਸ਼ਟਰੀ ਅਖ਼ਬਾਰਾਂ ਨੇ ਭਾਰਤ ਦੀ ਇਸ ਇਕੱਲਤਾ ਨੂੰ ਉਜਾਗਰ ਕੀਤਾ ਹੈ।

ਭਾਰਤ ਦੇ ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਭਾਰਤ ਨੂੰ ਸੰਯੁਕਤ ਰਾਸ਼ਟਰ ਅਤੇ ਕੋਆਡ (ਜਪਾਨ, ਆਸਟਰੇਲੀਆ, ਅਮਰੀਕਾ) ਵਰਗੇ ਸਹਿਯੋਗੀਆਂ ਨਾਲ ਮਜ਼ਬੂਤ ਸੰਬੰਧ ਬਣਾਉਣ ਦੀ ਲੋੜ ਹੈ। ਭਾਰਤ ਨੂੰ ਅੰਤਰਰਾਸ਼ਟਰੀ ਅਦਾਲਤਾਂ ਵਿੱਚ ਆਪਣਾ ਪੱਖ ਮਜ਼ਬੂਤੀ ਨਾਲ ਰੱਖਣਾ ਹੋਵੇਗਾ, ਖ਼ਾਸ ਕਰਕੇ ਸੰਧੀ ਦੀ ਮੁਅੱਤਲੀ ਨੂੰ ਜਾਇਜ਼ ਠਹਿਰਾਉਣ ਲਈ।

***

## ਫ਼ਰੀਮੌਂਟ ਗੁਰਦੁਆਰਾ ਸਾਹਿਬ

ਹਾਲ ਹੀ ਦੇ ਸਾਲਾਂ ਵਿੱਚ, ਸਿੱਖ ਆਗੂਆਂ ਦੇ ਕਤਲ ਦੀਆਂ ਘਟਨਾਵਾਂ, ਜਿਵੇਂ ਕਿ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦਾ ਕਤਲ, ਨੇ ਸਿੱਖ ਭਾਈਚਾਰੇ ਦੇ ਸ਼ੱਕ ਨੂੰ ਹੋਰ ਵਧਾ ਦਿੱਤਾ ਹੈ। ਫ਼ਾਈਨੈਂਸ਼ੀਅਲ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ, ਅਮਰੀਕੀ ਸਰਕਾਰ ਨੂੰ ਸ਼ੱਕ ਹੈ ਕਿ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟ ਸ਼ਾਮਲ ਸਨ, ਅਤੇ ਅਮਰੀਕਾ ਨੇ ਇਸ ਸਬੰਧੀ ਭਾਰਤ ਸਰਕਾਰ ਨੂੰ ਚੇਤਾਵਨੀ ਵੀ ਜਾਰੀ ਕੀਤੀ ਸੀ। ਇਸ ਦੇ ਨਾਲ ਹੀ, ਅਮਰੀਕੀ ਅਦਾਲਤ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਵੀ ਇੱਕ ਸ਼ੱਕੀ ਵਿਰੁੱਧ ਇਲਜ਼ਾਮ ਤੈਅ ਕੀਤੇ ਗਏ ਹਨ। ਇਹ ਸਾਰੇ ਮੁੱਦੇ ਸਿੱਖ ਭਾਈਚਾਰੇ ਦੇ ਸ਼ੱਕ ਨੂੰ ਮਜ਼ਬੂਤ ਕਰਦੇ ਹਨ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਵਰਗੀਆਂ ਸੰਸਥਾਵਾਂ ਭਾਰਤ ਸਰਕਾਰ ਦੇ ਹਿੱਤਾਂ ਲਈ ਅਮਰੀਕੀ ਧਰਤੀ 'ਤੇ ਕੰਮ ਕਰ ਰਹੀਆਂ ਹਨ। ਸਿੱਖ ਭਾਈਚਾਰਾ ਮਹਿਸੂਸ ਕਰਦਾ ਹੈ ਕਿ ਉਹਨਾਂ ਦੀਆਂ ਸ਼ਿਕਾਇਤਾਂ ਨੂੰ ਅਮਰੀਕੀ ਜਸਟਿਸ ਵਿਭਾਗ ਵੱਲੋਂ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਅਮਰੀਕਾ ਅਤੇ ਭਾਰਤ ਦਰਮਿਆਨ ਮਜ਼ਬੂਤ ਕੂਟਨੀਤਕ ਸਬੰਧ ਹਨ, ਅਤੇ ਅਮਰੀਕੀ ਸਰਕਾਰ ਭਾਰਤ ਨਾਲ ਸਬੰਧਾਂ ਨੂੰ ਖਰਾਬ ਕਰਨ ਵਾਲੇ ਮੁੱਦਿਆਂ 'ਤੇ ਸਾਵਧਾਨੀ ਨਾਲ ਕੰਮ ਕਰਦੀ ਹੈ। ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀ ਜਾਂਚ ਸ਼ੁਰੂ ਕਰਨ ਨਾਲ ਭਾਰਤ-ਅਮਰੀਕਾ ਸਬੰਧਾਂ 'ਤੇ ਅਸਰ ਪੈ ਸਕਦਾ ਹੈ, ਜਿਸ ਕਾਰਨ ਜਸਟਿਸ ਵਿਭਾਗ ਸ਼ਾਇਦ ਇਸ ਮਾਮਲੇ ਵਿੱਚ ਹੌਲੀ ਕਦਮ ਚੁੱਕ ਰਿਹਾ ਹੈ। ਵਾਸ਼ਿੰਗਟਨ ਵਿੱਚ ਭਾਰਤੀ ਦੂਤਾਵਾਸ ਨੇ ਇਸ ਮੁੱਦੇ 'ਤੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ, ਜੋ ਮਾਮਲੇ ਦੀ ਜਟਿਲਤਾ ਨੂੰ ਦਰਸਾਉਂਦਾ ਹੈ। ਸਿੱਖ ਭਾਈਚਾਰੇ ਨੂੰ ਅੰਤਰਰਾਸ਼ਟਰੀ ਮੀਡੀਆ ਅਤੇ ਸੰਗਠਨਾਂ ਦਾ ਸਮਰਥਨ ਮਿਲ ਰਿਹਾ ਹੈ, ਜਿਸ ਨੇ ਉਹਨਾਂ ਨੂੰ ਆਪਣੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਉਠਾਉਣ ਲਈ ਪ੍ਰੇਰਿਤ ਕੀਤਾ ਹੈ।

## ਕੀ ਭਾਰਤੀ ਰਾਸ਼ਟਰਵਾਦ ਬਹੁਤ ਜ਼ਿਆਦਾ

ਇਸ ਨੇ ਇਕਸਾਰਤਾ ਵਾਲੇ ਯੂਰਪੀਅਨ ਕੌਮੀ ਰਾਜ ਦੇ ਮਾਡਲ ਦੀ ਨਕਲ ਕਰਨ ਦੀ ਬਜਾਏ ਰਾਸ਼ਟਰ-ਰਾਜ ਦਾ ਇੱਕ ਨਵਾਂ ਮਾਡਲ ਬਣਾਇਆ, ਜਿਸ ਨੇ ਲੋਕਤੰਤਰ ਵਿੱਚ ਡੂੰਘੇ ਮਤਭੇਦਾਂ ਨੂੰ ਸਮੇਟ ਕੇ ਇੱਕ ਰਾਸ਼ਟਰ ਹੋਣ ਦਾ ਕੀ ਅਰਥ ਹੈ, ਇਸ ਬਾਰੇ ਬਹਿਸਾਂ ਨੂੰ ਉਤਸ਼ਾਹਿਤ ਕੀਤਾ। ਅੱਜ ਉਸ ਭਾਰਤੀ ਰਾਸ਼ਟਰਵਾਦ 'ਤੇ ਹਮਲੇ ਹੋ ਰਹੇ ਹਨ। ਨਵਾਂ ਰਾਸ਼ਟਰਵਾਦ ਦੂਜਿਆਂ 'ਤੇ ਹਮਲਾਵਰ ਹੋਏ ਬਿਨਾਂ ਆਪਣੇਪਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਇਸ ਨਕਲੀ ਰਾਸ਼ਟਰਵਾਦ ਦੇ ਸਮਰਥਕਾਂ ਕੋਲ ਮਨੀਪੁਰ ਵਰਗੇ ਗੰਭੀਰ ਅੰਦਰੂਨੀ ਝਗੜਿਆਂ ਜਾਂ ਪੰਜਾਬ ਤੇ ਹਰਿਆਣਾ ਜਾਂ ਕਰਨਾਟਕ ਤੇ ਤਾਮਿਲਨਾਡੂ ਵਿਚਕਾਰ ਅੰਤਰ-ਰਾਜੀ ਵਿਵਾਦਾਂ ਨੂੰ ਹੱਲ ਕਰਨ ਲਈ ਸਮਾਂ ਨਹੀਂ ਹੈ। ਇਹ ਰਾਸ਼ਟਰਵਾਦ ਕਸ਼ਮੀਰ ਬਾਰੇ ਇੱਕ ਜਾਇਦਾਦ ਦੇ ਟੁਕੜੇ ਤੋਂ ਪਰ੍ਹੇ ਹੋ ਕੇ ਨਹੀਂ ਸੋਚ ਸਕਦਾ।

ਇਹ ਮੁਸਲਮਾਨਾਂ ਨੂੰ ਦੁਸ਼ਮਣ ਵਜੋਂ ਦਰਸਾ ਕੇ ਭਾਰਤੀ ਏਕਤਾ ਨੂੰ ਨੁਕਸਾਨ ਪਹੁੰਚਾਏ ਬਿਨਾਂ ਨਹੀਂ ਰਹਿ ਸਕਦਾ। ਪਾਕਿਸਤਾਨ ਪ੍ਰਤੀ ਇਸ ਦੇ ਜਨੂੰਨ ਦੇ ਨਤੀਜੇ ਵਜੋਂ ਅੱਜ ਭਾਰਤ ਵਿਸ਼ਵ ਪੱਧਰ 'ਤੇ ਉਸ (ਪਾਕਿਸਤਾਨ) ਦੇ ਬਰਾਬਰ ਹੋ ਗਿਆ ਹੈ। ਅਸੀਂ ਆਂਢ-ਗੁਆਂਢ 'ਚ ਸਾਰੇ ਪਾਸਿਆਂ ਤੋਂ ਦੁਸ਼ਮਣ ਸਰਕਾਰਾਂ ਨਾਲ ਘਿਰੇ ਹੋਏ ਹਾਂ। ਇਹ ਨਕਲੀ ਰਾਸ਼ਟਰਵਾਦ ਚੀਨ ਦੇ ਵਿਸਥਾਰਵਾਦ ਜਾਂ ਡੋਨਾਲਡ ਟਰੰਪ ਦੀ ਧੱਕੇਸ਼ਾਹੀ ਦਾ ਸਾਹਮਣਾ ਕਰਨ ਲਈ ਸਰੋਤ ਜਾਂ ਹਿੰਮਤ ਨਹੀਂ ਵਿਖਾ ਸਕਦਾ, ਕਿਉਂਕਿ ਇਸ ਦੀ ਰਾਸ਼ਟਰੀ ਹਿਤ ਦੀ ਸਮਝ ਵਿੱਚ ਕੋਈ ਸਿਧਾਂਤ ਸ਼ਾਮਿਲ ਨਾ ਹੋਣ ਕਰਕੇ ਭਾਰਤ ਕੋਲ ਲੋੜ ਪੈਣ 'ਤੇ ਕੋਈ ਭਰੋਸੇਯੋਗ ਦੋਸਤ ਤੱਕ ਨਹੀਂ ਹੈ, ਜਿਵੇਂ ਤਾਜ਼ਾ ਘਟਨਾਕ੍ਰਮ ਦੌਰਾਨ ਹੋਇਆ ਹੈ।

ਵਿਭਿੰਨਤਾ ਵਾਲੇ ਭਾਰਤੀ ਰਾਸ਼ਟਰਵਾਦ ਤੋਂ ਹਿੰਦੀ-ਹਿੰਦੂ ਤੇ ਹਿੰਦੂਸਤਾਨ ਦੇ ਨਾਅਰੇ ਵਾਲੇ ਰਾਸ਼ਟਰਵਾਦ ਤੱਕ ਪਹੁੰਚਣਾ ਸਾਡੇ ਸਮੇਂ ਦਾ ਸਭ ਤੋਂ ਡੂੰਘਾ ਦੁਖਾਂਤ ਹੈ, ਪਰ ਇਸ ਦਾ ਸਾਰਾ ਦੋਸ਼ ਮੌਜੂਦਾ ਪ੍ਰਬੰਧ ਜਾਂ ਇਸ ਦੇ ਵਿਚਾਰਧਾਰਕ ਸਰਪ੍ਰਸਤਾਂ ਦੇ ਸਿਰ ਮੜ੍ਹਨਾ ਵੀ ਗ਼ਲਤ ਹੋਵੇਗਾ। ਭਾਰਤ ਦੇ ਉਦਾਰਵਾਦੀ, ਧਰਮ ਨਿਰਪੱਖ ਤੇ ਪ੍ਰਗਤੀਸ਼ੀਲ ਕੁਲੀਨ ਵਰਗ ਨੂੰ ਮੌਜੂਦਾ ਸਥਿਤੀ ਲਈ ਆਪਣੇ ਹਿੱਸੇ ਦਾ ਦੋਸ਼ ਵੀ ਲੈਣਾ ਚਾਹੀਦਾ ਹੈ। ਜੇਕਰ ਅੱਜ ਭਾਰਤ ਦੇ ਵਿਸ਼ਾਲ ਤੇ ਸਾਕਾਰਾਤਮਿਕ ਰਾਸ਼ਟਰਵਾਦ ਨੂੰ ਕੱਟੜਤਾ ਤੇ ਅੰਧ ਰਾਸ਼ਟਰਵਾਦ ਦੀ ਇੱਕ ਸੌੜੀ ਸੋਚ ਨੇ ਜਕੜ ਲਿਆ ਹੈ, ਤਾਂ ਇਸ ਦਾ ਆਜ਼ਾਦੀ ਤੋਂ ਬਾਅਦ ਦੀ ਸੱਤਾਧਾਰੀ ਵਿਚਾਰਧਾਰਾ ਨਾਲ ਕੁਝ ਲੈਣਾ-ਦੇਣਾ ਨਹੀਂ ਹੈ।

ਭਾਵਨਾਤਮਿਕ, ਸੱਭਿਆਚਾਰ ਤੇ ਅਧਿਆਤਮਿਕਤਾ ਤੋਂ ਸੱਖਣੀ ਇਹ ਵਿਚਾਰਧਾਰਾ ਉਸ ਡੂੰਘੇ ਸੰਬੰਧ ਨੂੰ ਬਰਕਰਾਰ ਰੱਖਣ 'ਚ ਅਸਫਲ ਰਹੀ ਹੈ, ਜੋ ਸਾਡੇ ਰਾਸ਼ਟਰਵਾਦੀ ਅੰਦੋਲਨ ਦਾ ਹਿੱਸਾ ਰਹੇ ਭਾਰਤੀ ਲੋਕਾਂ ਵਿੱਚ ਸੀ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅੱਜ ਰਾਸ਼ਟਰਵਾਦ ਉਨ੍ਹਾਂ ਲੋਕਾਂ ਨੂੰ ਸੌਂਪ ਦਿੱਤਾ ਗਿਆ ਹੈ, ਜਿਨ੍ਹਾਂ ਨੇ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਕੋਈ ਯੋਗਦਾਨ ਨਹੀਂ ਸੀ ਪਾਇਆ। ਭਾਰਤੀ ਰਾਸ਼ਟਰਵਾਦ ਦੀ ਵਿਰਾਸਤ ਨੂੰ ਸੰਭਾਲਣਾ ਤੇ ਮੁੜ ਪ੍ਰਾਪਤ ਕਰਨਾ ਸਾਡੇ ਸਮੇਂ ਦੀ ਸਭ ਤੋਂ ਵੱਧ ਦਬਾਅ ਵਾਲੀ ਰਾਜਨੀਤਕ ਤੇ ਬੌਧਿਕ ਚੁਣੌਤੀ ਹੈ।

***

## ਸਰਕਾਰ ਅਜਿਹੀ ਵਿਵਸਥਾ

1947 ਵਿੱਚ ਦੇਸ਼ ਭਰ 'ਚ ਤਕਰੀਬਨ ਇੱਕ ਕਰੋੜ ਬੱਚੇ ਸਨ, ਜੋ ਬਚਪਨ ਤੋਂ ਮਜ਼ਦੂਰੀ ਕਰਨ ਲੱਗ ਜਾਂਦੇ ਸਨ ਜਦਕਿ ਹੁਣ 4 ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਹਨ। ਭਾਵੇਂ ਦੇਸ਼ 'ਚ 14 ਸਾਲ ਦੀ ਉਮਰ ਤੱਕ ਬੱਚਿਆਂ ਲਈ ਮੁਫ਼ਤ ਪੜ੍ਹਾਈ ਦੀ ਵਿਵਸਥਾ ਹੈ, ਪਰ ਆਜ਼ਾਦੀ ਦੇ 77 ਸਾਲ ਬਾਅਦ ਵੀ ਮੁਫ਼ਤ ਪੜ੍ਹਾਈ ਹੋਣ ਦੇ ਬਾਵਜੂਦ 24 ਫ਼ੀਸਦੀ ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਪੜ੍ਹਾਈ ਛੱਡ ਜਾਂਦੇ ਹਨ। ਭਾਵੇਂ 80 ਕਰੋੜ ਲੋਕਾਂ ਨੂੰ ਖੁਰਾਕ ਸੁਰੱਖਿਆ ਅਧੀਨ ਸਸਤਾ ਅਨਾਜ ਦਿੱਤਾ ਜਾਂਦਾ ਹੈ, ਪਰ 67 ਫ਼ੀਸਦੀ ਲੋਕਾਂ ਅਜੇ ਵੀ ਆਪਣੀਆਂ ਅਨਾਜ ਲੋੜਾਂ ਨੂੰ ਪੂਰੀਆਂ ਕਰਨਾ ਮੁਸ਼ਕਿਲ ਸਮਝਦੇ ਹਨ। ਡਾ: ਰਾਮ ਮਨੋਹਰ ਲੋਹੀਆ ਦੀ ਉਹ ਭਵਿੱਖਬਾਣੀ ਕਿ ਸਰਕਾਰ ਵਲੋਂ ਉਸਾਰੂ ਭੂਮਿਕਾ ਨਿਭਾਉਣ ਤੋਂ ਬਗੈਰ ਗਰੀਬ-ਅਮੀਰ ਦਾ ਪਾੜਾ ਖਤਮ ਨਹੀਂ ਹੋ ਸਕਦਾ, ਜੋ ਕਿ ਆਰਥਿਕ ਵਿਕਾਸ 'ਚ ਵੱਡੀ ਰੁਕਾਵਟ ਹੀ ਨਹੀਂ, ਸਗੋਂ ਸਮਾਜਿਕ ਬੁਰਾਈਆਂ ਦੀ ਵੀ ਜੜ੍ਹ ਹੈ। ਬਾਲ ਮਜ਼ਦੂਰੀ, ਤਸਕਰੀ, ਬਲੈਕ-ਮਾਰਕੀਟਿੰਗ ਜਿਹੀਆਂ ਬੁਰਾਈਆਂ ਆਮਦਨ ਨਾ ਬਰਾਬਰੀ ਤੋਂ ਪੈਦਾ ਹੁੰਦੀਆਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਆਰਥਿਕ ਪ੍ਰਣਾਲੀ ਕਾਰਨ ਹਾਲਾਤ ਹੋਰ ਖਰਾਬ ਹੋਣਗੇ, ਸਭ ਪਾਰਟੀਆਂ ਨੂੰ ਸਿਆਸਤ ਤੋਂ ਉੱਪਰ ਉੱਠ ਕੇ ਅਜਿਹੀ ਵਿਵਸਥਾ ਨੂੰ ਲਾਗੂ ਕਰਵਾਉਣਾ ਚਾਹੀਦਾ ਹੈ, ਜੋ ਸਾਰਿਆਂ ਲਈ ਬਰਾਬਰ ਆਮਦਨੀ ਦੇ ਮੌਕੇ ਪੈਦਾ ਕਰ ਸਕੇ।

***

## ਧਰਤੀ ਕਿਉਂ ਬਿਮਾਰ

ਜਰਮਨੀ ਦੇ 'ਪੋਟਸਡੈਮ ਇੰਸਟੀਚਿਊਟ ਫਾਰ ਕਲਾਈਮੇਟ ਇੰਪੈਕਟ ਰਿਸਰਚ' ਦੇ ਨਿਰਦੇਸ਼ਕ ਅਤੇ ਇਸ ਅਧਿਐਨ ਦੇ ਪ੍ਰਮੁੱਖ ਲੇਖਕ ਜੌਹਨ ਰਾਕ ਸਟ੍ਰਮ ਕਹਿੰਦੇ ਹਨ, 'ਅਸੀਂ ਮੁਢਲੇ ਤੌਰ 'ਤੇ ਸਭ ਮਾਮਲਿਆਂ ਵਿੱਚ ਗ਼ਲਤ ਦਿਸ਼ਾ ਵਿੱਚ ਅੱਗੇ ਵਧ ਰਹੇ ਹਾਂ।' ਜਦਕਿ ਇਸੇ ਲੜੀ ਵਿੱਚ ਯੇਲ ਯੂਨੀਵਰਸਿਟੀ ਦੇ ਸਕੂਲ ਆਫ਼ ਇਨਵਾਇਰਨਮੈਂਟ ਦੇ ਡੀਨ ਐਂਡੀ ਬਰਗ ਕਹਿੰਦੇ ਹਨ, ਇਹ ਅਧਿਐਨ ਬੇਹੱਦ ਸਮੋਹਕ ਅਤੇ ਉਤੇਜਕ ਹੈ ਕਿਉਂਕਿ ਇਹ ਅਧਿਐਨ ਧਰਤੀ ਗ੍ਰਹਿ ਦੀਆਂ ਉਨ੍ਹਾਂ ਹੱਦਾਂ ਨੂੰ ਸਹੀ ਢੰਗ ਨਾਲ ਸਮਝ ਰਿਹਾ ਹੈ, ਜਿਸ ਦੀ ਅਸੀਂ ਸਰਹੱਦ 'ਤੇ ਆ ਗਏ ਹਾਂ। ਸਭ ਕੁਝ ਬੇਹੱਦ ਡਰਾਉਣਾ ਹੈ।

ਧਰਤੀ ਦੇ ਇਨ੍ਹਾਂ ਸਭ ਤੋਂ ਵੱਧ ਕੁਸ਼ਲ 40 ਵਿਗਿਆਨੀਆਂ ਨੇ ਧਰਤੀ ਗ੍ਰਹਿ ਨੂੰ ਸੁਰੱਖਿਅਤ ਰੱਖਣ ਅਤੇ ਜੋ ਮੌਜੂਦਾ

ਡਰਾਉਣੀ ਸਥਿਤੀ ਹੈ, ਇਸ ਤੋਂ ਅੱਗੇ ਨਾ ਵਧਣ ਦੇਣ ਲਈ ਹੁਣ ਵੀ ਸਰਕਾਰਾਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ ਹੈ। ਰਾਕ ਸਟ੍ਰਮ ਅਨੁਸਾਰ, ਇੱਕ ਸੁਰੱਖਿਆ ਘੇਰਾ ਸਥਾਈ ਰੂਪ ਵਿੱਚ ਕਿਸੇ ਦੇਸ਼ ਦੇ ਲੋਕਾਂ ਦੀ ਸੁਰੱਖਿਆ ਨਹੀਂ ਹੁੰਦੀ। ਧਰਤੀ ਬੇਹੱਦ ਬਿਮਾਰ ਹੈ, ਆਖ਼ਰੀ ਸਾਹ ਗਿਣ ਰਹੀ ਹੈ, ਜੇਕਰ ਹੁਣ ਵੀ ਧਰਤੀ ਦੇ ਲੋਕ ਇਸ ਦੀ ਸਿਹਤ ਬਾਰੇ ਚਿੰਤਤ ਨਹੀਂ ਹੁੰਦੇ ਤਾਂ ਦੁਨੀਆ ਦੇ ਵਾਤਾਵਰਨ ਨੂੰ ਬਚਾਉਣ ਦਾ ਕੋਈ ਵੀ ਦੂਜਾ ਉਪਾਅ ਨਹੀਂ ਹੈ।

***

## ਕਾਮਾਗਾਟਾਮਾਰੂ ਦੁਖਾਂਤ ਨੂੰ

11 ਜਨਵਰੀ 1915 ਨੂੰ ਨਿਊ ਵੈਸਟਮਿਨਸਟਰ ਵਿੱਚ ਸਵੇਰੇ 7:15 ਮਿੰਟ ਉੱਤੇ ਮੇਵਾ ਸਿੰਘ ਲੋਪੋਕੇ ਨੂੰ ਫ਼ਾਂਸੀ ਦੇ ਦਿੱਤੀ ਗਈ। ਖਾਲਸਾ ਦੀਵਾਨ ਸੁਸਾਇਟੀ ਮੁਤਾਬਕ ਮੇਵਾ ਸਿੰਘ ਦੀ ਮ੍ਰਿਤਕ ਦੇਹ ਨੂੰ ਪ੍ਰਾਪਤ ਕਰਨ ਲਈ ਚਾਰ ਸੌ ਸਿੱਖ ਬਾਹਰ ਖੜ੍ਹੇ ਰਹੇ। ਉਨ੍ਹਾਂ ਨੇ ਸ਼ਹਿਰ ਵਿੱਚੋਂ ਇੱਕ ਵੱਡਾ ਮਾਰਚ ਕੱਢਿਆ ਅਤੇ ਮੇਵਾ ਸਿੰਘ ਦੇ ਸਰੀਰ ਦਾ ਸਸਕਾਰ ਫ਼ਰੇਜ਼ਰ ਮਿੱਲਜ਼ ਵਿਖੇ ਕੀਤਾ ਗਿਆ।

ਵਿਲੀਅਮ ਹੌਪਕਿਨਸਨ ਕੌਣ ਸੀ ?

ਯੂਨੀਵਰਸਿਟੀ ਆਫ਼ ਵਿਕਟੋਰੀਆ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਇੱਕ ਰਿਪੋਰਟ ਮੁਤਾਬਕ ਹੌਪਕਿਨਸਨ ਦਾ ਨਾਮ ਚਾਰਲਸ ਵਿਲੀਅਮ ਹੌਪਕਿਨਸਨ ਸੀ। ਉਨ੍ਹਾਂ ਦੀ ਮਾਂ ਭਾਰਤੀ ਮੂਲ ਦੀ ਸੀ। ਉਹ 1908 ਵਿੱਚ ਕੈਨੇਡਾ ਪਹੁੰਚੇ ਸਨ। ਉਹ ਕੈਨੇਡਾ ਵਿੱਚ ਪਰਵਾਸ ਇੰਸਪੈਕਟਰ ਸੀ ਅਤੇ ਸਰਕਾਰ ਦੇ ਇੰਟੈਲੀਜੈਂਸ ਅਫ਼ਸਰ ਵੱਜੋਂ ਕੰਮ ਕਰਦਾ ਸੀ। ਵੈਨਕੂਵਰ ਦੀ ਅਦਾਲਤ ਵਿੱਚ ਬੇਲਾ ਸਿੰਘ ਵਿਰੁੱਧ ਭਾਗ ਸਿੰਘ ਅਤੇ ਬਧਨ ਸਿੰਘ ਦੇ ਕਤਲ ਦਾ ਮੁਕੱਦਮਾ ਚੱਲ ਰਿਹਾ ਸੀ। ਮੇਵਾ ਸਿੰਘ ਵੀ ਹਰ ਪੇਸ਼ੀ 'ਤੇ ਜਾਂਦੇ ਸਨ। 21 ਅਕਤੂਬਰ 1914 ਨੂੰ ਵੀ ਮੇਵਾ ਸਿੰਘ ਆਮ ਵਾਂਗ ਹੀ ਪੇਸ਼ੀ 'ਤੇ ਅਦਾਲਤ ਵਿੱਚ ਗਏ ਸਨ।

ਸਵੇਰ ਦੇ ਦਸ ਵੱਜ ਕੇ ਬਾਰਾਂ ਮਿੰਟ ਹੋਏ ਸਨ, ਵਿਲੀਅਮ ਹੌਪਕਿਨਸਨ ਕੋਰਟ ਵਿੱਚ ਦਾਖ਼ਲ ਹੋਣ ਵਾਲੇ ਦਰਵਾਜ਼ੇ ਅੱਗੇ ਖੜ੍ਹਾ ਸੀ। ਮੇਵਾ ਸਿੰਘ ਬਿਲਕੁਲ ਹੀ ਸ਼ਾਂਤ ਚਿੱਤ ਉਸ ਕੋਲ ਪਹੁੰਚੇ। ਆਪਣੀ ਪੈਂਟ ਵਿੱਚੋਂ ਹੱਥ ਬਾਹਰ ਕੱਢਦਿਆਂ ਆਪਣਾ ਪਿਸਤੌਲ ਕੱਢਿਆ ਤੇ ਹੌਪਕਿਨਸਨ ਦੇ ਗੋਲੀਆਂ ਮਾਰ ਦਿੱਤੀਆਂ। ਪੁਲਿਸ ਕੋਲ ਦਿੱਤੇ ਬਿਆਨ ਵਿੱਚ ਮੇਵਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਹੌਪਕਿਨਸਨ ਦੇ ਨਾਲ ਮੈਲਕਮ ਰੀਡ ਨੂੰ ਵੀ ਮਾਰਨਾ ਸੀ ਪਰ ਅੱਜ ਨਾ ਆਉਣ ਕਰਕੇ ਉਹ ਬਚ ਗਿਆ ਹੈ।

*****

## ਸਮਝਦਾਰ ਹਿੰਦੂਆਂ ਦੀ ਗਿਣਤੀ ਵਧੇਗੀ ਤਾਂ

ਝਾਰਖੰਡ ਦੇ ਇੱਕ ਸਕੂਲ ਵਿੱਚ ਸਰਵਧਰਮ ਪ੍ਰਾਰਥਨਾ ਵਿੱਚ ਇਸਲਾਮੀ ਇਬਾਦਤ 'ਤੇ ਹਿੰਦੂਤਵਵਾਦੀ ਸੰਗਠਨ ਨੇ ਪ੍ਰਦਰਸ਼ਨ ਕੀਤਾ। ਇੱਕ ਸਕੂਲ ਦੇ ਪ੍ਰਬੰਧਕ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੇ ਲੋਕਾਂ ਨੇ ਉਨ੍ਹਾਂ ਦੇ ਸਕੂਲ ਵਿੱਚ ਗਾਈ ਜਾਣ ਵਾਲੀ ਇੱਕ ਪ੍ਰਾਰਥਨਾ 'ਤੇ ਨਾਰਾਜਗੀ ਜਤਾਈ।

ਕੋਈ ਹਿੰਦੂਤਵਵਾਦੀ ਸੰਗਠਨ ਸਰਗਰਮ ਹੁੰਦਾ ਹੈ ਅਤੇ ਫਿਰ ਵਿਰੋਧ ਸ਼ੁਰੂ ਹੋ ਜਾਂਦਾ ਹੈ। ਇੱਕ ਅਪਰਾਧ ਦਾ ਨਿਰਮਾਣ ਕਰ ਲਿਆ ਜਾਂਦਾ ਹੈ ਅਤੇ ਗਵਾਹੀ ਲੱਭ ਲਏ ਜਾਂਦੇ ਹਨ। ਫਿਰ ਬਾਕੀ ਲੋਕ ਵੀ ਉਸ ਭੀੜ ਵਿੱਚ ਸ਼ਾਮਲ ਹੋ ਜਾਂਦੇ ਹਨ। ਇਸ ਦਾ ਅਸਰ ਉਨ੍ਹਾਂ ਅਧਿਆਪਕਾਂ ਜਾਂ ਪ੍ਰਬੰਧਕਾਂ 'ਤੇ ਤਾਂ ਪੈਂਦਾ ਹੀ ਹੈ ਜਿਨ੍ਹਾਂ 'ਤੇ ਮੁਕੱਦਮਾ ਹੁੰਦਾ ਹੈ ਅਤੇ ਸਖਤ ਕਾਰਵਾਈ ਹੁੰਦੀ ਹੈ। ਉਨ੍ਹਾਂ ਤੋਂ ਅੱਗੇ ਇਸ ਦਾ ਅਸਰ ਫਿਰ ਪੂਰੇ ਮਾਹੌਲ 'ਤੇ ਪੈਂਦਾ ਹੈ। ਹੁਣ ਕੋਈ ਅਧਿਆਪਕ ਅਜਿਹੀ ਕੋਈ ਪਹਿਲ ਨਹੀਂ ਕਰਨਾ ਚਾਹੁੰਦਾ ਜਿਸ ਵਿੱਚ ਹਿੰਦੂ ਅਤੇ ਮੁਸਲਮਾਨ ਇਕੱਠੇ ਆਉਣ। ਮੁਸਲਮਾਨਾਂ 'ਤੇ ਇਸ ਦਾ ਮਨੋਵਿਗਿਆਨਕ ਅਸਰ ਕਿਤੇ ਜਿਆਦਾ ਡੂੰਘਾ ਹੈ। ਉਨ੍ਹਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ, ਭਾਵੇਂ ਉਹ ਉਨ੍ਹਾਂ ਦੀ ਪ੍ਰਾਰਥਨਾ ਨਾਲ ਹੋਵੇ ਜਾਂ ਉਨ੍ਹਾਂ ਦੇ ਰੀਤੀ-ਰਿਵਾਜਾਂ ਜਾਂ ਤਿਉਹਾਰਾਂ ਨਾਲ, ਹਿੰਦੂਆਂ ਲਈ ਅਸਵੀਕਾਰਯੋਗ ਹੈ। ਇੱਕ ਤਰ੍ਹਾਂ ਨਾਲ ਉਹ ਅਛੂਤ ਹਨ। ਜੋ ਅਧਿਆਪਕ ਜਾਂ ਵਿਦਿਆਰਥੀ ਉਨ੍ਹਾਂ ਪ੍ਰਤੀ ਹਮਦਰਦੀ ਰੱਖਦਾ ਹੈ, ਉਸ ਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ। ਇਸ ਤਰ੍ਹਾਂ ਮੁਸਲਮਾਨ ਅਲੱਗ-ਥਲੱਗ ਪੈ ਜਾਂਦੇ ਹਨ।

ਸਕੂਲ ਜਾਂ ਕਾਲਜ ਦੇ ਕੰਪਲੈਕਸ ਵਿੱਚ ਵੱਖ-ਵੱਖ ਭਾਸ਼ਾਵਾਂ, ਧਰਮਾਂ ਦੇ ਵਿਦਿਆਰਥੀ ਅਤੇ ਅਧਿਆਪਕ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ। ਇਹ ਮੌਕਾ ਉਨ੍ਹਾਂ ਨੂੰ ਸਿਰਫ ਉੱਥੇ ਹੀ ਮਿਲਦਾ ਹੈ। ਜਦੋਂ ਉਹ ਨੇੜੇ ਆਉਂਦੇ ਹਨ, ਪੱਖਪਾਤ ਟੁੱਟਦੇ ਹਨ। ਨਵੀਆਂ ਨੇੜਤਾਵਾਂ ਬਣਦੀਆਂ ਹਨ, ਨਵੀਆਂ ਦੋਸਤੀਆਂ ਦਾ ਨਿਰਮਾਣ ਹੁੰਦਾ ਹੈ। ਇਹੀ ਤਾਂ ਰਾਸ਼ਟਰ ਦਾ ਨਿਰਮਾਣ ਹੈ। ਹਿੰਦੂਤਵਵਾਦੀਆਂ ਨੂੰ ਇਹ ਮਨਜੂਰ ਨਹੀਂ ਕਿ ਹਿੰਦੂ ਆਪਣੇ ਸੰਕੀਰਨ ਦਾਇਰੇ ਤੋਂ ਬਾਹਰ ਨਿਕਲਣ। ਉਹ ਉਨ੍ਹਾਂ ਦੇ ਆਲੇ-ਦੁਆਲੇ ਕੰਧਾਂ ਖੜੀ ਕਰਕੇ ਉਨ੍ਹਾਂ ਨੂੰ ਅੰਦਰ ਕੈਦ ਕਰ ਦੇਣਾ ਚਾਹੁੰਦੇ ਹਨ। ਉਨ੍ਹਾਂ ਕੰਧਾਂ ਦੇ ਅੰਦਰ ਮੁਸਲਮਾਨਾਂ ਬਾਰੇ ਹਰ ਤਰ੍ਹਾਂ ਦੀਆਂ ਭਿਆਨਕ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ। ਉਨ੍ਹਾਂ ਕਹਾਣੀਆਂ ਨੂੰ ਸੁਣ-ਸੁਣ ਕੇ ਉਹ ਮੁਸਲਮਾਨਾਂ ਦੇ ਨੇੜੇ ਜਾਣ ਤੋਂ ਕਤਰਾਉਣ ਲੱਗਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਦੁਸ਼ਮਣ ਮੰਨ ਬੈਠਦੇ ਹਨ। ਹਿੰਦੂਆਂ ਵਿੱਚ ਇਹ ਮੁਸਲਮਾਨ ਵਿਰੋਧੀ ਦੁਸ਼ਮਣੀ ਬਣਾਈ ਰੱਖਣ ਲਈ ਹਰ ਉਸ ਗਤੀਵਿਧੀ ਨੂੰ ਰੋਕਣਾ ਜ਼ਰੂਰੀ ਹੈ ਜਿਸ ਨਾਲ ਮੁਸਲਮਾਨ ਮਨੁੱਖ ਨਜ਼ਰ ਆਉਣ ਲੱਗਣ। ਮੈਂ ਅਜਿਹੇ ਅਨੇਕ ਹਿੰਦੂ ਨੌਜਵਾਨਾਂ ਨੂੰ ਜਾਣਦਾ ਹਾਂ ਜੋ ਵਿਸ਼ਵਵਿਦਿਆਲਿਆ ਵਿੱਚ ਆਉਣ ਤੋਂ ਬਾਅਦ ਜਾਣ ਸਕੇ ਕਿ ਮੁਸਲਮਾਨ ਮਨੁੱਖ ਹੁੰਦੇ ਹਨ। ਉਹ ਉਨ੍ਹਾਂ ਦੀ ਕਲਾਸ ਵਿੱਚ ਨਾਲ ਸਨ। ਉਹ ਉਨ੍ਹਾਂ ਦੇ ਅਧਿਆਪਕ ਸਨ। ਕੰਪਲੈਕਸ ਵਿੱਚ ਕੰਮ ਕਰਨ ਵਾਲੇ ਅਤੇ ਪ੍ਰਸ਼ਾਸਨ ਦੇ ਲੋਕ ਸਨ। ਉਹ ਉਨ੍ਹਾਂ ਵਾਂਗ ਹੀ ਚੰਗੇ ਅਤੇ ਮਾੜੇ ਹੁੰਦੇ ਹਨ। ਇਨ੍ਹਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੇ ਮੰਨਿਆ ਕਿ ਮੁਸਲਮਾਨਾਂ ਬਾਰੇ ਉਨ੍ਹਾਂ ਦੇ ਵਿਚਾਰ ਗਲਤ ਸਨ। ਜੇ ਅਜਿਹੇ ਸਮਝਦਾਰ ਅਤੇ ਸੰਵੇਦਨਸ਼ੀਲ ਹਿੰਦੂਆਂ ਦੀ ਗਿਣਤੀ ਵਧਣ ਲੱਗੇਗੀ ਤਾਂ ਫਿਰ ਹਿੰਦੂਤਵਵਾਦੀ ਸਿਆਸਤ ਕਿਵੇਂ ਫੈਲੇਗੀ ?

***

## ਕਿਸਾਨਾਂ ਦੀ ਸਾਰ ਲੈਣ ਲਈ

ਸਬਜ਼ੀਆਂ ਦੀ ਉਤਪਾਦਨ ਲਾਗਤ ਦਾ ਪਤਾ ਲਗਾਉਣ ਤੋਂ ਬਾਅਦ ਇੱਕ ਮੂਲ (ਬੇਸਿਕ) ਕੀਮਤ ਤੈਅ ਕੀਤੀ ਜਾਂਦੀ ਹੈ, ਜਿਸ ਵਿੱਚ 20 ਫ਼ੀਸਦੀ ਮੁਨਾਫ਼ਾ ਸ਼ਾਮਿਲ ਹੁੰਦਾ ਹੈ। ਜਦੋਂ ਵੀ ਕੀਮਤਾਂ ਨਿਰਧਾਰਤ (ਬੈਂਚਮਾਰਕ) ਕੀਮਤਾਂ ਤੋਂ ਹੇਠਾਂ ਆਉਂਦੀਆਂ ਹਨ ਤਾਂ ਸੂਬਾ ਸਰਕਾਰ ਕਦਮ ਚੁੱਕਦੀ ਹੈ ਅਤੇ ਬਾਜ਼ਾਰ ਵਿੱਚ ਕੀਮਤ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਫਲਾਂ ਤੇ ਸਬਜ਼ੀਆਂ ਦੀ ਖਰੀਦ ਤੇ ਮਾਰਕੀਟਿੰਗ ਨੂੰ ਢੁਕਵੇਂ ਢੰਗ ਨਾਲ ਸੰਗਠਿਤ ਕੀਤਾ ਗਿਆ ਹੈ। ਸੂਬੇ ਦੀ ਇਸ ਪਹੁੰਚ ਨੇ 4 ਲੱਖ ਕਿਸਾਨਾਂ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਵਿੱਚ ਸਹਾਇਤਾ ਪ੍ਰਦਾਨ ਕੀਤੀ ਹੈ। ਇਹ ਪਹਿਲ 2020 ਵਿੱਚ 10 ਕਰੋੜ ਰੁਪਏ ਦੇ ਖਰਚੇ ਨਾਲ ਸ਼ੁਰੂ ਹੋਈ ਸੀ। ਪਿਛਲੇ 5 ਸਾਲਾਂ ਦੌਰਾਨ ਕੁਝ ਜ਼ਿਲ੍ਹਿਆਂ ਵਿੱਚ ਕੁਝ ਸਬਜ਼ੀਆਂ ਦੀਆਂ ਕੀਮਤਾਂ ਡਿਗਣ ਕਾਰਨ ਸੂਬੇ ਨੂੰ ਮਦਦ ਕਰਨ ਦੀ ਲੋੜ ਪਈ ਹੈ। ਇਸ ਦੌਰਾਨ ਭਾਵੇਂ ਬਜਟ ਵੰਡ ਥੋੜ੍ਹੀ ਵੱਧ ਕੇ 32 ਕਰੋੜ ਰੁਪਏ ਹੋ ਗਈ ਹੈ। ਭਾਵੇਂ ਸਿਸਟਮ ਵਿੱਚ ਕੁਝ ਖਾਮੀਆਂ ਹੋਣ ਪਰ ਕਿਸੇ ਕਿਸਾਨ ਨਾਲ ਸੰਬੰਧਿਤ ਵੀਡੀਓ ਵਾਇਰਲ ਹੋਣ ਅਤੇ ਅਗਲੀ ਵੀਡੀਓ ਕਲਿੱਪ ਦੀ ਉਡੀਕ ਕਰਨ ਦੀ ਥਾਂ ਇਨ੍ਹਾਂ ਖ਼ਾਮੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ।

ਜੇ ਕੇਰਲ ਰਸਤਾ ਦਿਖਾ ਸਕਦਾ ਹੈ ਤਾਂ ਕੋਈ ਕਾਰਨ ਨਹੀਂ ਦਿਖਦਾ ਕਿ ਇਸ ਪ੍ਰੋਗਰਾਮ ਨੂੰ ਰਾਸ਼ਟਰੀ ਪੱਧਰ 'ਤੇ ਨਾ ਅਪਣਾਇਆ ਜਾ ਸਕੇ। ਕੈਮਰਿਆਂ ਦੇ ਸਾਹਮਣੇ ਇੱਕ ਜਾਂ ਦੋ ਹੰਝੂ ਵਹਾਉਣ ਦੀ ਬਜਾਏ ਸਾਨੂੰ ਕਿਸਾਨਾਂ ਦੇ ਚਿਹਰੇ ਤੋਂ ਹਰ ਹੰਝੂ ਪੂੰਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

***

## ਸਨਅਤੀ ਵਿਕਾਸ ਵਿੱਚ ਕਿਉਂ

ਉਦਯੋਗਿਕ ਕ੍ਰਾਂਤੀ ਪੱਖੀ ਹਵਾ ਨੂੰ ਵੇਖਦੇ ਹੋਏ, ਰਾਜ ਸਰਕਾਰਾਂ ਵਿੱਚ ਦੇਸ਼ੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਰਾਜਾਂ ਵਿੱਚ ਕਾਰਖਾਨੇ ਲਾਉਣ ਲਈ ਪ੍ਰੇਰਿਤ ਕਰਨ ਦੀ ਹੋੜ ਲੱਗ ਗਈ ਹੈ। ਇਕੱਲੇ ਫਰਵਰੀ ਵਿੱਚ ਹੀ ਉਨ੍ਹਾਂ ਨੇ ਵਿਸ਼ਵ ਨਿਵੇਸ਼ਕ ਸੰਮੇਲਨ (ਗਲੋਬਲ ਇਨਵੈਸਟ ਸਮਿਟ) ਆਦਿ ਮੇਲਿਆਂ ਦੇ ਇਸ਼ਤਿਹਾਰਾਂ ਰਾਹੀਂ ਰਿਆਇਤੀ ਜ਼ਮੀਨ, ਸਸਤੀ ਟਿਕਾਊ ਬਿਜਲੀ, ਸਟੈਂਪ ਡਿਊਟੀ, ਜੀ.ਐਸ.ਟੀ., ਆਮਦਨ, ਆਬਕਾਰੀ ਕਰਾਂ ਵਿੱਚ ਛੋਟਾਂ ਆਦਿ ਸਹੂਲਤਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਬੰਗਾਲ ਨੇ (ਜਿੱਥੇ ਦੀਦੀ ਨੇ ਟਾਟਿਆਂ ਨੂੰ ਸੂਬੇ ਵਿੱਚੋਂ ਬਾਹਰ ਕੱਢ ਦਿੱਤਾ ਸੀ) ਹੁਣ ਅੰਬਾਨੀਆਂ ਤੋਂ ਪੰਜਾਹ ਹਜ਼ਾਰ ਕਰੋੜ ਦੇ ਨਿਵੇਸ਼ ਦਾ ਐਲਾਨ ਕਰਵਾ ਲਿਆ ਹੈ। ਮੱਧ ਪ੍ਰਦੇਸ਼ ਨੂੰ ਸਭ ਤੋਂ ਵੱਧ ਤੀਹ ਲੱਖ ਸੱਤਰ ਹਜ਼ਾਰ ਕਰੋੜ ਦਾ ਨਿਵੇਸ਼ ਮਿਲਿਆ ਹੈ। ਇਨ੍ਹਾਂ ਨਾਲ ਜ਼ਰੂਰੀ ਕਾਰਖਾਨੇ ਲੱਗਣਗੇ ਅਤੇ ਰੁਜ਼ਗਾਰ ਪੈਦਾ ਹੋਵੇਗਾ। ਅੰਬਾਨੀ, ਅਡਾਨੀ, ਵੇਦਾਂਤਾ, ਜਿੰਦਲ ਸਟੀਲ ਗਰੁੱਪਾਂ ਨੇ ਆਸਾਮ ਵਿੱਚ ਨਿਵੇਸ਼ ਦਾ ਵਾਅਦਾ ਕੀਤਾ ਹੈ। ਇਸੇ ਤਰ੍ਹਾਂ ਕੇਰਲ, ਮਹਾਰਾਸ਼ਟਰ, ਓਡੀਸ਼ਾ, ਕਰਨਾਟਕ ਆਦਿ ਨੂੰ ਵੀ ਨਿਵੇਸ਼ ਦੇ ਗੱਫੇ ਮਿਲੇ ਹਨ।

ਪ੍ਰੰਤੂ ਸਨਅਤੀ ਵਿਕਾਸ ਦੇ ਇਸ ਦੌਰ ਵਿੱਚ ਚਿੱਟੇ ਦੀ ਮਾਰ ਅਤੇ ਕਰਜ਼ਿਆਂ (ਲਗਭਗ ਚਾਰ ਲੱਖ ਕਰੋੜ) ਦੇ ਭਾਰ ਥੱਲੇ ਦੱਬਿਆ ਸਾਡਾ ਪੰਜਾਬ ਕਿੱਥੇ ਖੜ੍ਹਾ ਹੈ ? ਇਸ ਜਿੱਲਣ ਵਿੱਚੋਂ ਨਿਕਲਣ ਲਈ ਇਕੱਲੀ ਖੇਤੀਬਾੜੀ ਹੀ ਕਾਫੀ ਨਹੀਂ। ਸਨਅਤਾਂ ਦੀ ਬਹੁਤ ਜ਼ਰੂਰਤ ਹੈ। ਜਿਸ ਵਿੱਚ ਕੁਝ ਮੁਸ਼ਕਿਲਾਂ ਹਨ। ਪਹਿਲੀ ਭੂਗੋਲਿਕ ਸਥਿਤੀ ਅਨੁਸਾਰ ਖਣਿਜ ਭੰਡਾਰਾਂ ਦੀ ਅਣਹੋਂਦ ਅਤੇ ਦੁਸ਼ਮਣ ਦੇਸ਼ ਦੀ ਹੱਦ ਨਾਲ ਲੱਗਣਾ, ਸਾਨੂੰ ਕੁਝ ਕੁਦਰਤੀ ਫਾਇਦਿਆਂ ਤੋਂ ਵਾਂਝਾ ਕਰਦਾ ਹੈ। ਦੂਸਰੀ ਵੱਡੀ ਰੁਕਾਵਟ ਕੁਝ ਸ਼ਕਤੀਆਂ ਅਤੇ ਮੀਡੀਆ ਰਾਹੀਂ ਕਾਰਪੋਰੇਟ ਘਰਾਣਿਆਂ ਵੱਲ ਨਫ਼ਰਤ ਦਾ ਵਾਤਾਵਰਣ ਸਿਰਜਣ ਦਾ ਬਿਰਤਾਂਤ ਰਚੇ ਜਾਣਾ ਹੈ। ਇਥੋਂ ਤੱਕ ਕਿ ਸੂਬੇ ਵਿੱਚ ਸ਼ਾਹਮੁਖੀ ਸੜਕਾਂ, ਰੇਲਵੇ ਟਰੈਕ ਵਿਛਾਉਣ ਦੇ ਬੁਨਿਆਦੀ ਢਾਂਚੇ ਨੂੰ ਵੀ ਕਾਰਪੋਰੇਟ ਦੇ ਹਿਤਾਂ ਨਾਲ ਜੋੜ ਦਿੱਤਾ ਜਾਂਦਾ ਹੈ।

ਪ੍ਰੰਤੂ ਸਭ ਤੋਂ ਵੱਧ ਨੁਕਸਾਨ ਇਸ ਸੂਬੇ ਵਿੱਚ ਕਾਨੂੰਨ ਵਿਵਸਥਾ ਦਾ ਢਿੱਲਾ ਪੈਣਾ ਹੈ। ਦਿਨ ਦਿਹਾੜੇ ਲੁੱਟਾਂ, ਡਾਕੇ, ਕਤਲ, ਗੋਲੀਆਂ ਚੱਲਣਾ, ਗ੍ਰਨੇਡਾਂ ਦੇ ਹਮਲੇ, ਗੈਂਗਸਟਰਾਂ ਵੱਲੋਂ ਤਕੜੇ ਆਦਮੀਆਂ ਨੂੰ ਫਿਰੌਤੀਆਂ ਦੀਆਂ ਧਮਕੀਆਂ ਦੀਆਂ ਖ਼ਬਰਾਂ ਦੀ ਭਰਮਾਰ ਹੈ। ਪੁਲਿਸ ਕਰਮੀ ਅਤੇ ਥਾਣੇ ਵੀ ਸੁਰੱਖਿਅਤ ਨਹੀਂ। ਕਾਨੂੰਨ, ਕਚਹਿਰੀਆਂ, ਟ੍ਰਿਬਿਊਨਲਾਂ, ਸਰਕਾਰੀ ਆਦੇਸ਼ਾਂ ਦੀ ਤਾਮੀਲ ਨਹੀਂ ਹੋ ਰਹੀ। ਤਾਮੀਲੀ ਅਮਲੇ ਦੀ ਘੇਰਾਬੰਦੀ ਕਰਕੇ ਵਾਪਸ ਭੇਜਿਆ ਜਾਂਦਾ ਹੈ। ਅਜਿਹੇ ਵਿੱਚ ਜਾਨ-ਮਾਲ ਦੀ ਸੁਰੱਖਿਆ ਦੀ ਘਾਟ ਵਿੱਚ ਨਵੇਂ ਕਾਰਖਾਨੇ ਤਾਂ ਕੀ ਪਹਿਲੇ ਵੀ ਦੂਜੇ ਰਾਜਾਂ ਵੱਲ ਕੂਚ ਕਰ ਰਹੇ ਹਨ। ਅਸਲ ਵਿੱਚ ਪੰਜਾਬ ਧਰਨੇ, ਪ੍ਰਦਰਸ਼ਨ, ਮੁਜ਼ਾਹਰੇ, ਰੇਲ ਰੋਕੋ, ਚੱਕਾ ਜਾਮ ਆਦਿ ਸਰਗਰਮੀਆਂ ਦਾ ਗੜ੍ਹ ਬਣ ਗਿਆ ਹੈ। ਆਮ ਲੋਕਾਂ ਦੀਆਂ ਤਕਲੀਫ਼ਾਂ, ਰਾਜ ਦੇ ਵਿੱਤੀ ਨੁਕਸਾਨ ਅਤੇ ਕਾਰਖਾਨੇਦਾਰਾਂ ਦੇ ਮਾਲ ਬਾਹਰ ਭੇਜਣ ਤੇ ਕੱਚਾ ਮਾਲ ਲਿਆਉਣ ਦੇ ਦੁੱਖ ਦੀ ਕਿਸੇ ਨੂੰ ਚਿੰਤਾ ਨਹੀਂ। ਪਿੱਛੇ ਜਿਹੇ ਸਰਕਾਰ ਨੇ ਸੜਕੀ ਰੁਕਾਵਟਾਂ ਦੂਰ ਕਰਕੇ ਸੂਬੇ ਨੂੰ ਫਿਰ ਦੇਸ਼ ਨਾਲ ਜੋੜ ਦਿੱਤਾ ਹੈ। ਵਪਾਰੀ ਵਰਗਾਂ ਅਤੇ ਆਮ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ।

ਕਈ ਵਾਰ ਤਾਂ ਕੁਝ ਦੋਗਲਾਪਣ ਵੀ ਸਾਹਮਣੇ ਆਉਂਦਾ ਹੈ। ਇੱਕ ਪਾਸੇ ਸਿੰਜਾਈ ਅਤੇ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਦੀ ਮੰਗ ਲਈ ਧਰਨੇ ਲਾਏ ਜਾ ਰਹੇ ਹਨ। ਦੂਜੇ ਪਾਸੇ ਸਰਕਾਰ ਵੱਲੋਂ ਬਹੁਮੁੱਲੀ ਤਜਵੀਜ਼ਤ 'ਦਸਮੇਸ਼' ਅਤੇ 'ਮਾਲਵਾ' ਨਹਿਰਾਂ ਦੀ ਖੁਦਾਈ ਵਿਰੁੱਧ ਧਰਨੇ ਲਗਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇੱਕ ਭੂਗੋਲਿਕ ਸਰਵੇਖਣ ਰਾਹੀਂ ਰਾਜਸਥਾਨ ਨਾਲ ਲੱਗਦੇ ਸਾਡੇ ਕੁਝ ਇਲਾਕਿਆਂ ਵਿੱਚ ਪੋਟਾਸ਼ੀਅਮ ਦੇ ਭੰਡਾਰਾਂ ਦਾ ਪਤਾ ਲੱਗਾ ਹੈ, ਪ੍ਰੰਤੂ ਇਸ ਕੀਮਤੀ ਖਣਿਜ ਨੂੰ ਕੱਢਣ ਤੋਂ ਪਹਿਲਾਂ ਹੀ ਮੁਜ਼ਾਹਰਿਆਂ ਦੇ ਅਲਟੀਮੇਟਮ ਮਿਲ ਰਹੇ ਹਨ। ਅਜਿਹੇ ਵਿੱਚ ਸਰਕਾਰ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਅਤੇ ਹੋਰ ਹਿਤਧਾਰਕਾਂ ਨੂੰ ਮਿਲ ਕੇ ਰਚਨਾਤਮਿਕ ਫ਼ੈਸਲੇ ਲੈਣ ਦੀ ਜ਼ਰੂਰਤ ਹੈ। ਸੂਬੇ ਵਿੱਚ ਲੋੜੀਂਦੇ ਸਨਅਤੀ ਕਾਰਖਾਨਿਆਂ ਦੀ ਲੋੜ ਹੈ, ਜਿਸ ਨਾਲ ਰੁਜ਼ਗਾਰ ਵਧੇਗਾ ਅਤੇ ਯੁਵਾ ਵਰਗ ਗ਼ਲਤ ਢੰਗਾਂ ਨਾਲ ਵਿਦੇਸ਼ਾਂ ਵੱਲ ਨਹੀਂ ਦੌੜੇਗਾ।

**

## ਵਿਆਹ 'ਚ ਰੋਟੀ ਬੰਨ੍ਹਣ ਦੀ

ਝਾਕਦੇ ਕਸੂਤ ਕਿਸੇ ਊਤਨੀ ਦੇ ਊਤ
ਅੰਨ ਭੱਛਣੇ ਕੋ ਭੂਤ ਨਰ ਦੇਹੀ ਪਿੰਡ ਧਾਰ ਕੇ
ਪੰਡਤ ਅਮੀਰ ਮੈਨੂੰ ਕੋਈ ਨਾ ਮਾਲੂਮ ਹੋਵੇ
ਪਸ਼ੂ ਤੇ ਪਰੇਤ ਸਾਡੇ ਪਿੰਡ ਕਾਹਨੂੰ ਆਏ ਵੇ
ਜਾਨੀ ਆਏ ਮੂਰੇ ਵੇ ਹੰਢਾਂਵਦੇ ਨੇ ਭੂਰੇ
ਫੇਰ ਢਿੱਡ ਚਟਕੂਰੇ ਜਿਵੇਂ ਪੱਥੀਆਂ ਕੁਨਾਲੀਆਂ

ਬਰਾਤ ਵਿੱਚ ਮੌਜੂਦ ਸ਼ਾਇਰਾਨਾ ਸੁਭਾਅ ਵਾਲੇ ਬੰਦੇ ਦੀ ਇਸ ਵੇਲੇ ਪਰਖ ਹੁੰਦੀ ਸੀ। ਉਸ ਨੇ ਮੌਕੇ 'ਤੇ ਹੀ ਤੁਕਾਂ ਜੋੜ ਕੇ ਜਵਾਬ ਦੇਣਾ ਹੁੰਦਾ ਸੀ। ਬੰਨ੍ਹੀ ਜੰਞ ਛੁਡਾਉਣੀ ਹੁੰਦੀ ਸੀ। ਔਰਤਾਂ ਨੇ ਜਿੱਡੇ ਵਿਅੰਗ ਭਰੇ ਬੋਲਾਂ ਨਾਲ ਬਰਾਤ ਨੂੰ ਬੰਨ੍ਹਿਆ ਹੁੰਦਾ ਸੀ, ਉਸ ਤੋਂ ਵਧੇਰੇ ਵਿਅੰਗ ਭਰੇ ਬੋਲਾਂ ਨਾਲ ਬਰਾਤੀ ਸ਼ਾਇਰ ਬਾਰਤ ਨੂੰ ਛੁਡਾਉਂਦਾ ਸੀ। ਬਰਾਤ ਵਿੱਚ ਸਭ ਤੋਂ ਅਹਿਮ ਲਾੜਾ ਹੁੰਦਾ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਸ਼ਾਇਰ ਲਾੜੇ ਨੂੰ ਛੁਡਾਉਂਦਾ ਸੀ। ਉਸ ਤੋਂ ਬਾਅਦ ਬਰਾਤੀਆਂ ਦੀ ਵਾਰੀ ਆਉਂਦੀ;

ਲਾੜਾ ਛੁੱਟਿਆ ਨਿਰਾਲਾ ਨਾਲੇ ਬਾਲਾ ਸਰਬਾਲਾ
ਉੱਚਾ ਸਿੰਘ ਦਾ ਦੁਮਾਲਾ ਮੱਲ ਪੂਰੀ ਬਾਤ ਦੇ
ਰੱਥ ਗੱਡੀਆਂ ਸ਼ਿੰਗਾਰ ਲਾਰੀ ਸਾਈਕਲਾਂ ਤੇ ਕਾਰਾਂ
ਛੁੱਟੇ ਸਣੇ ਅਸਵਾਰਾਂ ਉੱਠ ਘੋੜੇ ਘੋੜੀਆਂ

ਪੱਤਲ ਛੁਡਾਉਣ ਵਾਲਾ ਬਰਾਤੀ ਸ਼ਾਇਰ ਪੱਤਲ ਬੰਨ੍ਹਣ ਵਾਲੀਆਂ ਔਰਤਾਂ 'ਤੇ ਮੋੜਵਾਂ ਵਾਰ ਕਰਦਾ ਅਤੇ ਉਨ੍ਹਾਂ ਨੂੰ ਬੰਨ੍ਹ ਦਿੰਦਾ। ਉਨ੍ਹਾਂ ਨੂੰ ਆਪਣੀ ਵਿਅੰਗ ਭਰੀ ਸ਼ਾਇਰੀ ਨਾਲ ਸ਼ਰਮਿੰਦੀਆਂ ਕਰ ਦਿੰਦਾ। ਉਹ ਪਿੜ ਛੱਡ ਕੇ ਭੱਜਣ ਲਈ ਮਜਬੂਰ ਹੋ ਜਾਂਦੀਆਂ। ਉਹ ਬਰਾਤ ਬੰਨ੍ਹਣ ਵਾਲੀਆਂ ਦੇ ਪਹਿਨੇ ਹੋਏ ਸੂਟਾਂ ਅਤੇ ਪਾਏ ਹੋਏ ਗਹਿਣਿਆਂ ਨੂੰ ਬੰਨ੍ਹ ਦਿੰਦਾ;

ਬੰਨ੍ਹੇ ਰੇਸ਼ਮ ਦੇ ਸੂਟ ਪੈਰੀਂ ਪਾਏ ਫੁੱਲ ਬੂਟ
ਨਾਲੇ ਵਿਆਹੀ ਜਿਹੜੀ ਕੂਟ ਰੋਕ ਦੇਊਂ ਰਸਤਾ
ਬੰਨ੍ਹੇ ਲੌਕੇਟ ਜ਼ੰਜੀਰ ਹਾਰ ਢੌਂਦੇ ਨੀਂ ਅਮੀਰ
ਥੋੜੇ ਨਾਜ਼ੁਕ ਸਰੀਰ ਅੱਖਾਂ ਰੰਗ ਰੱਤੀਆਂ
ਬੰਨ੍ਹਾ ਚੰਦ ਚੌਂਕ ਤੀਲੀ ਲੌਂਗ ਕੋਕੋ ਨੱਕ
ਥੋੜਾ ਝੂਟੇ ਖਾਂਦਾ ਲੱਕ ਜਦੋਂ ਪਾਵੋਂ ਲਹਿੰਗੇ ਨੀਂ

ਕਈ ਵਾਰ ਜਦੋਂ ਬਰਾਤੀ ਜੰਞ ਨਾ ਛੁਡਾ ਸਕਦੇ, ਉਹ ਹਾਰ ਹੀ ਮੰਨ ਜਾਂਦੇ ਤਾਂ ਬਰਾਤ ਬੰਨ੍ਹਣ ਵਾਲੀਆਂ ਔਰਤਾਂ ਲਈ ਇਹ ਖ਼ੁਸ਼ੀ ਦਾ ਸਬੱਬ ਬਣਦਾ। ਉਹ ਬਰਾਤ ਨੂੰ ਰੱਜ ਕੇ ਠਿੱਠ ਕਰਦੀਆਂ। ਤਾਹਨੇ ਕਸਦੀਆਂ। ਉਨ੍ਹਾਂ ਨੂੰ ਢੀਠ, ਬੇਸ਼ਰਮ ਤੇ ਹੋਰ ਪਤਾ ਨਹੀਂ ਕੀ-ਕੀ ਕਹਿ ਕੇ ਭੰਡਦੀਆਂ। ਬੰਨ੍ਹੀ ਹੋਈ ਰੋਟੀ ਨੂੰ ਬਿਨਾਂ ਛੁਡਾਏ ਖਾ ਜਾਣ ਕਾਰਨ ਉਨ੍ਹਾਂ ਨੂੰ ਸ਼ਰਮਸਾਰ ਕਰਦੀਆਂ। ਬੰਨ੍ਹੀ ਰੋਟੀ ਖਾ ਜਾਣ ਨੂੰ ਲਾੜੇ ਦੀ ਹੱਤਕ ਮੰਨਿਆ ਜਾਂਦਾ ਸੀ;

ਜਾਨੀ ਬੰਨ੍ਹੀ ਰੋਟੀ ਖਾ ਨੀਂ ਗਏ
ਕਿ ਲਾੜੇ ਨੂੰ ਲੀਕਾਂ ਲਾ ਨੀਂ ਗਏ

ਪੰਜਾਬੀ ਵਿਆਹ ਦੀ ਇਹ ਰਸਮ ਇੰਨੀ ਰਸੀਲੀ ਸੀ ਕਿ ਮਾਨਣ ਵਾਲੇ ਇਸ ਸਮੇਂ ਹੋਣ ਵਾਲੇ ਸ਼ਬਦ ਯੁੱਧ ਦੀ ਉਡੀਕ ਕਰਦੇ ਸਨ। ਜਿੱਤਣ ਵਾਲੀ ਧਿਰ ਨਿੱਠ ਕੇ ਧਮੱਚੜ ਪੱਟਦੀ ਸੀ। ਹਾਰਨ ਵਾਲੀ ਧਿਰ ਨਮੋਸ਼ੀ ਝੱਲਦੀ ਸੀ। ਇਹ ਰਸਮ ਵਿਆਹ ਨੂੰ ਹੋਰ ਵੀ ਮਨਮੋਹਕ ਬਣਾਉਂਦੀ ਸੀ। ਅਜੋਕੇ ਵਿਆਹਾਂ ਵਿੱਚ ਇਹ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਹੈ। ਪਦਾਰਥਕ ਦੁਨੀਆ ਦੇ ਦਿਖਾਵਾ ਸੱਭਿਆਚਾਰ ਨੇ ਖ਼ੁਸ਼ੀ ਦੇ ਮੌਕਿਆਂ ਨੂੰ ਢਾਹ ਲਾਈ ਹੈ। ਲੋਕਾਂ ਦੇ ਚੇਤਿਆਂ 'ਚੋਂ ਅਜਿਹੀਆਂ ਅਨੇਕਾਂ ਰਸਮਾਂ ਵਿੱਸਰ ਗਈਆਂ ਹਨ। ਇਨ੍ਹਾਂ ਬਾਰੇ ਪੜ੍ਹ-ਸੁਣ ਕੇ ਬੜਾ ਆਨੰਦ ਆਉਂਦਾ ਹੈ ਅਤੇ ਦੁੱਖ ਵੀ ਹੁੰਦਾ ਹੈ ਕਿ ਅਸੀਂ ਖ਼ੁਸ਼ੀ ਦੇ ਮੌਕਿਆਂ ਦੇ ਨਾਲ-ਨਾਲ ਪ੍ਰਤਿਭਾ ਨੂੰ ਵੀ ਤਿਲਾਂਜਲੀ ਦੇ ਰਹੇ ਹਾਂ।

***

## ਜਰਮਨੀ ਉੱਪਰ ਰੂਸ ਦੇ ਹਮਲੇ ਦਾ ਖ਼ਤਰਾ

ਨੂੰ ਹੀ ਮਜ਼ਬੂਤ ਕਰਨਾ ਸਹੀ ਰਹੇਗਾ। ਜਰਮਨੀ ਦੀ ਰੂਸ ਨਾਲ ਜੰਗ ਦੀ ਤਿਆਰੀ ਨੂੰ ਨਾਟ ਦੇ ਹੋਰ ਦੇਸ਼ਾਂ ਦਾ ਸਮਰਥਨ ਹੈ। ਯੂਕ੍ਰੇਨ ਵਿੱਚ ਰੂਸ ਦੀਆਂ ਕਾਰਵਾਈਆਂ ਨੇ ਪੂਰੇ ਯੂਰਪ 'ਚ ਚਿੰਤਾ ਵਧਾ ਦਿੱਤੀ ਹੈ। ਪੋਲੈਂਡ ਵਰਗੇ ਦੇਸ਼, ਜੋ ਰੂਸ ਅਤੇ ਯੂਕ੍ਰੇਨ ਦੀ ਸਰਹੱਦ 'ਤੇ ਹਨ, ਆਪਣੇ ਜੀ.ਡੀ.ਪੀ. ਦਾ 5% ਰੱਖਿਆ 'ਤੇ ਖਰਚ ਕਰ ਰਹੇ ਹਨ, ਜੋ ਨਾਟ ਦੇਸ਼ਾਂ 'ਚ ਸਭ ਤੋਂ ਵੱਧ ਹੈ। ਨਾਟ ਦੇ ਸਕੱਤਰ ਜਨਰਲ ਮਾਰਕ ਰੂਟ ਨੇ ਵੀ ਸੁਝਾਅ ਦਿੱਤਾ ਹੈ ਕਿ ਸਾਰੇ ਨਾਟ ਦੇਸ਼ਾਂ ਨੂੰ ਆਪਣਾ ਰੱਖਿਆ ਖਰਚ 5% ਤੱਕ ਵਧਾਉਣਾ ਚਾਹੀਦਾ। ਜਰਮਨੀ ਦੀਆਂ ਤਿਆਰੀਆਂ ਸੁਰੱਖਿਆ ਦੀ ਸਾਵਧਾਨੀ ਵਜੋਂ ਦੇਖੀਆਂ ਜਾ ਰਹੀਆਂ ਹਨ। ਜੇਕਰ ਰੂਸ ਨੇ ਹਮਲਾ ਕੀਤਾ, ਤਾਂ ਨਾਟ ਅਤੇ ਅਮਰੀਕਾ ਦਾ ਸਮਰਥਨ ਜਰਮਨੀ ਲਈ ਮਹੱਤਵਪੂਰਨ ਹੋਵੇਗਾ। ਪਰ, ਜੰਗ ਤੋਂ ਬਚਣ ਲਈ ਕੂਟਨੀਤਕ ਯਤਨ ਵੀ ਜਾਰੀ ਹਨ, ਜਿਨ੍ਹਾਂ 'ਤੇ ਸਾਰਿਆਂ ਦੀਆਂ ਨਜ਼ਰਾਂ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AAJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com